ਬਣਾਏ ਗਏ ਸਨ, ਅਤੇ ਸੋਸ਼ਲ ਮੀਡੀਆ 'ਤੇ ਅਸ਼ਲੀਲ ਫੋਟੋਆਂ ਫੈਲਾਉਣ ਦੀਆਂ ਧਮਕੀਆਂ ਦੇ ਕੇ ਲਗਾਤਾਰ ਬਲੈਕਮੇਲ ਕੀਤਾ ਗਿਆ ਸੀ, ਇਸ ਤੋਂ ਬਾਅਦ ਆਰੋਪੀ ਨੇ ਆਖਰਕਾਰ ਉਸ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ। ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਪੁਲਿਸ ਨਿਰਪੱਖ, ਨਿਆਂਪੂਰਨ ਅਤੇ ਸੁਤੰਤਰ ਜਾਂਚ ਨਹੀਂ ਕਰ ਰਹੀ ਸੀ। ਇਨ੍ਹਾਂ ਆਧਾਰਾਂ 'ਤੇ, ਜਾਂਚ ਨੂੰ ਸੀਬੀਆਈ ਜਾਂ ਕਿਸੇ ਹੋਰ ਸੁਤੰਤਰ ਏਜੰਸੀ ਨੂੰ ਤਬਦੀਲ ਕਰਨ ਦੀ ਬੇਨਤੀ ਕੀਤੀ ਗਈ ਸੀ। ਰਾਜ ਸਰਕਾਰ ਨੇ ਹਾਈ ਕੋਰਟ ਨੂੰ ਸੂਚਿਤ ਕੀਤਾ ਕਿ ਜਾਂਚ ਚੱਲ ਰਹੀ ਹੈ ਅਤੇ ਕਾਨੂੰਨ ਅਨੁਸਾਰ ਕੀਤੀ ਜਾ ਰਹੀ ਹੈ। ਜਾਂਚ ਦੌਰਾਨ ਉਪਲਬਧ ਸਮੱਗਰੀ ਦੇ ਆਧਾਰ 'ਤੇ, ਸੰਬੰਧਤ ਮੈਜਿਸਟ?ਰੇਟ ਨੇ ਦੋਸ਼ੀ ਨੂੰ ਰਿਹਾਅ ਕਰ ਦਿੱਤਾ ਹੈ। ਰਾਜ ਨੇ ਅੱਗੇ ਕਿਹਾ ਕਿ ਹੁਣ ਤੱਕ ਦੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਦੋਵੇਂ ਧਿਰਾਂ ਅਣਵਿਆਹੀਆਂ ਸਨ ਅਤੇ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹਿ ਰਹੀਆਂ ਸਨ, ਅਤੇ ਵਿਵਾਦ ਮੁੱਖ ਤੌਰ 'ਤੇ ਵਿਆਹ ਦੇ ਵਾਅਦੇ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਕਾਰਨ ਪੈਦਾ ਹੋਇਆ ਹੈ। ਸਰਕਾਰ ਨੇ ਸਪੱਸ਼ਟ ਕੀਤਾ ਕਿ ਜਾਂਚ ਅਜੇ ਪੂਰੀ ਨਹੀਂ ਹੋਈ ਹੈ, ਕੋਈ ਅੰਤਿਮ ਰਾਏ ਨਹੀਂ ਬਣਾਈ ਗਈ ਹੈ, ਅਤੇ ਕੋਈ ਰੱਦ ਕਰਨ ਦੀ ਰਿਪੋਰਟ ਤਿਆਰ ਜਾਂ ਦਾਇਰ ਨਹੀਂ ਕੀਤੀ ਗਈ ਹੈ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਜਸਟਿਸ ਮਨਦੀਪ ਪੰਨੂ ਨੇ ਕਿਹਾ ਕਿ ਪਟੀਸ਼ਨ ਵਿੱਚ ਲਗਾਏ ਗਏ ਦੋਸ਼ ਬਿਨਾਂ ਸ਼ੱਕ ਗੰਭੀਰ ਕਿਸਮ ਦੇ ਹਨ। ਅਦਾਲਤ ਨੇ ਸਪੱਸ਼ਟ ਕੀਤਾ ਕਿ ਇਸ ਪੜਾਅ 'ਤੇ ਦੋਸ਼ਾਂ ਦੀ ਸੱਚਾਈ ਜਾਂ ਕਿਸੇ ਵੀ ਧਿਰ ਦੁਆਰਾ ਕੀਤੇ ਗਏ ਦਾਅਵਿਆਂ ਦੀ ਸ਼ੁੱਧਤਾ 'ਤੇ ਟਿੱਪਣੀ ਕਰਨਾ ਉਚਿਤ ਨਹੀਂ ਹੋਵੇਗਾ। ਅਦਾਲਤ ਨੇ ਟਿੱਪਣੀ ਕੀਤੀ, ਇਹ ਕੋਈ ਆਮ ਮਾਮਲਾ ਨਹੀਂ ਹੈ, ਕਿਉਂਕਿ ਪਟੀਸ਼ਨ ਨਾ ਸਿਰਫ਼ ਮੁਲਜ਼ਮਾਂ ਵਿਰੁੱਧ ਦੋਸ਼ ਲਗਾਉਂਦੀ ਹੈ, ਸਗੋਂ ਜਾਂਚ ਦੀ ਨਿਰਪੱਖਤਾ 'ਤੇ ਵੀ ਸਵਾਲ ਉਠਾਉਂਦੀ ਹੈ ਅਤੇ ਜਾਂਚ ਏਜੰਸੀ 'ਤੇ ਬਾਹਰੀ ਪ੍ਰਭਾਵ ਦਾ ਦੋਸ਼ ਲਗਾਉਂਦੀ ਹੈ। ਅਦਾਲਤ ਨੇ ਅੱਗੇ ਕਿਹਾ ਕਿ, ਰਾਜ ਦੇ ਅਨੁਸਾਰ, ਜਾਂਚ ਅਜੇ ਵੀ ਜਾਰੀ ਹੈ ਅਤੇ ਕੋਈ ਅੰਤਿਮ ਰਿਪੋਰਟ ਦਾਇਰ ਨਹੀਂ ਕੀਤੀ ਗਈ ਹੈ; ਇਸ ਲਈ, ਇਸ ਪੜਾਅ 'ਤੇ ਵਿਰੋਧੀ ਦਾਅਵਿਆਂ ਦੀ ਸੱਚਾਈ ਦਾ ਫੈਸਲਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

## ਘਰੇਲੂ ਕਲੇਸ਼ ਤੋਂ ਤੰਗ ਆ ਕੇ ਪਿੰਡ ਹੁਸਨਰ ਦੇ ਵਿਅਕਤੀ ਨੇ ਕੀਤੀ ਖੁਦਕੁਸ਼ੀ

**ਕੌਮੀ ਪਤ੍ਰਿਕਾ**

ਗਿੱਦੜਬਾਹਾ 10 ਅਗਸਤ। ਪਿੰਡ ਹੁਸਨਰ ਵਿਖੇ ਇੱਕ ਵਿਅਕਤੀ ਵੱਲੋਂ ਘਰੇਲੂ ਕਲੇਸ਼ ਅਤੇ ਮਾਨਸਿਕ ਪਰੇਸ਼ਾਨੀ ਦੇ ਚਲਦਿਆਂ ਖੁਦਕੁਸ਼ੀ ਕਰਨ ਦਾ ਦੁਖਦ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਗੁਰਪ੍ਰੀਤ ਸਿੰਘ ਦੀ ਮਾਤਾ ਗੁਰਮੀਤ ਕੌਰ ਨੇ ਪੁਲਿਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸਦੇ ਪੁੱਤਰ ਦਾ ਵਿਆਹ ਕਰੀਬ 15 ਸਾਲ ਪਹਿਲਾਂ ਹੋਇਆ ਸੀ। ਉਨ੍ਹਾਂ ਦੱਸਿਆ ਕਿ ਉਸ ਦੀ ਨੂੰਹ ਪਿਛਲੇ ਕਰੀਬ 7-8 ਮਹੀਨਿਆਂ ਤੋਂ ਆਪਣੇ ਬੱਚਿਆਂ ਸਮੇਤ ਆਪਣੇ ਪੇਕੇ ਘਰ ਰਹਿ ਰਹੀ ਸੀ ਅਤੇ ਉਸਦੇ ਉੱਥੇ ਕਿਸੇ ਨਾਲ ਪ੍ਰੇਮ ਸਬੰਧ ਹੋਣ ਬਾਰੇ ਵੀ ਪਤਾ ਲੱਗਾ ਸੀ। ਗੁਰਪ੍ਰੀਤ ਕੁਝ ਦਿਨ ਪਹਿਲਾਂ ਆਪਣੀ ਪਤਨੀ ਨੂੰ ਵਾਪਸ



ਲਿਆਉਣ ਲਈ ਵੀ ਗਿਆ ਸੀ, ਪਰ ਉਹ ਨਾਲ ਆਉਣ ਲਈ ਰਾਜ਼ੀ ਨਹੀਂ ਹੋਈ। ਮਾਤਾ ਗੁਰਮੀਤ ਕੌਰ ਅਨੁਸਾਰ ਇਸੇ ਵਜ?ਹਾ ਕਰਕੇ ਗੁਰਪ੍ਰੀਤ ਅਕਸਰ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿੰਦਾ ਸੀ ਅਤੇ ਇਸੇ ਪਰੇਸ਼ਾਨੀ ਕਾਰਨ ਅੱਜ ਉਸ ਨੇ ਇਹ ਖ਼ੌਫ਼ਨਾਕ ਕਦਮ ਚੁੱਕਦਿਆਂ ਖੁਦਕੁਸ਼ੀ ਕਰ ਲਈ। ਡੀਐੱਸਪੀ ਜਤਿੰਦਰ ਸਿੰਘ ਨੇ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਨੇ ਮ੍ਰਿਤਕ ਦੀ ਮਾਤਾ ਦੇ ਬਿਆਨਾਂ ਦੇ ਆਧਾਰ 'ਤੇ ਮ੍ਰਿਤਕ ਦੀ ਪਤਨੀ ਅਤੇ ਉਸ ਦੇ ਪ੍ਰੇਮੀ ਖ਼?ਲਾਫ਼ ਮਾਮਲਾ ਪਰਚਾ ਦਰਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਜਾਵੇਗਾ।

## ਘਰ ਦਾ ਸਾਮਾਨ ਲੈਣ ਜਾ ਰਹੇ ਨੌਜਵਾਨਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ

ਗੁਰਦਾਸਪੁਰ 10 ਅਗਸਤ। ਮਾਮੂਲੀ ਗੱਲ ਨੂੰ ਲੈ ਕੇ ਇਕ ਨੌਜਵਾਨ 'ਤੇ ਹਮਲਾ ਕਰਕੇ ਜਖ਼ਮੀ ਕਰਨ ਵਾਲੇ 9 ਨੌਜਵਾਨਾਂ ਦੇ ਖਿਲਾਫ ਸਿਟੀ ਪੁਲਸ ਗੁਰਦਾਸਪੁਰ ਨੇ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਸਬ ਇੰਸਪੈਕਟਰ ਸੋਮ ਲਾਲ ਨੇ ਦੱਸਿਆ ਕਿ ਦੀਪਕ ਮਸੀਹ ਪੁੱਤਰ ਮਹਿੰਦਰ ਮਸੀਹ ਵਾਸੀ ਮਾਨਕੌਰ ਸਿੰਘ ਨੇ ਬਿਆਨ ਦਿੱਤਾ ਕਿ ਉਹ ਅਤੇ ਉਸ ਦੇ ਨਾਲ ਅਭੀ ਅਤੇ ਮਨੀ ਪੁੱਤਰਾਨ ਸੰਨੀ ਵਾਸੀ ਮਾਨਕੌਰ ਸਿੰਘ ਘਰ ਦਾ ਸਾਮਾਨ ਲੈਣ ਵਾਸਤੇ ਰਾਮ ਨਗਰ ਜਾ ਰਹੇ ਸੀ ਕਿ ਜਦ ਪਿੰਡ ਮਾਨਕੌਰ ਸਿੰਘ ਠੇਕੇ ਨਜ਼ਦੀਕ ਪਹੁੰਚੇ ਤਾਂ ਦੋਸੀ ਜਸ਼ਨ, ਅਨਮੋਲ ਪੁੱਤਰ ਕਾਲੀ, ਸਾਹਿਲ, ਰਾਜਾ ਪੁੱਤਰਾਨ ਮੰਗਾ ਮਸੀਹ, ਅੰਸ ਪੁੱਤਰ ਕਾਲਾ, ਜੋਤੀ ਪਤਨੀ ਕਾਲੀ ਵਾਸੀਆਨ ਮਾਨਕੋਰ ਸਿੰਘ ਅਤੇ ਸ਼ਾਮੂ ਵਾਸੀ ਰਾਮਨਗਰ ਅਤੇ ਦੋ ਅਣਪਛਾਤੇ ਨੌਜਵਾਨਾਂ ਨੇ ਦਸਤੀ ਹਥਿਆਰਾਂ ਨਾਲ ਅਭੀ ਅਤੇ ਮਨੀ ਨੂੰ ਮਾਰ ਦੇਣ ਦੀ ਨੀਯਤ ਨਾਲ ਸੱਟਾਂ ਮਾਰ ਕੇ ਜ਼ਖਮੀ ਕਰ ਦਿੱਤਾ।

## ਦਾਜ ਦੀ ਮੰਗ ਨੂੰ ਲੈ ਕੇ ਨਵ-ਵਿਆਹੁਤਾ ਨੂੰ ਘਰੋਂ ਕੱਢਿਆ, ਪਤੀ ਤੇ ਸੱਸ ਖ਼ਿਲਾਫ਼ ਪਰਚਾ ਦਰਜ

ਫਿਰੋਜ਼ਪੁਰ 10 ਅਗਸਤ। ਨਵ-ਵਿਆਹੁਤਾ ਨੂੰ ਦਾਜ ਦੀ ਮੰਗ ਨੂੰ ਲੈ ਕੇ ਕੁੱਟਮਾਰ ਕਰਨ ਅਤੇ ਘਰੋਂ ਕੱਢਣ ਦੇ ਦੋਸ਼ੀ ਮਾਂ-ਪੁੱਤ ਦੇ ਖ਼?ਲਾਫ਼ ਪੁਲਸ ਨੇ ਪਰਚਾ ਦਰਜ ਕੀਤਾ ਹੈ। ਥਾਣਾ ਵੂਮੈਨ ਸੈੱਲ ਦੇ ਏ. ਐੱਸ. ਆਈ. ਦਰਸ਼ਨ ਸਿੰਘ ਦੇ ਅਨੁਸਾਰ ਪੀੜਤਾ ਪਰਮਜੀਤ ਕੌਰ ਪਿੰਡ ਮੇਘਾ ਪੰਜਗਰਾਈਂ ਨੇ ਸ਼ਿਕਾਇਤ ਦੇ ਦੱਸਿਆ ਸੀ ਕਿ ਉਸਦਾ ਵਿਆਹ 2022 ਵਿਚ ਸੱਤਪਾਲ ਸਿੰਘ ਪਿੰਡ ਮੋਹਣ ਕੇ ਉਤਾੜ ਦੇ ਨਾਲ ਹੋਇਆ ਸੀ। ਵਿਆਹ ਦੌਰਾਨ ਉਸਦੇ ਮਾਪਿਆਂ ਨੇ ਆਪਣੀ ਹੈਸੀਅਤ ਅਨੁਸਾਰ ਦਾਜ ਦਿੱਤਾ ਸੀ। ਉਸ ਨੇ ਦੋਸ਼ ਲਗਾਏ ਕਿ ਵਿਆਹ ਤੋਂ ਬਾਅਦ ਤੋਂ ਹੀ ਉਸਦਾ ਪਤੀ ਸੱਤਪਾਲ ਸਿੰਘ ਅਤੇ ਸੱਸ ਗੁਰਮੀਤ ਕੌਰ ਵੱਲੋਂ ਉਸ ਨੂੰ ਦਾਜ ਦੇ ਲਈ ਤੰਗ ਕੀਤਾ ਜਾਣ ਲੱਗਾ ਅਤੇ ਕੁੱਟਮਾਰ ਹੋਣ ਲੱਗੀ। ਉਸ ਨੇ ਦੋਸ਼ ਲਗਾਏ ਕਿ ਦਸੰਬਰ 2025 ਵਿਚ ਦੋਹਾਂ ਮਾਂ-ਪੁੱਤ ਨੇ ਇਸੇ ਮੰਗ ਕਾਰਨ ਉਸ ਨੂੰ ਕੁੱਟ ਕੇ ਘਰੋਂ ਕੱਢ ਦਿੱਤਾ, ਜਿਸ ਉਪਰੰਤ ਉਹ ਆਪਣੇ ਪੇਕੇ ਘਰ ਰਹਿ ਰਹੀ ਹੈ। ਏ. ਐੱਸ. ਆਈ. ਨੇ ਦੱਸਿਆ ਕਿ ਸ਼ਿਕਾਇਤ ਦੀ ਜਾਂਚ ਵਿਚ ਦੋਸ਼ ਸਹੀ ਪਾਏ ਜਾਣ 'ਤੇ ਦੋਹਾਂ ਦੇ ਖ਼?ਲਾਫ਼ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

## ਕੋਟਕਪੂਰਾ-ਬਠਿੰਡਾ-ਮਲੋਟ ਬਾਈਪਾਸ ਦੇ ਜਾਨਲੇਵਾ ਟੋਇਆਂ ਤੋਂ ਲੋਕ ਦੁਖੀ, ਟੈਂਡਰ ਹੋਣ 'ਤੇ ਵੀ ਨਹੀਂ ਸ਼ੁਰੂ ਹੋਇਆ ਕੰਮ

**ਕੌਮੀ ਪਤ੍ਰਿਕਾ**

ਸ੍ਰੀ ਮੁਕਤਸਰ ਸਾਹਿਬ 10 ਅਗਸਤ। ਸ੍ਰੀ ਮੁਕਤਸਰ ਸਾਹਿਬ ਸ਼ਹਿਰ ਦਾ ਸਭ ਤੋਂ ਅਹਿਮ ਕੋਟਕਪੂਰਾ-ਬਠਿੰਡਾ-ਮਲੋਟ ਬਾਈਪਾਸ ਪ੍ਰਸ਼ਾਸਨਿਕ ਅਣਗਹਿਲੀ ਅਤੇ ਵਿਭਾਗੀ ਤਾਲਮੇਲ ਦੀ ਘਾਟ ਕਾਰਨ ਬਦਹਾਲੀ ਦੇ ਹੰਝੂ ਵਹਾ ਰਿਹਾ ਹੈ। ਸੀਵਰੇਜ ਵਿਭਾਗ ਵੱਲੋਂ ਸੀਵਰੇਜ ਲਾਈਨ ਨਾ ਪਾਏ ਜਾਣ ਕਾਰਨ ਇਸ ਬਾਈਪਾਸ ਦਾ ਨਵ-ਨਿਰਮਾਣ ਪਿਛਲੇ ਇੱਕ ਸਾਲ ਤੋਂ ਅਧਵਾਟੇ ਲਟਕਿਆ ਹੋਇਆ ਹੈ, ਜਿਸ ਕਾਰਨ ਹਰ ਰੋਜ਼ ਲੰਘਣ ਵਾਲੇ ਹਜ਼ਾਰਾਂ ਵਾਹਨ ਚਾਲਕਾਂ ਦੀ ਜ਼ਿੰਦਗੀ ਖ਼ਤਰੇ ਵਿੱਚ ਪੈ ਰਹੀ ਹੈ। ਬਾਈਪਾਸ ਉੱਪਰ ਬਣੇ ਕਈ ਵਪਾਰਕ ਅਦਾਰਿਆਂ ਵੱਲੋਂ ਆਪਣੇ ਗੰਦੇ ਪਾਣੀ ਦਾ ਨਿਕਾਸ ਸਿੱਧਾ ਸੜਕ ਉੱਤੇ ਕੀਤਾ ਜਾ ਰਿਹਾ ਹੈ। ਪਲਾਨਿੰਗ ਅਤੇ ਸੀਵਰੇਜ ਦੀ ਨਿਕਾਸੀ ਨਾ ਹੋਣ ਕਾਰਨ ਗੰਦਾ ਪਾਣੀ ਲਗਾਤਾਰ ਸੜਕ 'ਤੇ ਫੈਲ ਰਿਹਾ ਹੈ, ਜਿਸ ਨਾਲ ਲੁੱਕ-ਬਜਰੀ ਦੀ ਬਣੀ ਸੜਕ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਪਲਾਜ਼ਾ ਅਤੇ 'ਮੀਨਾਰ-ਏ-ਮੁਕਤਾ' ਦੇ ਨੇੜੇ ਸੜਕ 'ਤੇ ਪਏ ਡੂੰਘੇ ਖੱਡੇ ਹਰ ਵੇਲੇ ਮੌਤ ਨੂੰ ਸੱਦਾ ਦਿੰਦੇ ਹਨ। ਇਸ ਖਸਤਾਹਾਲ ਸੜਕ ਕਾਰਨ ਹੁਣ ਤੱਕ ਇੱਕ ਮੋਟਰਸਾਈਕਲ ਚਾਲਕ ਅਤੇ ਸਕੂਟਰੀ ਸਵਾਰ ਦੋ ਮੁਟਿਆਰਾਂ ਆਪਣੀ ਜਾਨ ਗੁਆ ਚੁੱਕੀਆਂ ਹਨ, ਜਦਕਿ ਕਈ ਵਾਹਨ ਬੁਰੇ ਤਰੀਕੇ ਨਾਲ ਨੁਕਸਾਨੇ ਗਏ ਹਨ। ਸਥਾਨਕ ਸਮਾਜ ਸੇਵੀ ਸੰਸਥਾਵਾਂ ਆਪਣੇ ਪੱਧਰ 'ਤੇ ਇਨ੍ਹਾਂ ਖੱਡਿਆਂ ਨੂੰ ਭਰਨ ਦਾ ਯਤਨ ਕਰਦੀਆਂ ਹਨ, ਪਰ ਗੰਦੇ ਪਾਣੀ ਦੀ ਲਗਾਤਾਰ ਮਾਰ ਕਾਰਨ ਕੁਝ ਹੀ ਦਿਨਾਂ ਵਿੱਚ ਸਥਿਤੀ ਮੁੜ ਜਿਉਂ ਦੀ ਤਿਉਂ ਹੋ ਜਾਂਦੀ ਹੈ। ਦੁੱਖ ਦੀ ਗੱਲ ਇਹ ਹੈ ਕਿ ਇਸੇ ਮਾਰਗ ਤੋਂ ਜ਼ਿਲ੍ਹੇ ਦੇ ਉੱਚ ਪ੍ਰਸ਼ਾਸਨਿਕ ਅਧਿਕਾਰੀ ਅਤੇ ਮੰਤਰੀ-ਸੰਤਰੀ ਲਗਾਤਾਰ ਲੰਘਦੇ ਹਨ, ਪਰ ਕਿਸੇ ਨੇ ਵੀ ਇਸ ਗੰਭੀਰ ਸਮੱਸਿਆ ਦਾ ਪੱਕਾ ਹੱਲ ਕਰਨ ਦੀ ਜ਼ਹਿਮਤ ਨਹੀਂ ਉਠਾਈ। ਸ਼ਹਿਰ ਵਾਸੀਆਂ ਅਤੇ ਵਾਹਨ ਚਾਲਕਾਂ ਨੇ ਮੰਗ ਕੀਤੀ ਹੈ ਕਿ ਵਿਭਾਗ ਆਪਸੀ ਤਾਲਮੇਲ ਬਣਾ ਕੇ ਤੁਰੰਤ ਸੀਵਰੇਜ ਦਾ ਕੰਮ ਮੁਕੰਮਲ ਕਰੇ ਅਤੇ ਮੰਡੀ ਬੋਰਡ ਵੱਲੋਂ ਵਧੇ ਹੋਏ ਐਸਟੀਮੇਟ ਨੂੰ ਜਲਦ ਮਨਜ਼ੂਰੀ ਦੇ ਕੇ ਬਾਈਪਾਸ ਦਾ ਪੱਕਾ ਨਿਰਮਾਣ ਕਰਵਾਇਆ ਜਾਵੇ, ਤਾਂ ਜੋ ਕੀਮਤੀ ਜਾਨਾਂ ਨੂੰ ਅਜਾਈਂ ਗੁਆਚਣ ਤੋਂ ਬਚਾਇਆ ਜਾ ਸਕੇ। 2 ਨਵੰਬਰ 2025 ਨੂੰ ਸੂਬੇ ਦੇ ਮੁੱਖ ਮੰਤਰੀ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 85 ਕਰੋੜ ਰੁਪਏ ਦੇ ਸੀਵਰੇਜ ਤੇ ਪੀਣ ਵਾਲੇ ਪਾਣੀ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣ ਮੌਕੇ ਪ੍ਰਸ਼ਾਸਨ ਨੇ ਰਾਤੋ-ਰਾਤ ਖੱਡਿਆਂ ਵਿੱਚ ਰੇਤਾ-ਮਿੱਟੀ ਪਾ ਕੇ ਬੁੱਤਾ ਸਾਰਿਆ। ਇਸੇ ਤਰ੍ਹਾਂ ਜਨਵਰੀ 2026 ਵਿੱਚ ਇਤਿਹਾਸਕ ਮੇਲਾ ਮਾਘੀ ਮੌਕੇ ਵੀ ਸੜਕ 'ਤੇ ਇੱਟਾਂ-ਵੱਟੇ ਲਗਾ ਕੇ ਕੇਵਲ ਲਿੱਪਾ-ਪੋਚੀ ਹੀ ਕੀਤੀ ਗਈ, ਪਰ ਪੱਕਾ ਨਿਰਮਾਣ ਹਾਲੇ ਵੀ ਅਧੂਰਾ ਹੈ। ਪੰਜਾਬ ਮੰਡੀ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਵੀਨਸ ਗਰਗ ਨੇ ਦੱਸਿਆ ਕਿ ਬਾਈਪਾਸ ਦੇ ਨਵੀਨੀਕਰਨ ਲਈ ਮੰਡੀ ਬੋਰਡ ਵੱਲੋਂ ਇੱਕ ਸਾਲ ਪਹਿਲਾਂ 92 ਲੱਖ ਰੁਪਏ ਦਾ ਬਜਟ ਪਾਸ ਕੀਤਾ



ਗਿਆ ਸੀ। ਨਿਯਮਾਂ ਅਨੁਸਾਰ ਸੜਕ ਬਣਾਉਣ ਤੋਂ ਪਹਿਲਾਂ ਸੀਵਰੇਜ ਦੀ ਸਮੱਸਿਆ ਹੱਲ ਹੋਣੀ ਜ਼ਰੂਰੀ ਸੀ, ਪਰ ਇੱਕ ਸਾਲ ਬੀਤਣ 'ਤੇ ਵੀ ਸੀਵਰੇਜ ਦਾ ਪਾਣੀ ਸੜਕ 'ਤੇ ਹੀ ਵਹਿ ਰਿਹਾ ਹੈ। ਇੰਨਾ ਸਮਾਂ ਬੀਤਣ ਕਾਰਨ ਮਹਿੰਗਾਈ ਵਧ ਚੁੱਕੀ ਹੈ, ਜਿਸ ਨਾਲ ਪੁਰਾਣੇ ਐਸਟੀਮੇਟ ਅਤੇ ਟੈਂਡਰ 'ਤੇ ਕੰਮ ਕਰਨਾ ਹੁਣ ਸੰਭਵ ਨਹੀਂ ਰਿਹਾ। ਇਸ ਲਈ ਨਵ-ਨਿਰਮਾਣ ਦਾ ਕੰਮ ਲਟਕ ਗਿਆ ਹੈ। ਸੀਵਰੇਜ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਕੇਵਲ ਗਰਗ ਨੇ ਦੱਸਿਆ ਕਿ ਬਾਈਪਾਸ ਦਾ ਕੁਝ ਹਿੱਸਾ ਨੈਸ਼ਨਲ ਹਾਈਵੇਅ, ਜੰਗਲਾਤ ਅਤੇ ਨਹਿਰ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਸਾਰੀਆਂ ਧਿਰਾਂ ਅਤੇ ਵਿਭਾਗਾਂ ਤੋਂ ਪ੍ਰਵਾਨਗੀਆਂ ਸੀਵਰੇਜ ਲੈਣ ਵਿੱਚ ਸਮਾਂ ਲੱਗ ਗਿਆ ਹੈ। ਹੁਣ ਸਾਰੀਆਂ ਮਨਜ਼ੂਰੀਆਂ ਮਿਲ ਚੁੱਕੀਆਂ ਹਨ ਅਤੇ ਅਗਸਤ ਮਹੀਨੇ ਵਿੱਚ ਸਿਵਰੇਜ ਲਾਈਨ ਪਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

## ਫਰਨੀਚਰ ਲੈ ਕੇ ਆ ਰਹੇ ਨੌਜਵਾਨ ਦੀ ਸੜਕ ਹਾਦਸੇ 'ਚ ਹੋਈ ਮੌਤ

ਤਪਾ 10 ਅਗਸਤ। ਤਪਾ-ਢਿੱਲਵਾਂ ਮਾਰਗ 'ਤੇ ਵਾਪਰੇ ਸੜਕ ਹਾਦਸੇ 'ਚ ਇਕ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਮੋਟਰਸਾਈਕਲ ਸਵਾਰ ਗੰਭੀਰ ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਮੌੜ ਮੰਡੀ ਤੋਂ ਹੁਸ਼ਿਆਰਪੁਰ ਫਰਨੀਚਰ ਲੈ ਕੇ ਜਾ ਰਹੀ ਪਿਕਅੱਪ ਦਾ ਸਾਮਾਨ ਹਿੱਲਣ ਕਾਰਨ ਰੁਪੇਸ਼ ਕੁਮਾਰ (ਵਾਸੀ ਹੁਸ਼ਿਆਰਪੁਰ) ਹੇਠਾਂ ਉਤਰ ਕੇ ਰੱਸੇ ਨਾਲ ਸਾਮਾਨ ਬੰਨ੍ਹ ਰਿਹਾ ਸੀ। ਇਸੇ ਦੌਰਾਨ ਤਪਾ ਵੱਲੋਂ ਆ ਰਿਹਾ ਇਕ ਮੋਟਰਸਾਈਕਲ, ਜਿਸ 'ਤੇ ਅੱਲਾ ਨਾਥ ਪੁੱਤਰ ਚੌਧਰੀ ਨਾਥ, ਉਸ ਦੀ ਭੈਣ, ਜੀਜਾ ਅਤੇ ਇਕ ਬੱਚਾ ਸਵਾਰ ਸਨ, ਬੇਕਾਬੂ ਹੋ ਕੇ ਰੁਪੇਸ਼ ਕੁਮਾਰ ਨਾਲ ਜਾ ਟਕਰਾਇਆ। ਹਾਦਸੇ 'ਚ ਰੁਪੇਸ਼ ਕੁਮਾਰ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਉਸ ਦੇ ਸਾਥੀ ਰਾਜੀਵ ਕੁਮਾਰ ਸਮੇਤ ਮੋਟਰਸਾਈਕਲ ਸਵਾਰ ਜ਼ਖ਼ਮੀ ਹੋ ਗਏ। ਮਿੰਨੀ ਸਹਾਰਾ ਕਲੱਬ ਦੀ ਐਂਬੂਲੈਂਸ ਟੀਮ ਨੇ ਜ਼ਖਮੀਆਂ ਨੂੰ ਸਿਵਲ ਹਸਪਤਾਲ ਤਪਾ ਪਹੁੰਚਾਇਆ। ਡਾਕਟਰਾਂ ਨੇ ਰੁਪੇਸ਼ ਨੂੰ ਮ੍ਰਿਤਕ ਐਲਾਨ ਦਿੱਤਾ।

## ਮਲੋਟ ਦੀ ਸਟਾਰ ਸਿਟੀ ਕਾਲੋਨੀ 'ਚ ਚੱਲੀਆਂ ਗੋਲੀਆਂ, ਬੰਦ ਪਈ ਕੋਠੀ ਦੇ ਬਾਹਰ ਫਾਇਰਿੰਗ ਨਾਲ ਦਹਿਸ਼ਤ

**ਕੌਮੀ ਪਤ੍ਰਿਕਾ**

ਮਲੋਟ 10 ਅਗਸਤ। ਮਲੋਟ ਸ਼ਹਿਰ 'ਚ ਇੱਕ ਵਾਰ ਫਿਰ ਫਾਇਰਿੰਗ ਦੀ ਘਟਨਾ ਨਾਲ ਇਲਾਕੇ 'ਚ ਸਨਸਨੀ ਫੈਲ ਗਈ ਹੈ। ਬੁੱਧਵਾਰ ਸਵੇਰੇ ਸਟਾਰ ਸਿਟੀ ਕਾਲੋਨੀ 'ਚ ਸਥਿਤ ਇੱਕ ਬੰਦ ਪਈ ਕੋਠੀ ਦੇ ਬਾਹਰ ਅਣਪਛਾਤੇ ਵਿਅਕਤੀਆਂ ਵੱਲੋਂ ਤਾਬੜਤੋੜ ਗੋਲੀਆਂ ਚਲਾਈਆਂ ਗਈਆਂ। ਮੌਕੇ ਤੋਂ ਚਾਰ ਫਾਇਰ ਕੀਤੇ ਜਾਣ ਦੀ ਗੱਲ ਸਾਹਮਣੇ ਆ ਰਹੀ ਹੈ। ਜਾਣਕਾਰੀ ਮੁਤਾਬਕ ਕੋਠੀ ਦੇ ਮਾਲਕ ਪ੍ਰਵੀਨ ਜਿੰਦਲ ਆਪਣੇ ਪਰਿਵਾਰ ਸਮੇਤ ਦਿੱਲੀ 'ਚ ਰਹਿੰਦੇ ਹਨ। ਫਿਲਹਾਲ ਮਕਾਨ ਬੰਦ ਸੀ ਅਤੇ ਉਸ ਦੀ ਦੇਖਭਾਲ ਕੋਠੀ ਦਾ ਗਾਰਡ ਕਰ ਰਿਹਾ ਸੀ। ਗਾਰਡ ਦੇ ਅਨੁਸਾਰ ਲਗਪਗ ਇੱਕ ਮਹੀਨਾ ਪਹਿਲਾਂ ਵੀ ਇਸੇ ਕੋਠੀ ਨੂੰ ਨਿਸ਼ਾਨਾ ਬਣਾ ਕੇ ਫਾਇਰਿੰਗ ਕੀਤੀ ਗਈ ਸੀ। ਡੀਐੱਸਪੀ ਜਸਪਾਲ ਸਿੰਘ ਨੇ ਦੱਸਿਆ ਕਿ ਸਵੇਰੇ ਲਗਪਗ 5:30 ਵਜੇ ਥਾਣਾ ਸਿਟੀ ਦੇ ਇੰਚਾਰਜ ਵਰੁਣ ਯਾਦਵ ਨੂੰ ਇਸ ਘਟਨਾ ਦੀ ਸੂਚਨਾ ਮਿਲੀ। ਸੂਚਨਾ ਮਿਲਦਿਆਂ ਹੀ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਪੂਰੇ ਇਲਾਕੇ ਦਾ ਜਾਇਜ਼ਾ ਲਿਆ। ਪੁਲਿਸ ਨੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਘਾਲੀ, ਜਿਸ 'ਚ ਮੋਟਰਸਾਈਕਲ 'ਤੇ ਸਵਾਰ ਦੋ ਸ਼ੱਕੀ ਵਿਅਕਤੀ ਕੈਦ ਹੋਏ ਹਨ। ਪੁਲਿਸ ਉਨ੍ਹਾਂ ਦੀ ਪਛਾਣ ਕਰਨ 'ਚ ਜੁਟੀ ਹੋਈ ਹੈ। ਡੀਐੱਸਪੀ ਨੇ ਦੱਸਿਆ ਕਿ ਜਿਸ ਮਕਾਨ 'ਤੇ ਫਾਇਰਿੰਗ ਹੋਈ ਹੈ, ਉਹ ਇੱਕ ਵਪਾਰੀ ਦੀ ਕੋਠੀ ਹੈ ਅਤੇ ਪਰਿਵਾਰ ਫਿਲਹਾਲ ਦਿੱਲੀ 'ਚ ਰਹਿ ਰਿਹਾ ਹੈ। ਘਟਨਾ ਦੌਰਾਨ 3-4 ਫਾਇਰ ਹੋਏ ਹਨ। ਡੀਐੱਸਪੀ ਜਸਪਾਲ ਸਿੰਘ ਨੇ ਦੱਸਿਆ ਕਿ ਅਣਪਛਾਤੇ ਦੋਸ਼ੀਆਂ ਖਿਲਾਫ ਮਾਮਲਾ ਦਰਜ



ਕਰ ਲਿਆ ਗਿਆ ਹੈ ਅਤੇ ਅੱਗੇ ਦੀ ਕਾਰਵਾਈ ਜਾਰੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਲਦ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਇਸ ਘਟਨਾ ਤੋਂ ਬਾਅਦ ਸਟਾਰ ਸਿਟੀ ਕਾਲੋਨੀ ਦੇ ਨਿਵਾਸੀਆਂ 'ਚ ਦਹਿਸ਼ਤ ਦਾ ਮਾਹੌਲ ਹੈ। ਸਥਾਨਕ ਲੋਕ ਬਾਰ-ਬਾਰ ਹੋ ਰਹੀਆਂ ਫਾਇਰਿੰਗ ਦੀਆਂ ਘਟਨਾਵਾਂ ਨੂੰ ਲੈ ਕੇ ਸੁਰੱਖਿਆ ਵਧਾਉਣ ਦੀ ਮੰਗ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਮੰਗਲਵਾਰ ਦੁਪਹਿਰ ਨੂੰ ਵੀ ਤਿੰਨ ਲੁਟੇਰਿਆਂ ਨੇ ਪਿਸਤੌਲ ਦੀ ਨੋਕ 'ਤੇ ਇੱਕ ਸੁਨਿਆਰੇ ਤੋਂ ਲੁੱਟ-ਖੋਹ ਕੀਤੀ ਸੀ।

## ਮੋਗਾ ਪੁਲਿਸ ਦੀ ਵੱਡੀ ਸਫ਼ਲਤਾ: ਥਾਣਾ ਸਦਰ ਗ੍ਰਨੇਡ ਹਮਲੇ ਦੇ ਮਾਮਲੇ 'ਚ 17 ਮੁਲਜ਼ਮ ਗ੍ਰਿਫ਼ਤਾਰ

ਮੋਗਾ 10 ਅਗਸਤ। ਡਾਇਰੈਕਟਰ ਜਨਰਲ ਆਫ਼ ਪੁਲਿਸ ਪੰਜਾਬ ਵੱਲੋਂ ਗੈਂਗਸਟਰਾਂ 'ਤੇ ਚਲਾਈ ਮੁਹਿੰਮ ਤਹਿਤ ਮੋਗਾ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਮੋਗਾ ਪੁਲਿਸ ਨੇ ਥਾਣਾ ਸਦਰ ਮੋਗਾ ਦੀ ਇਮਾਰਤ ਅੰਦਰ ਸੁੱਟੇ ਗਏ ਲੋ ਇੰਟੈਂਨਸਟੀ ਗ੍ਰਨੇਡ ਦੀ ਵਾਰਦਾਤ ਕਰਨ ਵਾਲੇ ਨਾਮਾਲੂਮ ਦੋਸ਼ੀਆ ਨੂੰ ਟਰੇਸ ਕਰਕੇ 17 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ। ਉਨ੍ਹਾਂ ਵੱਲੋਂ ਵਾਰਦਾਤ ਨੂੰ ਅੰਜਾਮ ਦੇਣ ਸਮੇਂ ਵਰਤਿਆ ਗਿਆ ਮੋਟਰਸਾਈਕਲ ਅਤੇ 09 ਐੱਮਐੱਮ ਗਲੋਕ ਪਿਸਤੌਲ ਸਮੇਤ ਮੈਗਜ਼ੀਨ ਅਤੇ ਇਕ ਇੰਪਰੂਵਾਈਜ਼ਡ ਐਕਸਪਲੋਸਿਵ ਡਿਵਾਈਸ ਬਰਾਮਦ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨੀਲਾਂਬਰੀ ਜਗਦਲੇ ਨੇ ਦੱਸਿਆ ਕਿ 8 ਜੁਲਾਈ ਦੀ ਸਵੇਰ/ਰਾਤ ਕਰੀਬ 03:15 ਵਜੇ ਕੁਝ ਨਾਮਾਲੂਮ ਵਿਅਕਤੀਆਂ ਵੱਲੋਂ ਥਾਣਾ ਸਦਰ ਮੋਗਾ ਦੀ ਇਮਾਰਤ ਅੰਦਰ ਲੋ ਇੰਟੈਂਨਸਟੀ ਗ੍ਰਨੇਡ ਸੁੱਟ ਕੇ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ। ਇਸ ਸਬੰਧੀ ਥਾਣਾ ਸਦਰ ਮੋਗਾ ਵਿਖੇ ਨਾਮਾਲੂਮ ਵਿਅਕਤੀਆਂ ਖਿਲ਼ਾਫ ਮੁਕੱਦਮਾ ਦਰਜ ਕੀਤਾ ਗਿਆ ਸੀ। ਉਨ੍ਹਾਂ ਇਸ



ਵਾਰਦਾਤ 'ਚ ਸ਼ਾਮਲ ਨਾਮਾਲੂਮ ਮੁਲਜ਼ਮਾਂ ਨੂੰ ਟਰੇਸ ਕਰਨ ਲਈਨੀਲਾਂਬਰੀ ਐੱਸਐੱਸਪੀ ਸਰਤਾਜ ਸਿੰਘ ਚਾਹਲ ਦੀ ਸੁਪਰਵੀਜਨ ਅਧੀਨ ਐੱਸਪੀਡੀ ਬਾਲ ਕ੍ਰਿਸ਼ਨ ਸਿੰਗਲਾ ਦੀ ਅਗਵਾਈ ਹੇਠ ਗੁਰਪ੍ਰੀਤ ਸਿੰਘ ਡੀਐੱਸਪੀ (ਡੀ) ਮੋਗਾ ਅਤੇ ਜਤਿੰਦਰ ਸਿੰਘ ਗਿੱਲ ਡੀਐੱਸਪੀ ਸਿਟੀ ਮੋਗਾ ਇੰਸ: ਦਲਜੀਤ ਸਿੰਘ ਇੰਚਾਰਜ ਸੀਆਈਏ ਸਟਾਫ ਮੋਗਾ ਅਤੇ ਇੰਸਪੈਕਟਰ ਹਰਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਦਰ ਮੋਗਾ ਦੀਆਂ ਵੱਖ-ਵੱਖ ਪੁਲਿਸ ਟੀਮਾ ਬਣਾ ਕੇ ਟੈਕਨੀਕਲ ਤਾਰੀਕੇ ਨਾਲ ਮੁਲਾਜ਼ਮਾਂ ਨੂੰ ਟਰੇਸ ਕਰਨ ਲਈ ਭਾਲ ਸ਼ੁਰੂ ਕੀਤੀ ਗਈ। ਉਨ੍ਹਾਂ ਦੱਸਿਆ ਖੁਫੀਆ ਸਰੋਤ ਅਤੇ ਟੈਕਨੀਕਲ ਢੰਗ ਨਾਲ ਕੀਤੀ ਤਫਤੀਸ਼ 'ਚ ਇਹ ਸਾਹਮਣੇ ਆਇਆ ਕਿ ਇਸ ਵਾਰਦਾਤ ਨੂੰ ਅੰਜਾਮ ਗਗਨ ਉਰਫ ਕਾਲੀ ਪੁੱਤਰ ਤਰਸੇਮ ਵਾਸੀ ਢੇਰੂ, ਜਿਲ੍ਹਾ ਫਿਰੋਜ਼ਪੁਰ, ਰਾਜੇਸ ਉਰਫ ਖੰਨਾ ਪੁੱਤਰ ਜੋਨ ਵਾਸੀ ਲਾਲ ਕੁੜਤੀ ਕੈਂਟ ਫਿਰੋਜਪੁਰ ਅਤੇ ਸੁਭਮ ਉਰਫ਼ ਭਿੰਦਰ ਪੁੱਤਰ ਅਨਵਰ ਵਾਸੀ ਕੋਤਵਾਲ ਜਿਲ੍ਹਾ ਫਿਰੋਜ਼ਪੁਰ ਵੱਲੋਂ ਦਿੱਤਾ ਗਿਆ ਹੈ, ਜਿਨ੍ਹਾਂ ਨੂੰ ਮੁਕੱਦਮੇ 'ਚ ਨਾਮਜ਼ਦ ਕਰਕੇ ਗ੍ਰਿਫਤਾਰ ਕਰਕੇ ਪੁੱਛ ਗਿੱਛ ਕੀਤੀ ਗਈ। ਜਿਨ੍ਹਾਂ ਪਾਸੋਂ ਵਾਰਦਾਤ ਸਮੇਂ ਵਰਤਿਆ ਗਿਆ 01 ਸਪਲੈਂਡਰ ਮੋਟਰਸਾਈਕਲ ਬਰਾਮਦ ਹੋਇਆ ਹੈ।




## ਅਨਮੋਲ ਵਿਚਾਰ

ਅਧਿਆਪਕ ਉਹ ਨਹੀਂ ਜੋ ਵਿਦਿਆਰਥੀਆਂ ਦੇ ਦਿਮਾਗ 'ਚ ਤੱਤਾਂ ਨੂੰ ਜ਼ਬਰਦਸਤੀ ਪਾਵੇ, ਬਲਕਿ ਅਸਲੀ ਅਧਿਆਪਕ ਉਹ ਹੈ, ਜੋ ਉਸ ਨੂੰ ਆਉਣ ਵਾਲੀਆਂ ਚੁਣੌਤੀਆਂ ਲਈ ਤਿਆਰ ਕਰੇ।

**- ਸਰਵਪੱਲੀ ਰਾਧਾ ਕ੍ਰਿਸ਼ਨਨ**



ਜੋ ਬੱਚਿਆਂ ਨੂੰ ਸਿੱਖਿਅਕ ਕਰਦੇ ਹਨ, ਉਨ੍ਹਾਂ ਦਾ ਸਮਮਾਨ ਮਾਤਾ-ਪਿਤਾ ਤੋਂ ਜ਼ਿਆਦਾ ਹੁੰਦਾ ਹੈ, ਕਿਉਂਕਿ ਮਾਤਾ-ਪਿਤਾ ਤਾਂ ਸਿਰਫ਼ ਜੀਵਨ ਦਿੰਦੇ ਹਨ ਪਰ ਸਿੱਖਿਅਕ ਉਨ੍ਹਾਂ ਨੂੰ ਚੰਗੀ ਤਰ੍ਹਾਂ ਜੀਵਨ ਜਿਊਣ ਦੀ ਕਲਾ ਸਿਖਾਉਂਦੇ ਹਨ।

**- ਅਰਸਤੂ**



ਜੇ ਦੇਸ਼ ਨੂੰ ਭ੍ਰਿਸ਼ਟਾਚਾਰ ਮੁਕਤ ਅਤੇ ਸੁੰਦਰ ਮਨ ਵਾਲੇ ਲੋਕਾਂ ਦਾ ਦੇਸ਼ ਬਣਾਉਣਾ ਹੈ ਤਾਂ ਇਹ ਕੰਮ ਸਮਾਜ ਦੇ ਤਿੰਨ ਮੈਂਬਰ ਮਾਤਾ, ਪਿਤਾ ਅਤੇ ਗੁਰੂ ਕਰ ਸਕਦੇ ਹਨ।

**- ਅਬਦੁਲ ਕਲਾਮ**

## ਲਾਈਨ ਆਫ਼ ਕੰਟਰੋਲ

ਹਰ ਆਜ਼ਾਦ ਦੇਸ਼ ਆਪਣੀ ਰੱਖਿਆ ਹਿੱਤ ਇਕ ਨਿਸ਼ਚਿਤ ਸੀਮਾ ਬਣਾਉਂਦਾ ਹੈ ਜਿਸ ਨੂੰ ਲਾਈਨ ਆਫ਼ ਕੰਟਰੋਲ (ਐਲ.ਓ.ਸੀ) ਆਖਦੇ ਹਨ।

**ਮੈਕਮੋਹਨ ਰੇਖਾ :-** ਹਿੰਦੋਸਤਾਨ ਅਤੇ ਤਿੱਬਤ ਵਿਚਕਾਰ ਖਿੱਚੀ ਗਈ ਸੀਮਾ-ਰੇਖਾ ਹੈ। ਇਸ ਦਾ ਇਹ ਨਾਂ ਭਾਰਤੀ-ਬਰਤਾਨੀਆ ਫ਼ੌਜ ਦੇ ਅਧਿਕਾਰੀ ਅਤੇ ਰਾਜਦੂਤ ਸਰ ਹੈਨਰੀ ਮੈਕਮੋਹਨ ਦੇ ਨਾਂ 'ਤੇ ਰੱਖਿਆ ਗਿਆ ਹੈ।

**ਰੇਡਕਲਿਫ਼ ਰੇਖਾ :-** ਇਹ ਰੇਖਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਬਾਰਡਰ ਦਾ ਕੰਮ ਕਰਦੀ ਹੈ। ਇਸ ਰੇਖਾ ਦੀ ਲੰਬਾਈ 3310 ਕਿਲੋਮੀਟਰ ਹੈ। ਇਸ ਰੇਖਾ ਨੂੰ ਦੇਸ਼ ਦੀ ਵੰਡ (ਅਗਸਤ 1947) ਸਮੇਂ ਸਰ ਰੇਡਕਲਿਫ਼ ਨੇ ਲਗਾਇਆ ਸੀ ਜੋ ਬਾਰਡਰ ਕਮਿਸ਼ਨ ਦੇ ਚੇਅਰਮੈਨ ਸਨ।

**ਮੈਗੀਨੋਟ ਰੇਖਾ :-** ਫਰਾਂਸ ਦੁਆਰਾ ਖਿੱਚੀ ਇਹ ਰੇਖਾ ਫਰਾਂਸ ਅਤੇ ਜਰਮਨੀ ਦਰਮਿਆਨ ਸਰਹੱਦ ਬਣਾਉਂਦੀ ਹੈ। ਇਹ ਰੇਖਾ ਕੰਕਰੀਟ ਅਤੇ ਲੋਹੇ ਦੇ ਮਿਸ਼ਰਣ ਨਾਲ ਬਣੀ ਹੈ।

**ਡੂਰੰਡ ਰੇਖਾ :-** ਇਹ ਰੇਖਾ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਨੂੰ ਇਕ ਦੂਜੇ ਤੋਂ ਨਿਖੇੜਦੀ ਹੈ।

**ਮੈਨਰਹਿਮ ਰੇਖਾ :-** ਇਹ ਰੇਖਾ ਰੂਸ ਅਤੇ ਫਿਨਲੈਂਡ ਦੇਸ਼ਾਂ ਨੂੰ ਵੰਡਦੀ ਹੈ।

**ਆਡਿਰ-ਨੇਸੀ ਰੇਖਾ :-** ਇਹ ਰੇਖਾ ਪੂਰਬ ਜਰਮਨੀ ਅਤੇ ਪੋਲੈਂਡ ਵਿਚਕਾਰ ਸਥਿਤ ਹੈ। ਇਹ ਰੇਖਾ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਹੋਂਦ ਵਿਚ ਆਈ ਹੈ।

**ਸੀਜ਼ਫ੍ਰਾਈਡ ਰੇਖਾ :-** ਇਹ ਰੇਖਾ ਜਰਮਨੀ ਅਤੇ ਫਰਾਂਸ ਦਰਮਿਆਨ ਬਣੀ ਹੋਈ ਹੈ ਜਿਸ ਨੂੰ ਜਰਮਨੀ ਦੁਆਰਾ ਬਣਾਇਆ ਗਿਆ ਹੈ।

**• ਰਮੇਸ਼ ਬੱਗਾ ਚੋਹਲਾ**
**94631-32719**

## ਅਧਿਆਪਕ ਸਾਡੇ ਰਾਹ ਦਸੇਰੇ

**ਗਿਆਨ** ਵੰਡ ਦੂਰ ਕਰਨ ਹਨੇਰੇ
ਬੜੇ ਪਿਆਰ ਨਾਲ ਇਹ ਪੜ੍ਹਾਉਂਦੇ
ਚੰਗੀਆਂ-ਚੰਗੀਆਂ ਗੱਲਾਂ ਸਿਖਾਉਂਦੇ
ਹੱਥ ਫੜ ਕੇ ਲਿਖਣਾ ਦੱਸਦੇ
ਬੱਚਿਆਂ ਸੰਗ ਬੱਚੇ ਬਣ ਹੱਸਦੇ
ਵੱਖ-ਵੱਖ ਰੰਗਾਂ ਦੇ ਫੁੱਲ ਉਗਾਉਂਦੇ
ਸਾਡੀ ਸਾਂਝ ਉਨ੍ਹਾਂ ਸੰਗ ਪਾਉਂਦੇ
ਸਮੇਂ ਸਿਰ ਕੰਮ ਕਰਦੇ ਰਹਿਣ
ਸਬਰ, ਸੰਤੋਖ ਨਾਲ ਗੱਲਾਂ ਕਹਿਣ
ਵਾਰ-ਵਾਰ ਹਰ ਗੱਲ ਸਮਝਾਉਂਦੇ
ਮਿਲਜੁਲ ਰਹਿਣ ਦੀ ਆਦਤ ਪਾਉਂਦੇ
ਖੇਡਾਂ ਸਾਨੂੰ ਕਈ ਖਿਡਾਉਂਦੇ
ਗ਼ਲਤੀ ਸਾਡੀ 'ਤੇ ਮੁਸਕੁਰਾਉਂਦੇ
ਮਾਪਿਆਂ ਵਾਂਗੂੰ ਕਰਦੇ ਨੇ ਪਿਆਰ
ਹਰ ਕੰਮ ਲਈ ਰਹਿਣ ਤਿਆਰ
ਰੱਬ ਜੀ! ਖ਼ੁਸ਼ ਇਨ੍ਹਾਂ ਨੂੰ ਰੱਖਣਾ
ਲੰਮੀ ਉਮਰ, ਤੰਦਰੁਸਤੀ ਬਖ਼ਸ਼ਣਾ।

**• ਅਮਰਪ੍ਰੀਤ ਸਿੰਘ ਝੀਤਾ**
**97791-91447**



# ਆਓ ਮਨਾਈਏ ਅਧਿਆਪਕ ਦਿਵਸ

***ਬੱਚਿਓ! ਅਧਿਆਪਕ ਸਾਨੂੰ ਸਾਡੇ ਜੀਵਨ 'ਚ ਸਿੱਖਿਆ ਦਾ ਮਹੱਤਵ ਅਤੇ ਜ਼ਰੂਰਤ ਸਮਝਾਉਂਦੇ ਹਨ। ਉਹ ਹਰ ਇਕ ਵਿਦਿਆਰਥੀ ਲਈ ਪ੍ਰੇਰਣਾਦਾਇਕ ਸਰੋਤ ਹੁੰਦੇ ਹਨ ਅਤੇ ਉਨ੍ਹਾਂ ਦੇ ਅਨਮੋਲ ਵਿਚਾਰ ਸਾਨੂੰ ਅੱਗੇ ਵੱਧਣ ਲਈ ਪ੍ਰੇਰਿਤ ਕਰਦੇ ਹਨ। ਚੱਲੋ ਅੱਜ ਅਸੀਂ ਸਾਰੇ ਮਿਲ ਕੇ ਆਪਣੇ ਅਧਿਆਪਕਾਂ ਦਾ ਧੰਨਵਾਦ ਕਰੀਏ ਤੇ ਉਨ੍ਹਾਂ ਤੋਂ ਅਸ਼ੀਰਵਾਦ ਲਈਏ...***

ਅਧਿਆਪਕ ਦਿਵਸ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਰਿਸ਼ਤੇ ਨੂੰ ਹੋਰ ਵਧੀਆ ਬਣਾਉਣ ਦਾ ਇਕ ਮੌਕਾ ਹੁੰਦਾ ਹੈ। ਅੱਜਕੱਲ੍ਹ ਇਸ ਨੂੰ ਬਹੁਤ ਹੀ ਉਤਸ਼ਾਹ ਅਤੇ ਖ਼ੁਸ਼ੀ ਨਾਲ ਸਕੂਲਾਂ, ਕਾਲਜ, 'ਵਰਸਿਟੀ ਅਤੇ ਹੋਰ ਸਿੱਖਿਆ ਸੰਸਥਾਨਾਂ 'ਚ ਮਨਾਇਆ ਜਾਂਦਾ ਹੈ। ਇਸ ਦਿਨ ਵਿਦਿਆਰਥੀ ਆਪਣੇ ਅਧਿਆਪਕਾਂ ਲਈ ਲੰਬੀ ਉਮਰ ਦੀ ਕਾਮਨਾ ਕਰਦੇ ਹਨ।

ਅੱਜ ਦੇ ਇਸ ਆਧੁਨਿਕ ਸਮੇਂ 'ਚ ਸਿੱਖਿਅਕ ਦਿਵਸ ਦਾ ਸਟਾਈਲ ਬਹੁਤ ਬਦਲ ਗਿਆ ਹੈ। ਵਿਦਿਆਰਥੀ ਆਪਣੇ ਅਧਿਆਪਕਾਂ ਨੂੰ ਵਧਾਈ ਦੇਣ ਲਈ ਤਰ੍ਹਾਂ-ਤਰ੍ਹਾਂ ਦੀਆਂ ਯੋਜਨਾਵਾਂ ਬਣਾਉਂਦੇ ਹਨ। ਕੁਝ ਵਿਦਿਆਰਥੀ ਆਪਣੇ ਪਸੰਦੀਦਾ ਅਧਿਆਪਕ ਨੂੰ ਤੋਹਫ਼ੇ, ਗ੍ਰੀਟਿੰਗ ਕਾਰਡ, ਪੈੱਨ, ਡਾਇਰੀ ਆਦਿ ਦੇ ਕੇ ਵਧਾਈ ਦਿੰਦੇ ਹਨ ਤਾਂ ਕੁਝ ਵਿਦਿਆਰਥੀ ਆਡੀਓ ਮੈਸੇਜ਼, ਈ-ਮੇਲ ਮੈਸੇਜ਼, ਆਨਲਾਈਨ ਚੈਟ ਜਾਂ ਸੋਸ਼ਲ ਮੀਡੀਅਮ ਨਾਲ ਵਧਾਈ ਦਿੰਦੇ ਹਨ।

ਸਾਨੂੰ ਆਪਣੇ ਜੀਵਨ 'ਚ ਅਧਿਆਪਕਾਂ ਦੀ ਮਹੱਤਤਾ ਨੂੰ ਸਮਝਣਾ ਅਤੇ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਦਿਲ ਤੋਂ ਆਦਰ ਕਰਨਾ ਚਾਹੀਦਾ ਹੈ। ਅਧਿਆਪਕ ਸਾਨੂੰ ਹਮੇਸ਼ਾ ਸਫਲਤਾ ਦੀ ਰਾਹ ਦਿਖਾਉਂਦੇ ਹਨ। ਉਹ ਤਾਂ ਹੀ ਖ਼ੁਸ਼ ਹੋਣਗੇ ਅਤੇ ਖ਼ੁਦ ਨੂੰ ਸਫ਼ਲ ਮੰਨਣਗੇ ਜਦੋਂ ਉਨ੍ਹਾਂ ਦੇ ਵਿਦਿਆਰਥੀ ਅੱਗੇ ਵੱਧਣਗੇ ਅਤੇ ਸਫਲਤਾ ਪ੍ਰਾਪਤ ਕਰ ਕੇ ਉਨ੍ਹਾਂ ਦਾ ਨਾਂ ਪੂਰੇ ਸੰਸਾਰ 'ਚ ਫੈਲਾਉਣਗੇ।

- ਚੀਨ 'ਚ 1931 'ਚ ਅਧਿਆਪਕ ਦਿਵਸ ਦੀ ਸ਼ੁਰੂਆਤ ਕੀਤੀ ਗਈ ਸੀ।
- ਰੂਸ 'ਚ 1965 ਤੋਂ 1994 ਤਕ ਅਕਤੂਬਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ ਪਰ 1994 ਤੋਂ 'ਇੰਟਰਨੈਸ਼ਨਲ ਟੀਚਰਸ ਡੇਅ' 5 ਅਕਤੂਬਰ ਨੂੰ ਮਨਾਇਆ ਜਾਂਦਾ ਹੈ।
- ਮਲੇਸ਼ੀਆ 'ਚ ਇਸ ਨੂੰ 'ਹਰਿ ਗੁਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।
- ਥਾਈਲੈਂਡ ਦੇ ਸਕੂਲਾਂ 'ਚ ਇਸ ਦਿਨ ਛੁੱਟੀ ਰਹਿੰਦੀ ਹੈ। •

# ਆਸਮਾਨੀਂ ਦਿਸਹੱਦਿਆਂ ਨੂੰ ਛੂਹਣ ਨਿਕਲੀ ਕਲਪਨਾ ਚਾਵਲਾ

**ਅਮਨਪ੍ਰੀਤ ਪਰਮ ਸਹੋਤਾ**

***ਉੱਡਣ ਦਾ ਜਨੂਨ ਤਾਂ ਉਸ ਨੇ ਛੋਟੇ ਹੁੰਦਿਆਂ ਹੀ ਪਾਲ ਲਿਆ ਸੀ। ਜਹਾਜ਼ ਦੀ ਆਵਾਜ਼ ਸੁਣ ਉੱਡਣਾ ਲੋਚਦੀ ਤੇ ਵਾਹੋ ਦਾਹੀ ਪੌੜੀਆਂ ਚੜ੍ਹਦੀ ਉੱਪਰ ਵੱਲ ਨੂੰ ਦੌੜਨ ਲਗਦੀ। ਸੁਪਨੇ ਪੂਰੇ ਕਰਨ ਦੀ ਇਸੇ ਦ੍ਰਿੜ ਇੱਛਾ ਨੇ ਪੁਲਾੜ ਵਿਚ ਜਾਣ ਵਾਲੀ ਭਾਰਤ ਦੀ ਪਹਿਲੀ ਔਰਤ ਬਣਾਇਆ ਸੀ...***

ਕਲਪਨਾ ਚਾਵਲਾ ਦਾ ਜਨਮ 17 ਮਾਰਚ 1962 ਵਿਚ ਕਰਨਾਲ (ਹਰਿਆਣਾ) ਵਿਖੇ ਹੋਇਆ ਸੀ। ਉੱਥੇ ਹੀ ਆਪਣੀ ਸਕੂਲ ਦੀ ਪੜ੍ਹਾਈ ਖ਼ਤਮ ਕੀਤੀ। ਉਸਨੇ 1982 ਵਿਚ ਪੰਜਾਬ ਇੰਜੀਨੀਅਰਿੰਗ ਕਾਲਜ ਤੋਂ ਐਰੋਨਾਟੀਕਲ ਇੰਜੀਨੀਅਰਿੰਗ ਵਿਚ ਗਰੈਜੂਏਸ਼ਨ ਕਰਨ ਤੋਂ ਬਾਅਦ ਉੱਚ ਡਿਗਰੀ ਪ੍ਰਾਪਤ ਕਰਨ ਲਈ ਟੈਕਸਾਸ ਯੂਨੀਵਰਸਿਟੀ ਵਿਖੇ ਦਾਖ਼ਲਾ ਲਿਆ। 1988 ਵਿਚ ਉਸਨੇ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰ ਲਈ। ਇਸੇ ਸਾਲ ਉਸਨੇ ਨਾਸਾ ਵਿਖੇ ਖੋਜ ਕੇਂਦਰ ਵਿਖੇ ਕੰਮ ਸ਼ੁਰੂ ਕੀਤਾ।

ਸੰਨ 1997 ਵਿਚ ਕੋਲੰਬੀਆ ਸਪੇਸ ਸ਼ਟਲ ਐੱਸ.ਟੀ.ਐੱਸ-87 ਰਾਹੀਂ ਪੁਲਾੜ ਦੀ ਯਾਤਰਾ ਕਰਨ ਵਾਲੇ ਛੇ ਪੁਲਾੜ ਯਾਤਰੀਆਂ ਵਿਚੋਂ ਉਹ ਇਕੱਲੀ ਔਰਤ ਸੀ। ਇਸ ਦੌਰਾਨ ਤਜਰਬਿਆਂ ਲਈ ਉਨ੍ਹਾਂ ਪੁਲਾੜ ਵਿਚ 15 ਦਿਨ, 16 ਘੰਟੇ ਤੇ 35 ਮਿੰਟ ਦਾ ਸਮਾਂ ਬਿਤਾਇਆ ਸੀ। 2000 ਵਿਚ ਦੂਜੀ ਵਾਰ ਪੁਲਾੜ 'ਚ ਜਾਣ ਲਈ ਜਦੋਂ ਯੋਜਨਾ ਤਹਿ ਹੋਈ ਤਾਂ ਵੀ ਉਹ ਸੱਤ ਮੈਂਬਰੀ ਟੀਮ ਦਾ ਹਿੱਸਾ ਸੀ। ਬੁਰਾ ਅੰਤ ਲਿਖਾ ਕੇ ਆਇਆ ਦੂਜਾ ਮਿਸ਼ਨ ਆਪਣੇ ਮਿੱਥੇ ਸਮੇਂ 'ਤੇ ਭੇਜਣ ਤੋਂ ਅਠਾਰਾਂ ਵਾਰ ਟਾਲਿਆ ਗਿਆ ਸੀ। ਹੋਣੀ ਨੇ ਇਨ੍ਹਾਂ ਸੰਕੇਤਾ ਵੱਲ ਕਿਸੇ ਦਾ ਧਿਆਨ ਹੀ ਨਹੀਂ ਜਾਣ ਦਿੱਤਾ ਸੀ। 16 ਜਨਵਰੀ 2003 ਦਾ ਦਿਨ ਦੂਜੀ ਉਡਾਣ ਲਈ ਮਿੱਥਿਆ ਜਾ ਚੁੱਕਾ ਸੀ। ਸੋਲ੍ਹਾਂ ਦਿਨ ਪੁਲਾੜ ਵਿਚ ਰਹਿ ਕੇ 80 ਤਜਰਬੇ ਕੀਤੇ। ਉੱਥੋਂ ਮੁੜਨ ਸਮੇਂ ਭੇਜੇ ਸੰਦੇਸ਼ ਕਿ 'ਸਾਡਾ ਮਿਸ਼ਨ ਸਫਲ ਰਿਹਾ ਹੈ ਤੇ ਅਤੇ ਸਾਰੇ ਇੱਥੇ ਠੀਕ ਹਨ' ਨੇ ਉਨ੍ਹਾਂ ਦੇ ਪਰਿਵਾਰਾਂ ਦੇ ਚਿਹਰਿਆਂ 'ਤੇ ਖ਼ੁਸ਼ੀ ਲੈ ਆਂਦੀ ਸੀ। ਉਸ ਸਮੇਂ ਕਿਸੇ ਨੇ ਇਹ ਕਲਪਨਾ ਵੀ ਨਹੀਂ ਕੀਤੀ ਹੋਣੀ ਕਿ ਇਹ ਕਲਪਨਾ ਦਾ ਆਖ਼ਰੀ ਸੰਦੇਸ਼ ਬਣ ਜਾਣਾ ਸੀ ਤੇ ਖ਼ੁਸ਼ੀਆਂ ਨੇ ਗ਼ਮ ਵਿਚ ਤਬਦੀਲ ਹੋ ਜਾਣਾ ਸੀ। 1 ਫਰਵਰੀ 2003 ਦੇ ਮਨਹੂਸ ਦਿਨ ਨੂੰ ਵਾਪਸੀ ਤੇ ਸਪੇਸ ਸ਼ਟਲ ਐੱਸ.ਟੀ.ਐੱਸ-107 ਜਿਵੇਂ ਧਰਤੀ ਦੇ ਵਾਯੂਮੰਡਲ ਵਿਚ ਦਾਖ਼ਲ ਹੋਣ ਲੱਗਿਆ ਤਾਂ ਉਸ ਦੇ ਪਰਖੱਚੇ ਉੱਡ ਗਏ। ਆਪਣੇ ਦੋ ਪੁਲਾੜੀ ਮਿਸ਼ਨਾਂ ਦੌਰਾਨ ਉਸਨੇ ਪੁਲਾੜ ਵਿਚ 30 ਦਿਨ, 14 ਘੰਟੇ ਤੇ 54 ਮਿੰਟ ਦਾ ਸਮਾਂ ਤਜਰਬਿਆਂ ਦੇ ਲੇਖੇ ਲਾਇਆ। ਸਾਇੰਸ ਦੇ ਖੇਤਰ ਦੀ ਅਮਿੱਟ ਹਸਤਾਖ਼ਰ ਕਲਪਨਾ ਚਾਵਲਾ ਧਰੁੱਵ ਤਾਰੇ ਵਾਂਗ ਸਾਡਾ ਮਾਰਗਦਰਸ਼ਨ ਕਰਦੀ ਰਹੇਗੀ। •

**94171-24201**



## ਕੈਪਸ਼ਨ ਮੁਕਾਬਲਾ -6



• ਜਸਪ੍ਰੀਤ ਗਿੱਲ

*ਬਾਲ ਸਾਥੀਓ! ਨਿੱਕੀ ਦੁਨੀਆ 'ਚ ਤੁਹਾਡੇ ਲਈ ਇਕ ਮਜ਼ੇਦਾਰ ਤੇ ਰੋਚਕ ਮੁਕਾਬਲਾ ਸ਼ੁਰੂ ਕੀਤਾ ਗਿਆ ਹੈ। ਇਸ ਮੁਕਾਬਲੇ 'ਚ ਤੁਸੀਂ ਛਾਪੀ ਗਈ ਤਸਵੀਰ ਦੀ ਕੈਪਸ਼ਨ ਬਣਾ ਕੇ ਭੇਜ ਸਕਦੇ ਹੋ। ਇਸ ਮੁਕਾਬਲੇ ਤਹਿਤ ਵਧੀਆ ਕੈਪਸ਼ਨ ਲਿਖਣ ਵਾਲੇ ਪਹਿਲੇ ਤਿੰਨ ਬੱਚਿਆਂ ਨੂੰ ਇਨਾਮ ਦਿੱਤਾ ਜਾਵੇਗਾ। ਤੁਸੀਂ ਆਪਣੀਆਂ ਕੈਪਸ਼ਨਾਂ ਹੇਠ ਲਿਖੇ ਸਿਰਨਾਵੇਂ 'ਤੇ ਜਾਂ ਈ-ਮੇਲ ਰਾਹੀਂ ਭੇਜ ਸਕਦੇ ਹੋ।*

ਫੋਟੋ : 5



1



*ਕੁਰਸੀ 'ਤੇ ਬੈਠ ਕੇ*
*ਲੁਕ-ਲੁਕ ਗੇਮ ਖੇਡੀ ਜਾਵੇ*
*ਵਿੱਚੋਂ ਓਹਨੂੰ ਡਰ ਸਤਾਵੇ*
*ਮੰਮੀ ਆ ਨਾ ਜਾਵੇ*

***- ਲਕਸ਼ੇਦੀਪ ਸਿੰਘ***

2



*ਭਾਵੇਂ ਮੈਂ ਮੋਬਾਈਲ ਚਲਾਵਾਂ*
*ਮੰਮੀ ਕੁਝ ਨਾ ਕਹਿੰਦੀ*
*ਪਾਪਾ ਕੋਲੋਂ ਬਹੁਤ ਡਰ ਲੱਗਦਾ*
*ਤਾਹੀਓਂ ਲੁਕ ਲੁਕ ਬਹਿੰਦੀ।*

***-ਸਹਿਜਪ੍ਰੀਤ ਸਿੰਘ ਸੈਣੀ***

3



*ਚੰਗਾ ਹੋਇਆ ਪਾਪਾ ਦਾ*
*ਮੋਬਾਈਲ ਘਰ ਰਹਿ ਗਿਆ*
*ਸਾਰਾ ਦਿਨ ਮੈਂ ਵੀ ਅੱਜ*
*ਲਾਹਾ ਪੂਰਾ ਲੈ ਲਿਆ*
*ਸੁੱਖ ਨਾਲ ਮੰਮੀ ਵੀ*
*ਬਾਜ਼ਾਰ ਚਲੇ ਗਏ ਨੇ*
*ਖੇਡ-ਖੇਡ ਮੈਂ ਵੀ*
*ਚਾਅ ਪੂਰੇ ਕਰ ਲਏ ਨੇ।*

***-ਗੁਰਤਾਜ ਸਿੰਘ***

ਹੋਰ ਜੇਤੂ ਬੱਚੇ-

*1. ਆਕਾਸ਼ਦੀਪ ਜਲੰਧਰ 2. ਗੀਤਿਕਾ ਸ਼ਰਮਾ ਹੁਸ਼ਿਆਰਪੁਰ, 3. ਰਜਤ ਆਦਮਪੁਰ।*

## ਦਿਮਾਗ਼

***ਸਾਡਾ ਦਿਮਾਗ਼ ਇਕ ਮਸ਼ੀਨ ਹੈ ਜਿਸ 'ਚ ਬਹੁਤ ਸਾਰੇ ਹੈਰਾਨੀਜਨਕ ਤੱਤ ਜੁੜੇ ਹੋਏ ਹਨ। ਆਓ ਜਾਣਦੇ ਹਾਂ ਇਨ੍ਹਾਂ ਬਾਰੇ...***

- **ਦਿਮਾਗ਼** ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਸ ਨੂੰ ਕਿਸੇ ਦਰਦ ਦਾ ਅਹਿਸਾਸ ਨਹੀਂ ਹੁੰਦਾ ਕਿਉਂਕਿ ਦਰਦ ਨੂੰ ਮਹਿਸੂਸ ਕਰਨ ਲਈ ਦਿਮਾਗ਼ 'ਚ ਕੋਈ ਅਜਿਹਾ ਨਰਵ ਸਿਸਟਮ ਨਹੀਂ ਹੁੰਦਾ।
- ਸਾਡੇ ਦਿਮਾਗ਼ 'ਚ ਲੱਖ ਤੋਂ ਜ਼ਿਆਦਾ ਖ਼ੂਨ ਕੋਸ਼ਿਕਾਵਾਂ ਹੁੰਦੀਆਂ ਹਨ। ਸਰੀਰ ਦੀ 17 ਫ਼ੀਸਦੀ ਊਰਜਾ ਦਾ ਇਸਤੇਮਾਲ ਕਰ ਕੇ ਅਤੇ 20 ਫ਼ੀਸਦੀ ਆਕਸੀਜਨ ਨੂੰ ਇਸਤੇਮਾਲ ਕਰ ਕੇ, ਦਿਮਾਗ਼ ਦਸ ਤੋਂ 23 ਫ਼ੀਸਦੀ ਊਰਜਾ ਬਣਾਉਂਦਾ ਹੈ। ਇਹ ਊਰਜਾ ਇੰਨੀ ਜ਼ਿਆਦਾ ਹੁੰਦੀ ਹੈ ਕਿ ਇਕ ਬੱਲਬ ਜਲ਼ ਸਕੇ। ਸਾਡੇ ਦਿਮਾਗ਼ 'ਚ ਇੰਨੀ ਸਮਰੱਥਾ ਹੁੰਦੀ ਹੈ ਕਿ ਅਸੀਂ ਪੂਰੇ ਐਨਸਾਈਕਲੋਪੀਡੀਆ ਬ੍ਰਿਟਾਨਿਕਾ ਨੂੰ ਪੰਜ ਗੁਣਾ ਵੱਧ ਜਾਣ ਤੋਂ ਬਾਅਦ ਵੀ ਰੱਟ ਸਕਦੇ ਹਾਂ।
- ਦਿਮਾਗ਼ ਦੇ ਸੱਜੇ ਅਤੇ ਖੱਬੇ ਹਿੱਸੇ ਵਿਚਕਾਰਲਾ ਅੰਤਰ ਜਾਣਦੇ ਹੋ? ਦਿਮਾਗ਼ ਦਾ ਖੱਬਾ ਹਿੱਸਾ ਸਾਨੂੰ ਹਰ ਚੀਜ਼ ਨੂੰ ਪ੍ਰੈਕਟੀਕਲ ਰੂਪ ਨਾਲ ਲੈਂਦਾ ਹੈ ਅਤੇ ਸੱਜਾ ਹਿੱਸਾ ਸਾਡੀ ਰਚਨਾਤਮਕਤਾ ਪੈਦਾ ਕਰਦਾ ਹੈ। ਇਹ ਦੋਵੇਂ ਇਕੋ ਸਮੇਂ ਕੰਮ ਕਰਦੇ ਹਨ ਅਤੇ ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਜੇ ਤੁਸੀਂ ਆਪਣੇ ਦਿਮਾਗ਼ ਦਾ ਇਕ ਚੌਥਾਈ ਹਿੱਸਾ ਖ਼ਰਾਬ ਹੋਣ 'ਤੇ ਵੀ ਜਿਊਂਦੇ ਰਹਿ ਸਕਦੇ ਹੋ।
- ਕੀ ਤੁਹਾਨੂੰ ਪਤਾ ਹੈ ਕਿ ਸਾਡਾ ਦਿਮਾਗ਼ ਸੌਣ ਸਮੇਂ ਸਭ ਤੋਂ ਜ਼ਿਆਦਾ ਐਕਟਿਵ ਰਹਿੰਦਾ ਹੈ। •



# ਮੁਸ਼ਕਿਲਾਂ ਤੋਂ ਕਦੇ ਨਹੀਂ ਘਬਰਾਇਆ ਮਾਰਕੋਨੀ

**ਮਨਿੰਦਰ ਕੌਰ ਫਰੀਦਕੋਟ**

***ਮਾਰਕੋਨੀ ਨੂੰ ਵਾਇਰਲੈੱਸ ਟੈਲੀਗ੍ਰਾਫ਼ੀ ਦੇ ਯੋਗਦਾਨ ਬਦਲੇ ਸਾਲ 1909 ਵਿਚ ਫਿਜ਼ਿਕਸ ਵਿਚ ਨੋਬਲ ਪੁਰਸਕਾਰ ਨਾਲ ਨਵਾਜਿਆ ਗਿਆ....***

ਇਟਲੀ ਦੇ ਬੋਲੋਗਨਾ ਸ਼ਹਿਰ ਵਿਚ ਜ਼ਿਮੀਂਦਾਰ ਪਿਤਾ ਦੇ ਖ਼ੁਸ਼ਹਾਲ ਪਰਿਵਾਰ ਵਿਚ ਜਨਮੇ, ਮਾਰਕੋਨੀ ਨੂੰ ਬਚਪਨ ਤੋਂ ਹੀ ਵਿਗਿਆਨ ਵਿਸ਼ੇ 'ਚ ਬਹੁਤ ਰੁਚੀ ਸੀ ਅਤੇ ਉਹ ਹਰ ਸਮੇਂ ਕੋਈ ਨਾ ਕੋਈ ਪ੍ਰਯੋਗ ਕਰਨ 'ਚ ਰੁੱਝੇ ਰਹਿੰਦੇ। ਮਾਰਕੋਨੀ ਦਾ ਕਮਰਾ ਛੱਤ 'ਤੇ ਸੀ, ਜਿੱਥੇ ਉਹ ਸਾਰਾ ਦਿਨ ਵਿਗਿਆਨ ਦੀਆਂ ਕਿਤਾਬਾਂ ਪੜ੍ਹਦੇ ਰਹਿੰਦੇ ਤੇ ਪ੍ਰਯੋਗ ਕਰਦੇ ਰਹਿੰਦੇ। ਸ਼ੁਰੂਆਤੀ ਦਿਨਾਂ 'ਚ ਉਹ ਸਟੀਮ ਇੰਜਣ ਅਤੇ ਬਿਜਲੀ ਬਾਰੇ ਪੜ੍ਹਦੇ ਰਹਿੰਦੇ ਸਨ। 2 ਤੋਂ 6 ਸਾਲ ਦੀ ਉਮਰ ਤਕ ਮਾਰਕੋਨੀ ਅਤੇ ਉਨ੍ਹਾਂ ਦੇ ਭਰਾ ਐਲਫੌਂਸੋ ਆਪਣੀ ਮਾਂ ਨਾਲ ਇੰਗਲੈਂਡ 'ਚ ਰਹੇ। ਇਟਲੀ ਵਾਪਸ ਆਉਣ ਤੋਂ ਬਾਅਦ 18 ਸਾਲ ਦੀ ਉਮਰ ਵਿਚ ਯੂਨੀਵਰਸਿਟੀ ਆਫ਼ ਬੋਲੋਗਨਾ ਦੇ ਭੌਤਿਕ ਵਿਗਿਆਨੀ ਅਗਸਤੋ ਰਿੰਗੀ ਨੇ ਮਾਰਕੋਨੀ ਨੂੰ ਯੂਨੀਵਰਸਿਟੀ ਵਿਚ ਲੈਕਚਰ ਅਟੈਂਡ ਕਰਨ ਅਤੇ ਲੈਬ ਅਤੇ ਲਾਈਬ੍ਰੇਰੀ ਦੀ ਵਰਤੋਂ ਕਰਨ ਦੀ ਇਜਾਜ਼ਤ ਦੇ ਦਿੱਤੀ। ਇਸ ਮਗਰੋਂ ਮਾਰਕੋਨੀ ਨੇ ਅੱਗਲੇਰੀ ਪੜ੍ਹਾਈ ਫਲੋਰੈਂਸ ਸ਼ਹਿਰ ਵਿਚ ਕੀਤੀ। ਕੁਝ ਇਤਿਹਾਸਕਾਰਾਂ ਅਨੁਸਾਰ, ਮਾਰਕੋਨੀ ਪੜ੍ਹਾਈ ਵਿਚ ਚੰਗੇ ਨਹੀਂ ਸਨ। ਬਚਪਨ ਤੋਂ ਹੀ ਵਿਗਿਆਨ ਅਤੇ ਬਿਜਲੀ ਵਿਚ ਦਿਲਚਸਪੀ ਹੋਣ ਕਾਰਨ 1890 ਵਿਚ ਮਾਰਕੋਨੀ ਨੇ ਵਇਰਲੈੱਸ ਟੈਲੀਗ੍ਰਾਫੀ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਬਿਨਾਂ ਤਾਰਾਂ ਦੇ ਸੰਕੇਤ ਭੇਜਣ 'ਤੇ ਪਹਿਲਾਂ ਵੀ ਕਈ ਵਿਗਿਆਨੀ ਕੰਮ ਕਰ ਚੁੱਕੇ ਸਨ ਪਰ ਕੋਈ ਵੀ ਇਸ ਨੂੰ ਤਕਨੀਕੀ ਤੌਰ 'ਤੇ ਸਿੱਧ ਨਹੀਂ ਕਰ ਪਾਇਆ।

ਸਤੰਬਰ 1894 ਦੀ ਰਾਤ ਨੂੰ ਮਾਰਕੋਨੀ ਇਕ ਨਵੀ ਖੋਜ ਕੀਤੀ। ਉਸ ਨੇ ਇਕ ਬਟਨ ਦਬਾਇਆ, ਜਿਸ ਨਾਲ ਕਮਰੇ ਦੇ ਦੂਜੇ ਕੋਨੇ ਵਿਚ ਕੁਝ ਚਿੰਗਾਰੀਆਂ ਅਤੇ ਚਟਪਟ ਦੀ ਆਵਾਜ਼ ਦੇ ਨਾਲ ਪਈ ਘੰਟੀ ਵੱਜ ਪਈ। ਹੈਰਾਨੀ ਇਸ ਗੱਲ ਦੀ ਸੀ ਕਿ ਬਟਨ ਅਤੇ ਘੰਟੀ ਵਿਚਕਾਰ ਕੋਈ ਤਾਰ ਨਹੀਂ ਸੀ। ਮਾਰਕੋਨੀ ਰੇਡੀਓ ਤਰੰਗਾਂ ਦੇ ਨਾਲ ਘੰਟੀ ਵਜਾਉਣ ਵਿਚ ਸਫਲ ਹੋ ਗਏ ਸਨ। ਇਹ ਪ੍ਰਯੋਗ ਉਨ੍ਹਾਂ ਨੇ ਆਪਣੀ ਮਾਂ ਸਾਹਮਣੇ ਕੀਤਾ ਜਿਸ ਨੂੰ ਦੇਖਣ ਤੋਂ ਬਾਅਦ ਉਨ੍ਹਾਂ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਹੀਂ ਰਿਹਾ। ਇਸ ਤੋਂ ਬਾਅਦ ਉਸ ਨੇ ਕਈ ਖੋਜਾਂ ਕੀਤੀਆਂ। •



***ਅਨੇਕਾਂ ਹੀ ਮਹਾਨ ਵਿਗਿਆਨੀਆਂ ਨੇ ਕਈ ਕਾਢਾਂ ਕੱਢ ਕੇ ਮਨੁੱਖੀ ਜੀਵਨ ਨੂੰ ਸੁਖ਼ਾਲਾ ਕੀਤਾ। ਇਨ੍ਹਾਂ ਵਿੱਚੋਂ ਹੀ ਇਕ ਸਨ- ਗੁਲਯੇਲਮੋ ਮਾਰਕੋਨੀ। ਇਨ੍ਹਾਂ ਨੇ ਲੰਬੀ ਦੂਰੀ ਤਕ ਰੇਡੀਓ ਸੰਚਾਰ (ਬਗ਼ੈਰ ਤਾਰ ਦੇ ਸੰਕੇਤ ਭੇਜਣ) ਦੇ ਖੇਤਰ 'ਚ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਨੇ 'ਮਾਰਕੋਨੀ ਨਿਯਮ' ਦੇ ਕੇ ਰੇਡੀਓ ਟੈਲੀਗ੍ਰਾਫ਼ ਦਾ ਵਿਕਾਸ ਕੀਤਾ.....***

## ਬਾਲ ਕੈਨਵਸ






ਨਾਂ : ਅਭਿਸ਼ੇਕ ਜਿੰਦਲ
ਜਮਾਤ : ਤੀਜੀ
ਪਤਾ: ਲਿਟਲ ਹਾਰਟ ਕਾਨਵੈਂਟ ਸਕੂਲ, ਸੰਗਰੂਰ।





ਨਾਂ : ਇਸ਼ਾ ਵਰਮਾ
ਜਮਾਤ : ਦੂਜੀ
ਪਤਾ: ਵੀਰ ਹਕੀਕਤ ਰਾਏ ਸਕੂਲ, ਪਟਿਆਲਾ।





ਨਾਂ : ਆਕਾਸ਼ਦੀਪ ਸਿੰਘ ਅਮਲੋਹ
ਜਮਾਤ : ਤੀਜੀ
ਪਤਾ: ਅਮਲੋਹ ਪਬਲਿਕ ਹਾਈ ਸਕੂਲ, ਅਮਲੋਹ।





ਨਾਂ :ਲਵਪ੍ਰੀਤ ਸਿੰਘ ਮਾਧਰੂ
ਜਮਾਤ : ਛੇਵੀਂ
ਪਤਾ: ਇੰਟਰਨੈਸ਼ਨਲ ਪਬਲਿਕ ਸਕੂਲ, ਲੁਧਿਆਣਾ।



ਨਾਂ : ਪਿੰਟੂ ਕੁਮਾਰ
ਜਮਾਤ : ਨੌਂਵੀਂ
ਪਤਾ: ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਗਰਾਓਂ।



ਨਾਂ : ਲਿਜ਼ਾ ਰਾਣੀ
ਜਮਾਤ : ਦੂਜੀ
ਪਤਾ: ਐੱਫ.ਸੀ.ਐੱਸ ਆਦਰਸ਼ ਸਕੂਲ, ਜਲੰਧਰ।

# ਅਨੋਖਾ ਪੰਛੀ ਉੱਲੂ

**ਪ੍ਰੋ: ਐੱਚ.ਐੱਸ.ਡਿੰਪਲ**



ਆਮ ਤੌਰ 'ਤੇ ਵੇਖਿਆ ਜਾਂਦਾ ਹੈ ਕਿ ਲੋਕ ਉੱਲੂ ਨੂੰ ਦਿਨ ਸਮੇਂ ਵੇਖਦਿਆਂ ਹੀ ਉਸ 'ਤੇ ਰੋੜਿਆਂ ਜਾਂ ਪੱਥਰਾਂ ਦਾ ਮੀਂਹ ਵਰ੍ਹਾ ਦਿੰਦੇ ਹਨ ਕਿਉਂਕਿ ਦਿਨ ਸਮੇਂ ਉੱਲੂ ਦਿਖਾਈ ਦੇਣਾ ਮਾੜਾ ਸਮਝਿਆ ਜਾਂਦਾ ਹੈ ਪਰ ਇਹ ਕੁਦਰਤ ਨਾਲ ਖਿਲਵਾੜ ਹੈ ਤੇ ਇਸ ਭੋਲੇ ਭਾਲੇ ਪੰਛੀ ਨਾਲ ਧੱਕਾ ਵੀ।

ਸਿਰਫ਼ ਸੁਭਾਅ ਹੀ ਨਹੀਂ, ਸਗੋਂ ਬਣਾਵਟ ਵਿਚ ਵੀ ਉੱਲੂ ਦੂਜੇ ਪੰਛੀਆਂ ਤੋਂ ਅਲੱਗ ਦਿਖਾਈ ਦਿੰਦਾ ਹੈ। ਇਸ ਦਾ ਸਿਰ ਬਿੱਲੀ ਦੇ ਸਿਰ ਵਾਂਗ ਗੋਲ ਹੁੰਦਾ ਹੈ। ਇਹ ਆਪਣੀ ਗਰਦਨ ਆਸਾਨੀ ਨਾਲ ਘੁਮਾ ਸਕਦਾ ਹੈ, ਜਦਕਿ ਦੂਜੇ ਪੰਛੀ ਅੱਗੇ ਪਿੱਛੇ ਗਰਦਨ ਘੁਮਾਉਣ ਵਿਚ ਅਸਮਰੱਥ ਹੁੰਦੇ ਹਨ।

- ਇਸਦੀਆਂ ਅੱਖਾਂ ਮਨੁੱਖ ਦੀਆਂ ਅੱਖਾਂ ਦੇ ਵਾਂਗ ਗੋਲ ਅਤੇ ਸਾਹਮਣੇ ਹੁੰਦੀਆਂ ਹਨ ਅਤੇ ਇਸਦੇ ਕੰਨ ਦੂਜੇ ਪੰਛੀਆਂ ਤੋਂ ਭਿੰਨ ਹੁੰਦੇ ਹਨ।
- ਇਸਦੇ ਵੱਡੇ ਆਕਾਰ ਦੇ ਕੰਨ ਅਣਢੱਕੇ ਹੋਣ ਕਰ ਕੇ ਖੁੱਲ੍ਹੇ ਹੀ ਹੁੰਦੇ ਹਨ ਅਤੇ ਇਸੇ ਕਰਕੇ ਹਲਕੀ ਤੋਂ ਹਲਕੀ ਆਵਾਜ਼ ਵੀ ਆਸਾਨੀ ਨਾਲ ਸੁਣ ਸਕਦੇ ਹਨ।
- ਉੱਲੂ ਦੇ ਖੰਭ ਇੰਨੇ ਮੁਲਾਇਮ ਹੁੰਦੇ ਹਨ ਕਿ ਜਦ ਇਹ ਉੱਡਦਾ ਹੈ ਤਾਂ ਜ਼ਰਾ ਵੀ ਆਵਾਜ਼ ਨਹੀਂ ਆਉਂਦੀ ਹੈ। ਇਸੇ ਕਰਕੇ ਜਦ ਤਕ ਇਹ ਕਿਸੇ ਸ਼ਿਕਾਰ ਨੂੰ ਦਬੋਚ ਨਹੀਂ ਲੈਂਦਾ, ਉਸ ਨੂੰ ਜ਼ਰਾ ਵੀ ਆਭਾਸ ਨਹੀਂ ਹੁੰਦਾ ਕੀ ਹਮਲਾ ਕਿਦਰੋਂ ਦੀ ਕੀਤਾ ਗਿਆ ਹੈ।
- ਉੱਲੂ ਆਪਣੇ ਸ਼ਿਕਾਰ ਨੂੰ ਨੋਚ-ਨੋਚ ਕੇ ਖਾਣ ਦੀ ਥਾਂ ਸਿੱਧਾ ਨਿਗਲ ਜਾਂਦਾ ਹੈ। ਇਸਦੇ ਪੈਰ ਪਰਾਂ ਨਾਲ ਢੱਕੇ ਹੁੰਦੇ ਹਨ।
- ਉੱਲੂਆਂ ਨੂੰ ਕਿਸਾਨਾਂ ਦਾ ਮਿੱਤਰ ਕਿਹਾ ਜਾਂਦਾ ਹੈ। ਰਾਤ ਦੇ ਹਨੇਰੇ ਵਿਚ ਜਦ ਸਾਰਾ ਸੰਸਾਰ ਗਹਿਰੀ ਨੀਂਦ ਸੌਂ ਰਿਹਾ ਹੁੰਦਾ ਹੈ ਤਾਂ ਇਹ ਬਿਨਾਂ ਕਿਸੇ ਦੀ ਪ੍ਰਵਾਹ ਕੀਤਿਆਂ ਅਨਾਜ ਦੇ ਦੁਸ਼ਮਣ ਚੂਹਿਆਂ ਦਾ ਸਫਾਇਆ ਕਰਨ ਵਿਚ ਰੁੱਝ ਜਾਂਦਾ ਹੈ।
- ਸਾਡੇ ਦੇਸ਼ ਵਿਚ ਉੱਲੂਆਂ ਦੀਆਂ 56 ਕਿਸਮਾਂ ਹਨ। ਇਨ੍ਹਾਂ ਵਿੱਚੋਂ ਤਿੰਨ ਕਿਸਮਾਂ ਦੇ ਉੱਲੂਆਂ ਦੀ ਗਿਣਤੀ 90 ਫ਼ੀਸਦੀ ਦੇ ਕਰੀਬ ਹੈ, ਜਦਕਿ ਬਾਕੀ ਕਿਸਮਾਂ ਦੇ ਉੱਲੂ ਸਿਰਫ਼ ਦਸ ਫ਼ੀਸਦੀ ਗਿਣਤੀ ਵਿਚ ਪਾਏ ਜਾਂਦੇ ਹਨ।
- ਭਾਰਤ ਵਿਚ ਸਭ ਤੋਂ ਵੱਧ ਮਾਤਰਾ ਵਿਚ ਸਿੰਗਾਂ ਵਾਲਾ ਉੱਲੂ ਹੀ ਪਾਏ ਜਾਂਦੇ ਹਨ। ਗਹਿਰੇ ਬਾਦਾਮੀ ਤੇ ਕਾਲੇ-ਕਾਲੇ ਧੱਬਿਆਂ ਵਾਲਾ ਇਸ ਉੱਲੂ ਦੇ ਸਿਰ 'ਤੇ ਦੋ ਕਾਲੀਆਂ-ਕਾਲੀਆਂ ਕਲਗੀਆਂ ਹੁੰਦੀਆਂ ਹਨ ਅਤੇ ਇਹ ਸਿੰਗਾਂ ਵਰਗੀਆਂ ਵਿਖਾਈ ਦੇਣ ਕਰਕੇ ਇਸ ਨੂੰ ਸਿੰਗਾਂ ਵਾਲਾ ਉੱਲੂ ਕਿਹਾ ਜਾਂਦਾ ਹੈ।
- ਇਸ ਦਾ ਆਕਾਰ ਕਾਂ ਤੋਂ ਕੁਝ ਵੱਡਾ ਹੁੰਦਾ ਹੈ।
- ਇਸ ਦੇ ਆਂਡਿਆਂ ਦੀ ਸੰਖਿਆ 3 ਤੋਂ 4 ਹੁੰਦੀ ਹੈ।
- ਦੂਜੇ ਪੰਛੀ ਇਸ ਨੂੰ ਵੇਖ ਕੇ ਸ਼ੋਰ ਮਚਾਉਂਦੇ ਹਨ ਪਰ ਉੱਲੂ ਕਿਸੇ ਨੂੰ ਵੀ ਪਰੇਸ਼ਾਨ ਨਹੀਂ ਕਰਦਾ ਸਗੋਂ ਪੰਛੀਆਂ ਦੇ ਰੌਲੇ-ਗੌਲੇ ਤੋਂ ਬਚਣ ਲਈ ਆਪਣੇ ਆਪ ਨੂੰ ਪੱਤਿਆਂ ਵਿਚ ਛੁਪਾ ਲੈਂਦਾ ਹੈ।
- ਰਾਤ ਸਮੇਂ ਇਕ ਉੱਲੂ ਦੀ ਆਵਾਜ਼ ਸੁਣ ਕੇ ਦੂਜਾ ਉੱਲੂ ਨੇੜੇ ਹੋਣ 'ਤੇ ਉਸ ਆਵਾਜ਼ ਦਾ ਜਵਾਬ ਦਿੰਦਾ ਹੈ ਅਤੇ ਇੰਜ ਦੋਵਾਂ ਵਿਚ ਇਕ ਵਾਰਤਾਲਾਪ ਸ਼ੁਰੂ ਹੋ ਜਾਂਦੀ ਹੈ ਜੋ ਕਿ ਦੇਰ ਤਕ ਚਲਦੀ ਰਹਿੰਦੀ ਹੈ।
- ਕਿਸੇ ਦੀ ਨਜ਼ਰ ਪੈਣ ਦਾ ਅਹਿਸਾਸ ਹੋਣ 'ਤੇ ਇਹ ਅਤਿਅੰਤ ਗੁੱਸੇ ਨਜ਼ਰ ਆਉਂਦਾ ਹੈ ਤੇ ਫਿਰ ਉੱਡ ਜਾਂਦਾ ਹੈ ਤਾਂ ਹੀ, ਇਸ ਨੂੰ ਇਕ ਸ਼ਰਮੀਲਾ ਪੰਛੀ ਵੀ ਮੰਨਿਆ ਗਿਆ ਹੈ।
- ਅੱਧੀ ਰਾਤ ਸਮੇਂ ਵਿਚਿੱਤਰ ਆਵਾਜ਼ਾਂ ਕੱਢਣ ਵਾਲੇ ਉੱਲੂ ਨੂੰ ਦੁਰਘਟਨਾ ਜਾਂ ਅਪਸ਼ਗਨ ਦਾ ਸੂਚਕ ਮੰਨਣਾ ਇਕ ਗ਼ਲਤੀ ਹੈ ਅਤੇ ਇਕ ਵੱਡਾ ਭੁਲੇਖਾ ਵੀ। ਅਸਲ ਵਿਚ ਰਾਤ ਸਮੇਂ ਜ਼ਰਾ ਕੁ ਹਿੱਲਜੁੱਲ ਜਾਂ ਆਵਾਜ਼ ਨੂੰ ਮਹਿਸੂਸ ਕਰਕੇ ਇਹ ਕਿਸੇ ਭਿਆਨਕ ਤਰਾਸਦੀ ਦੀ ਅਗਾਊਂ ਸੂਚਨਾ ਦਿੰਦਾ ਹੈ। ਭੂਚਾਲ, ਤੂਫ਼ਾਨ ਜਾਂ ਅੱਗ ਵਰਗੀਆਂ ਕੁਦਰਤੀ ਆਫ਼ਤਾਂ ਤੋਂ ਬਿਨਾ ਜੇ ਕੋਈ ਹੋਰ ਦੁਰਘਟਨਾ ਆਦਿ ਵੀ ਵਾਪਰ ਜਾਵੇ ਤਾਂ ਇਹ ਅਨੋਖੀ ਆਵਾਜ਼ ਕੱਢਦਾ ਹੈ ਜਿਸ ਨੂੰ ਸਮਝ ਕੇ ਅਸੀਂ ਆਪਣਾ ਬਚਾਓ ਕਰ ਸਕਦੇ ਹਾਂ ਪਰ ਅਸੀਂ ਇਸ ਦੀ ਆਵਾਜ਼ ਨੂੰ ਉਲਟਾ ਅਪਸ਼ਗਨੀ ਦਾ ਸੂਚਕ ਜਾਂ ਸੰਕੇਤ ਸਮਝਣ ਦੀ ਥਾਂ ਇਸ ਦਾ ਕਾਰਨ ਸਮਝ ਲੈਂਦੇ ਹਾਂ।
- ਬਾਹਰਲੇ ਦੇਸ਼ਾਂ ਵਿਚ ਉੱਲੂ ਦੀਆਂ ਇਨ੍ਹਾਂ ਵਿਸ਼ੇਸ਼ਤਾਵਾਂ ਕਰ ਕੇ ਇਸ ਨੂੰ ਅੰਨ ਦੇ ਭੰਡਾਰਾਂ ਕੋਲ ਬਿਠਾਇਆ ਜਾਂਦਾ ਹੈ ਅਤੇ ਜਦ ਵੀ ਇਹ ਕੋਈ ਹਿੱਲਜੁੱਲ ਮਹਿਸੂਸ ਕਰਦਾ ਹੈ ਤਾਂ ਇਹ ਅਜੀਬ ਆਵਾਜ਼ ਦੁਆਰਾ ਸਾਰਿਆਂ ਨੂੰ ਚੌਕੰਨਾ ਕਰ ਦਿੰਦਾ ਹੈ। ਇਸ ਲਈ ਇਸ ਨੂੰ ਇਕ ਵਧੀਆ ਦੋਸਤ ਵੀ ਸਮਝਿਆ ਜਾਂਦਾ ਹੈ।
- ਭਾਰਤ 'ਚ ਆਦਿ-ਕਾਲ ਵਿਚ ਇਸ ਨੂੰ ਲਕਸ਼ਮੀ ਦੇਵੀ ਦਾ ਵਾਹਨ ਮੰਨ ਕੇ ਪੂਜਿਆ ਜਾਂਦਾ ਰਿਹਾ ਹੈ ਜਦਕਿ ਯੂਨਾਨੀ ਲੋਕ ਇਸ ਨੂੰ ਸਰਸਵਤੀ ਦਾ ਵਾਹਨ ਮੰਨਦੇ ਹਨ।

ਕਈ ਲੋਕ ਇਸ ਦੀ ਪੂਜਾ ਕਰਦੇ ਹਨ ਤੇ ਕਈ ਇਸ ਨੂੰ ਅਪਸ਼ਗਨ ਦਾ ਸੂਚਕ ਮੰਨਦੇ ਹਨ। •

**98885-69669**

***ਅਸਲ ਵਿਚ ਉੱਲੂ ਇਕ ਅਨੋਖਾ ਅਤੇ ਲਾਭਕਾਰੀ ਪੰਛੀ ਹੈ। ਭਾਵੇਂ ਇਹ ਕੋਇਲ, ਬੁਲਬੁਲ, ਮੋਰ ਜਾਂ ਪਪੀਹੇ ਵਾਂਗ ਖ਼ੂਬਸੂਰਤ ਆਵਾਜ਼ ਜਾਂ ਸ਼ਕਲ ਦਾ ਮਾਲਕ ਨਾ ਹੋਵੇ ਪਰ ਇਸ ਦੀ ਸੂਰਤ, ਸੀਰਤ, ਆਚਰਣ ਅਤੇ ਅਦਾ ਵਿਚ ਜੋ ਵਿਲੱਖਣਤਾ ਹੈ, ਉਹ ਵੀ ਕਿਸੇ ਹੁਸਨ ਤੋਂ ਘੱਟ ਨਹੀਂ....***

# ਜ਼ਿੰਦਗੀ ਤੇ ਖੇੜਾ



**ਯਸ਼ਪਾਲ ਮਾਨਵੀ**

ਸ਼ਾਇਦ ਹੀ ਕੋਈ ਮਨੁੱਖ ਹੋਵੇ ਜਿਹੜਾ ਕਦੇ ਨਾ ਖਿਝਿਆ ਹੋਵੇ। ਜਦੋਂ ਕਿਸੇ ਵੀ ਕਾਰਨ ਮਨ ਵਿੱਚ ਖਿਝ ਆ ਜਾਵੇ ਤਾਂ ਮਨ ਬੁੱਝ ਜਾਂਦਾ ਹੈ। ਬਿਲਕੁਲ ਉਵੇਂ ਜਿਵੇਂ ਫੁੱਲ ਮੁਰਝਾਇਆ ਹੋਵੇ। ਜ਼ਿੰਦਗੀ ਦਾ ਸੁਆਦ ਫਿੱਕਾ ਪੈ ਜਾਂਦਾ ਹੈ। ਮੇਰਾ ਇੱਕ ਮਿੱਤਰ ਡਾਕਟਰ ਸੀ। ਉਸ ਨੇ ਆਪਣੇ ਇੱਕ ਸਹਾਇਕ ਦੀ ਗੱਲ ਦੱਸੀ ਜਿਹੜਾ ਹਰ ਵੇਲੇ ਖਿਝਿਆ ਜਿਹਾ ਰਹਿੰਦਾ ਸੀ। ਉਨ੍ਹਾਂ ਦੱਸਿਆ, 'ਮੈਂ ਕਿਹਾ-ਕੋਈ ਗੱਲ ਹੈ ਤਾਂ ਦੱਸ ਐਵੇਂ ਖਿਝਿਆ ਜਿਹਾ ਨਾ ਰਿਹਾ ਕਰ। ਖਿਝਿਆ ਖਿਝਿਆ ਰਿਹਾ ਕਰ। ਗੱਲ ਕਰਦੀ ਸੀ ਜ਼ਿੰਦਗੀ ਦਾ ਫਲਸਫਾ ਲਕੋਈ ਬੈਠਾ ਸੀ।' ਇਹ ਮਨੁੱਖ ਦੇ ਸੁਭਾਅ ਦਾ ਮਸਲਾ ਹੈ। ਕਹਿੰਦੇ ਹਨ ਭਾਗ ਬਦਲ ਜਾਂਦੇ ਹਨ, ਸੁਭਾਅ ਨਹੀਂ ਬਦਲਦੇ। ਨਿਰਸੰਦੇਹ ਸੁਭਾਅ 'ਤੇ ਬਹੁਤ ਕੁਝ ਨਿਰਭਰ ਹੁੰਦਾ ਹੈ। ਕਈ ਤਾਂ ਬੁਝੇ ਹੀ ਰਹਿੰਦੇ ਹਨ, ਪਰ ਕਈ ਖੇੜੇ ਵਿੱਚ ਰਹਿੰਦੇ ਹਨ। ਹਾਲਾਂਕਿ ਹਾਲਤ ਦਾ ਫਰਕ ਨਹੀਂ ਹੁੰਦਾ। ਉਰਦੂ ਦਾ ਸ਼ੇਅਰ ਹੈ:

ਹਜੂਮੇ ਗ਼ਮ ਮੇਰੀ ਫ਼ਿਤਰਤ ਨਹੀਂ ਬਦਲ ਸਕਤੇ
ਮੇਰੀ ਆਦਤ ਹੈ ਮੁਸਕਰਾਨੇ ਕੀ।

ਪਰ ਤਾਂ ਵੀ ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾਉਣ ਲਈ ਖਿੜੇ ਰਹਿਣ ਦਾ ਢੰਗ ਸਿੱਖਣਾ ਹੀ ਪਵੇਗਾ। ਭਾਈ ਵੀਰ ਸਿੰਘ ਨੇ 'ਖੇੜਾ' ਨਾਂ ਦੀ ਕਵਿਤਾ ਵਿੱਚ ਬਹੁਤ ਖ਼ੂਬਸੂਰਤ ਸ਼ਬਦ ਮੜ੍ਹੇ ਹਨ:

ਸੂਰਤ ਸਦਾ ਖਿੜਦੀ ਰਹੇ
ਕਦੇ ਨਾ ਮਿਲੇ ਗੜ੍ਹਾਇ
ਖੇੜਾ ਛੱਡ ਕੇ ਢੱਠਿਆ
ਕਿਤੇ ਨਾ ਮਿਲੇ ਟਿਕਾਇ।

ਖਿਝੇ ਮਨੁੱਖ ਕੋਲ ਕੋਈ ਨਹੀਂ ਬੈਠਣਾ ਚਾਹੁੰਦਾ। ਇਹ ਵੀ ਤਾਂ ਛੂਤ ਦੇ ਰੋਗ ਵਾਂਗ ਆਪਣਾ ਅਸਰ ਛੱਡਦੀ ਹੈ। ਜ਼ਿੰਦਗੀ ਵਿੱਚ ਬਹੁਤਾ ਸਾਵਧਾਨ ਰਹਿਣਾ ਵੀ ਚੰਗਾ ਨਹੀਂ ਹੁੰਦਾ। ਬੇਫ਼ਿਕਰ ਹੋਣਾ ਲੋੜੀਂਦਾ ਹੈ, ਬੇਪਰਵਾਹੀ ਨਹੀਂ ਚੱਲੇਗੀ। ਬਹੁਤੀ ਸਾਵਧਾਨੀ ਵਿੱਚ ਰਾਹਤ ਦੇ ਪਲ਼ ਨਸੀਬ ਨਹੀਂ ਹੋ ਸਕਦੇ। ਗਿਲ਼ੇ ਸ਼ਿਕਵੇ ਮਨੁੱਖ ਦੀ ਤਾਕਤ ਨੂੰ ਖਾ ਜਾਂਦੇ ਹਨ। ਲੰਘੇ ਵਕਤ ਦੇ ਪਛਤਾਵੇ ਤੇ ਪ੍ਰਛਾਵੇਂ ਮਨੁੱਖ ਨੂੰ ਭੂਤ ਬਣ ਚਿੰਬੜਨ ਦੀ ਕੋਸ਼ਿਸ਼ ਵਿੱਚ ਹੁੰਦੇ ਹਨ। ਲੋੜ ਹੈ ਇਨ੍ਹਾਂ ਪਿਛਾਂਹ ਖਿੱਚੂ ਤਾਕਤਾਂ ਤੋਂ ਮਨ ਨੂੰ ਆਜ਼ਾਦ ਕਰਾਉਣ ਦੀ। ਜ਼ਿੰਦਗੀ ਵਿੱਚ ਖੇੜਾ ਇੱਕ ਸੁਰ ਕੀਤੇ ਬਿਨਾਂ ਨਹੀਂ ਆ ਸਕਦਾ। ਇੱਕਸੁਰਤਾ ਹੀ ਸੰਗੀਤ ਪੈਦਾ ਕਰਦੀ ਹੈ, ਨਹੀਂ ਤਾਂ ਰੌਲਾ ਹੀ ਹੁੰਦਾ ਹੈ। ਪ੍ਰੇਸ਼ਾਨ ਕਰਨ ਵਾਲਾ ਸ਼ੋਰ ਹੁੰਦਾ ਹੈ। ਖੇੜੇ ਲਈ ਮਨੁੱਖ ਨੂੰ ਇਹ ਧਰਮ ਨਿਭਾਉਣਾ ਪਵੇਗਾ ਕਿ ਉਹ ਮਨ ਅੰਦਰ ਆਪਣੇ ਭਾਂਬੜ ਐਵੇਂ ਨਾ ਬਾਲੀ ਰੱਖੇ ਕਿਸੇ ਨੇੜਲੇ ਸਾਥੀ ਜਾਂ ਮਿੱਤਰ ਪਿਆਰੇ ਨਾਲ ਸਾਂਝੀ ਕਰ ਕੇ ਉਸ ਨੂੰ ਬੁਝਾਵੇ। ਪੰਜਾਬੀ ਵਿੱਚ ਕਹਾਵਤ ਹੈ ਕਿ ਜੇ ਕੋਈ ਨੇੜੇ ਨਹੀਂ ਹੈ ਤਾਂ ਕੰਧ ਨਾਲ ਵੀ ਗੱਲ ਸਾਂਝੀ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਮਨ ਦਾ ਭਾਰ ਹਲਕਾ ਹੋ ਜਾਂਦਾ ਹੈ ਤੇ ਮੱਥੇ ਤੋਂ ਤਿਓੜੀਆਂ ਲਹਿ ਜਾਂਦੀਆਂ ਹਨ। ਖੇੜੇ ਨੂੰ ਜ਼ਿੰਦਗੀ ਵਿੱਚ ਭਰਨਾ ਕਿੰਨਾ ਜ਼ਰੂਰੀ ਹੈ ਇਹ ਰੁੱਖ ਨਾਲ ਸਮਝਦੇ ਹਾਂ। ਜਿੰਨਾ ਚਿਰ ਰੁੱਖ ਹਰਾ ਭਰਾ ਤੇ ਫ਼ਲਦਾਰ ਰਹਿੰਦਾ ਹੈ ਉਸ ਦਾ ਪਾਲਣ ਪੋਸ਼ਣ ਹੁੰਦਾ ਹੈ। ਪਰ ਜਦੋਂੜ ਤਾਂ ਭਾਈ ਵੀਰ ਸਿੰਘ ਜੀ ਇਉਂ ਕਹਿੰਦੇ ਹਨ:

ਛੱਡਿਆ ਜਦ ਖਿੜਨਾ ਅਸਾਂ
ਰੰਗ ਰੂਪ ਰਸ ਨਾਲ।
ਤਦੋਂ ਕੁਹਾੜਾ ਆ ਗਿਆ
ਫਿਰਿਆ ਸ਼ਾਖੋ ਸ਼ਾਖ
ਜੜ੍ਹ ਮੂਲੋਂ ਵੱਢ ਸੁੱਟਿਆ
ਢੇਰੀ ਕੀਤਾ ਖ਼ਾਕ।

ਇਸ ਲਈ ਦੁਬਾਰਾ ਜ਼ਿੰਦਗੀ ਦੀ ਪਾਰੀ ਨਹੀਂ ਮਿਲਣੀ। ਖਿੜੇ ਰਹੋ ਤੇ ਖੇੜੇ ਵੰਡਦੇ ਰਹੋ।

ਸੰਪਰਕ: 94635-86655




# ਮੁਹੱਬਤ ਦਾ ਖ਼ੂਨੀ ਅੰਤ



ਮੱਧ ਪ੍ਰਦੇਸ਼ ਦੇ ਇੰਦੌਰ ਦੇ ਥਾਣਾ ਚੰਦਨ ਨਗਰ ਦੇ ਰਹਿਣ ਵਾਲੇ 21 ਸਾਲ ਦੇ ਸਲਮਾਨ ਸ਼ੇਖ ਦੇ ਅਚਾਨਕ ਲਾਪਤਾ ਹੋ ਜਾਣ ਕਾਰਨ ਉਸ ਦੇ ਘਰ ਵਾਲੇ ਕਾਫ਼ੀ ਪ੍ਰੇਸ਼ਾਨ ਸਨ। ਉਹ ਫ਼ੈਬਰੀਕੇਸ਼ਨ ਦਾ ਕੰਮ ਕਰਦਾ ਸੀ। ਘਰ ਤੋਂ ਕੰਮ ਦੇ ਲਈ ਨਿਕਲਿਆ ਸਲਮਾਨ ਘਰੇ ਵਾਪਸ ਨਾ ਆਇਆ ਤਾਂ 9 ਜਨਵਰੀ 2017 ਨੂੰ ਉਸ ਦੇ ਵੱਡੇ ਭਰਾ ਤੌਕੀਰ ਸ਼ੇਖ ਨੇ ਥਾਣਾ ਚੰਦਰਨਗਰ ਵਿੱਚ ਉਸ ਦੀ ਗੁੰਮਸ਼ੁਦਗੀ ਦਰਜ ਕਰਵਾ ਦਿੱਤੀ। ਗੁੰਮਸ਼ੁਦਗੀ ਦਰਜ ਕਰਾਉਂਦੇ ਵਕਤ ਉਸ ਨੇ ਆਪਣੇ ਘਰ ਦੇ ਸਾਹਮਣੇ ਰਹਿਣ ਵਾਲੇ ਰਊਫ਼ ਖਾਨ ਅਤੇ ਉਸ ਦੇ ਡਰਾਈਵਰ ਸੱਦਾਮ ਤੇ ਭਰਾ ਨੂੰ ਗਾਇਬ ਕਰਨ ਦਾ ਸ਼ੱਕ ਜ਼ਾਹਿਰ ਕੀਤਾ।

ਰਾਊਫ਼ ਖਾਨ ਵੱਡੀਆਂ-ਵੱਡੀਆਂ ਬਿਲਡਿੰਗਾਂ ਦੀ ਮੁਰੰਮਤ ਅਤੇ ਰੰਗ-ਰੰਗਾਈ ਦਾ ਠੇਕਾ ਲੈਂਦਾ ਸੀ। ਉਸ ਦੇ ਕੋਲ ਕਾਫ਼ੀ ਮਜ਼ਦੂਰ ਕੰਮ ਕਰਦੇ ਸਨ। ਸਲਮਾਨ ਵੀ ਪਹਿਲਾਂ ਉਸ ਕੋਲ ਨੌਕਰੀ ਕਰਦਾ ਸੀ ਪਰ ਸਾਲ ਭਰ ਪਹਿਲਾਂ ਉਸ ਨੇ ਸਲਮਾਨ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਸੀ।

ਰਾਊਫ਼ ਖਾਨ ਚੰਗਾ ਖਾਂਦਾ-ਪੀਂਦਾ ਆਦਮੀ ਸੀ। ਉਹ ਆਜ਼ਾਦ ਉਮੀਦਵਾਰ ਦੇ ਰੂਪ ਵਿੱਚ ਵਿਧਾਨ ਸਭਾ ਚੋਣ ਵੀ ਲੜ ਚੁੱਕਾ ਸੀ। ਉਸ ਦੀ ਪਹੁੰਚ ਵੀ ਉਚੀ ਸੀ, ਇਸ ਕਰਕੇ ਬਿਨਾਂ ਕਿਸੇ ਠੋਸ ਸਬੂਤ ਦੇ ਪੁਲਿਸ ਉਸ ਨੂੰ ਪਕੜਨ ਤੋਂ ਕਤਰਾ ਰਹੀ ਸੀ।

ਪੁਲਿਸ ਨੇ ਲਾਪਤਾ ਸਲਮਾਨ ਸ਼ੇਖ ਦੇ ਨੰਬਰ ਦੀ ਕਾਲ ਡਿਟੇਲ ਕਢਵਾਈ ਤਾਂ ਉਸ ਵਿੱਚ ਹੈਰਾਨ ਕਰਨ ਵਾਲੀ ਜਾਣਕਾਰੀ ਇਹ ਮਿਲੀ ਕਿ ਸਲਮਾਨ ਦੀ ਸਭ ਤੋਂ ਜ਼ਿਆਦਾ ਅਤੇ ਲੰਮੀਆਂ ਗੱਲਾਂ ਰਾਊਫ਼ ਦੀ ਪਤਨੀ ਸ਼ਬਨਮ ਨਾਲ ਹੋਈਆਂ ਸਨ। ਰਾਊਫ਼ ਦੁਆਰਾ ਨੌਕਰੀ ਤੋਂ ਕੱਢ ਦੇਣ ਬਾਅਦ ਵੀ ਉਸ ਦੀਆਂ ਸ਼ਬਨਮ ਨਾਲ ਗੱਲਾਂ ਹੁੰਦੀਆਂ ਰਹਿੰਦੀਆਂ ਸਨ। ਇਹਨਾਂ ਗੱਲਾਂ ਤੋਂ ਥਾਣਾ ਚੰਦਨ ਨਗਰ ਦੀ ਪੁਲਿਸ ਨੂੰ ਲੱਗਿਆ ਕਿ ਸ਼ਾਇਦ ਇਸੇ ਕਾਰਨ ਸਲਮਾਨ ਦੇ ਘਰ ਵਾਲੇ ਰਾਊਫ਼ ਖਾਨ ਤੇ ਸ਼ੱਕ ਜਾਹਿਰ ਕਰ ਰਹੇ ਸਨ।

ਉਹਨਾਂ ਨੇ ਸਲਮਾਨ ਦੇ ਭਰਾ ਤੌਕੀਰ ਤੋਂ ਰਾਊਫ਼ ਅਤੇ ਉਸ ਦੇ ਰਿਸ਼ਤੇਦਾਰਾਂ ਬਾਰੇ ਪੁੱਛਿਆ ਤਾਂ ਉਸ ਨੈ ਦੱਸਿਆ ਕਿ ਉਸ ਦੇ ਕਈ ਨਜ਼ਦੀਕੀ ਰਿਸ਼ਤੇਦਾਰ ਧਾਰ ਜ਼ਿਲ੍ਹੇ ਦੇ ਧਰਮਪੁਰੀ ਵਿੱਚ ਰਹਿੰਦੇ ਹਨ। ਤੌਕੀਰ ਦੀ ਇਸ ਗੱਲ ਤੇ ਉਹਨਾਂ ਨੂੰ 5 ਦਿਨਟ ਪਹਿਲਾਂ ਧਰਮਪੁਰੀ ਵਿੱਚ ਮਿਲੀ ਲਾਸ਼ ਦੀ ਗੱਲ ਯਾਦ ਆ ਗਈ।

ਦਰਅਸਲ 10 ਜਨਵਰੀ 2017 ਨੂੰ ਧਾਰ ਜ਼ਿਲ੍ਹੇ ਦੀ ਧਰਮਪੁਰੀ ਪੁਲਿਸ ਦੁਆਰਾ ਬੈਂਟ ਸੰਸਥਾ ਦੇ ਜੰਗਲ ਵਿੱਚ ਲਾਸ਼ ਪਈ ਹੋਣ ਦੀ ਖਬਰ ਮਿਲੀ ਸੀ। ਅਧਿਕਾਰੀਆਂ ਨੂੰ ਸੂਚਨਾ ਦੇ ਕੇ ਉਹ ਪੁਲਿਸ ਅਫ਼ਸਰ ਉਥੇ ਪਹੁੰਚੇ, ਉਥੇ ਇੱਕ ਲਾਸ਼ ਪਈ ਸੀ, ਜਿਸ ਦਾ ਸਿਰ ਕਾਫ਼ੀ ਖਰਾਬ ਹਾਲਤ ਵਿੱਚ ਸੀ। ਸ਼ਾਇਦ ਜੰਗਲੀ ਜਾਨਵਰਾਂ ਨੇ ਉਸਨੂੰ ਨੋਚ ਦਿੱਤਾ ਸੀ। ਉਸ ਦਾ ਗੁਪਤ ਅੰਗ ਵੀ ਕੱਟਿਆ ਹੋਇਆ ਸੀ। ਲਾਸ਼ ਦੀ ਸਥਿਤੀ ਦੇਖ ਕੇ ਪੁਲਿਸ ਨੂੰ ਮਹਿਸੂਸ ਹੋਇਆ ਕਿ ਹੱਤਿਆ ਪ੍ਰੇਮ ਪ੍ਰਸੰਗ ਵਿੱਚ ਕੀਤੀ ਗਈ ਹੈ ਕਿਉਂਕਿ ਪ੍ਰੇਮ ਪ੍ਰਸੰਗ ਵਿੱਚ ਅਕਸਰ ਇਸੇ ਤਰ੍ਹਾਂ ਹੱਤਿਆਵਾਂ ਹੁੰਦੀਆਂ ਹਨ।

ਪੁਲਿਸ ਨੇ ਲਾਸ਼ ਦੀ ਸ਼ਨਾਖਤ ਲਈ ਜਦੋਂ ਮ੍ਰਿਤਕ ਦੇ ਕੱਪੜਿਆਂ ਦੀ ਤਲਾਸ਼ੀ ਲਈ ਤਾਂ ਪੈਂਟ ਦੀ ਜੇਬ ਤੋਂ ਇੱਕ ਪਰਸ ਮਿਲਿਆ, ਜਿਸ ਵਿੱਚ ਇੱਕ ਲੜਕੇ ਅਤੇ ਲੜਕੀ ਦੀ ਤਸਵੀਰ ਤੋਂ ਇਲਾਵਾ ਹਿਸਾਬ ਦੀ ਡਾਇਰੀ ਅਤੇ ਤੰਬਾਕੂ ਦੀ ਇੱਕ ਪੁੜੀ ਮਿਲੀ। ਉਸ ਵਿੱਚ ਕੁਝ ਅਜਿਹਾ ਨਹੀਂ ਸੀ, ਜਿਸ ਤੋਂ ਮ੍ਰਿਤਕ ਦੀ ਪਛਾਣ ਹੋ ਸਕੇ।

ਮ੍ਰਿਤਕ ਦੇ ਗਲੇ ਵਿੱਚ ਤੁਲਸੀ ਦੀ ਇੱਕ ਮਾਲਾ ਪਈ ਸੀ, ਜਿਸ ਤੋਂ ਅੰਦਾਜ਼ਾ ਸੀ ਕਿ ਲਾਸ਼ ਕਿਸੇ ਹਿੰਦੂ ਦੀ ਹੈ। ਲਾਸ਼ ਦੀ ਸ਼ਨਾਖਤ ਨਾ ਹੋਸਕੀ ਤਾਂ ਪੁਲਿਸ ਨੇ ਘਟਨਾ ਸਥਾਨ ਤੇ ਸਾਰੀ ਕਾਰਵਾਇ. ਨਿਪਟਾ ਕੇ ਉਸਨੂੰ ਪੋਸਟ ਮਾਰਟਮ ਲਈ ਭਿਜਵਾ ਦਿੱਤਾ। ਇਸ ਤੋਂ ਬਾਅਦ ਲਾਸ਼ ਦੀ ਸ਼ਨਾਖਤ ਦੇ ਲਈ ਇਹ ਜਾਣਕਾਰੀ ਆਪਣੇ ਜ਼ਿਲ੍ਹੇ ਵਿੱਚ ਹੀ ਨਹੀਂ, ਆਸ ਪਾਸ ਦੇ ਜ਼ਿਲ੍ਹਿਆਂ ਵਿੱਚ ਵੀ ਭੇਜ ਦਿੱਤੀ। ਉਸ ਜਾਣਕਾਰੀ ਦੇ ਆਧਾਰ ਤੇ ਥਾਣਾ ਚੰਦਨਨਗਰ ਦੇ ਪੁਲਿਸ ਮੁਖੀ ਨੂੰ ਜਦੋਂ ਪਤਾ ਲੱਗਿਆ ਕਿ ਰਾਊਫ਼ ਦੀ ਰਿਸ਼ਤੇਦਾਰੀ ਧਰਮਪੁਰੀ ਵਿੱਚ ਹੈ ਤਾਂ ਉਸਨੂੰ ਲੱਗਿਆ ਕਿ ਉਹ ਲਾਸ਼ ਸਲਮਾਨ ਸ਼ੇਖ ਦੀ ਹੋ ਸਕਦੀ ਹੈ।

ਉਹਨਾ ਨੇ ਤੁਰੰਤ ਲਾਪਤਾ ਸਲਮਾਨ ਸ਼ੇਖ ਦੇ ਘਰ ਵਾਲਿਆ ਨੂੰ ਥਾਣਾ ਧਰਮਪੁਰੀ ਜਾਣ ਦੀ ਸਲਾਹ ਦਿੱਤੀ। ਤੌਕੀਰ ਪਿਤਾ ਦੇ ਨਾਲ ਥਾਣੇ ਪਹੁੰਚਿਆ ਤਾਂ ਪਤਾ ਲੱਗਿਆ ਕਿ ਲਾਸ਼ ਤਾਂ ਦਫ਼ਨਾ ਦਿੱਤੀ ਹੈ। ਪੁਲਿਸ ਨੇ ਉਹਨਾਂ ਨੂੰ ਲਾਸ਼ ਕੋਲੋਂ ਮਿਲਿਆ ਕੁਝ ਸਮਾਨ ਦਿਖਾਇਆ ਤਾਂ ਉਹਨਾਂ ਨੇ ਉਸ ਵਿੱਚ ਰੱਖੀ ਇੱਕ ਅੰਗੂਠੀ ਦੇਖ ਕੇ ਕਿਹਾ ਕਿ ਉਹ ਲਾਸ਼ ਸਲਮਾਨ ਸ਼ੇਖ ਦੀ ਸੀ, ਪਰ ਇਹ ਤੁਲਸੀ ਦੀ ਮਾਲਾ ਉਹਨਾਂ ਦਾ ਮੁੰਡਾ ਕਿਉਂ ਪਾਵੇਗਾ।

ਪੁਲਿਸ ਸਮਝ ਗਈ ਕਿ ਹੱਤਿਆਰੇ ਨੇ ਪੁਲਿਸ ਨੂੰ ਗੁਮਰਾਹ ਕਰਨ ਲਈ ਤੁਲਸੀ ਦੀ ਮਾਲਾ ਪਾ ਕੇ ਉਸ ਦਾ ਗੁਪਤ ਅੰਗ ਕੱਟ ਦਿੱਤਾ ਸੀ। ਪੁਲਿਸ ਨੂੰ ਭਰਮਾਉਣ ਲਈ ਹਤਿਆਰੇ ਨੇ ਜੇਬ ਵਿੱਚ ਲੜਕੀ ਅਤੇ ਲੜਕੇ ਦੀ ਤਸਵੀਰ ਵੀ ਰੱਖੀ ਸੀ। ਹੱਤਿਆਰਿਆਂ ਨੇ ਗਲਤੀ ਇਹ ਕੀਤੀ ਸੀ ਕਿ ਉਹ ਸਲਮਾਨ ਸ਼ੇਖ ਦੀ ਅੰਗੂਠੀ ਕੱਢਣਾ ਭੁੱਲ ਗਏ। ਅੰਗੂਠੀ ਤੋਂ ਹੀ ਉਸ ਦੀ ਲਾਸ਼ ਦੀ ਪਛਾਣ ਹੋ ਗਈ ਸੀ।

ਲਾਸ਼ ਦੀ ਪਛਾਣ ਹੋਣ ਤੋਂ ਅਗਲੇ ਦਿਨ ਉਪ ਜ਼ਿਲ੍ਹਾ ਅਧਿਕਾਰੀ ਦੇ ਆਦੇਸ਼ ਤੇ ਸਲਮਾਨ ਸ਼ੇਖ ਦੀ ਲਾਸ਼ ਕਢਵਾ ਕੇ ਉਸ ਦੇ ਘਰ ਵਾਲਿਆਂ ਨੂੰ ਸੌਂਪ ਦਿੱਤਾ। ਘਰ ਵਾਲਿਆਂ ਨੇ ਸਲਮਾਨ ਦੀ ਲਾਸ਼ ਲਿਆ ਕੇ ਇੰਦੌਰ ਦੇ ਇੱਕ ਕਬਰਿਸਤਾਨ ਵਿੱਚ ਦਫ਼ਨਾ ਦਿੱਤੀ। ਸਲਮਾਨ ਦੀ ਲਾਸ਼ ਮਿਲਣ ਦੀ ਸੂਚਨਾ ਮਿਲਣ ਤੇ ਉਸਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਥਾਣਾ ਚੰਦਨਨਗਰ ਵਿੱਚ ਧਰਨਾ ਦੇ ਕੇ ਹੱਤਿਆਰਿਆਂ ਨੂੰ ਜਲਦੀ ਪਕੜਨ ਦੀ ਮੰਗ ਕੀਤੀ।

ਇੱਕ ਪਾਸੇ ਜਿੱਥੇ ਮ੍ਰਿਤਕ ਸਲਮਾਨ ਸ਼ੇਖ ਦੇ ਘਰ ਵਾਲਿਆਂ ਅਤੇ ਵਾਕਫ਼ਕਾਰਾਂ ਨੇ ਪੁਲਿਸ ਤੇ ਹੱਤਿਆਰਿਆ ਨੂੰ ਗ੍ਰਿਫ਼ਤਾਰ ਕਰਨ ਦਾ ਦਬਾਅ ਪਾਇਆ, ਇੱਥੇ ਮੁਖਬਰ ਤੋਂ ਮਿਲੀ ਜਾਣਕਾਰੀ ਨੇ ਪੁਲਿਸ ਨੂੰ ਹੈਰਾਨ ਕਰ ਦਿੱਤਾ। ਮੁਖਬਰ ਨੇ ਦੱਸਿਆ ਕਿ ਸਲਮਾਨ ਨੂੰ ਆਖਰੀ ਵਾਰ ਰਾਊਫ਼ ਖਾਨ ਦੇ ਡਰਾਈਵਰ ਸੱਦਾਮ ਦੇ ਨਾਲ ਦੇਖਿਆ ਗਿਆ ਸੀ।

ਇਸ ਤੋਂ ਬਾਅਦ ਥਾਣਾ ਚੰਦਨ ਨਗਰ ਪੁਲਿਸ ਨੇ ਸ਼ਬਨਮ ਅਤੇ ਸੱਦਾਮ ਨੂੰ ਹਿਰਾਸਤ ਵਿੱਚ ਲਿਆ ਪਰ ਦੋਵੇਂ ਹੀ ਕੁਝ ਦੱਸਣ ਲਈ ਤਿਆਰ ਨਹੀਂ ਸਨ, ਕਿਉਂਕ ਪੁਲਿਸ ਦੇ ਕੋਲ ਦੋਵਾਂ ਦੇ ਖਿਲਾਫ਼ ਠੋਸ ਸਬੂਤ ਸਨ, ਇਸ ਕਰਕੇ ਪੁਲਿਸ ਨੇ ਦੋਵਾਂ ਨਾਲ ਥੋੜ੍ਹੀ ਸਖਤੀ ਕੀਤੀ ਅਤੇ ਕਾਲ ਡਿਟੇਲ ਦਿਖਾਈ ਤਾਂ ਉਹਨਾਂ ਨੇ ਅਸਲੀਅਤ ਉਗਲ ਦਿੱਤੀ।

ਸੱਦਾਮ ਨੇ ਸਵੀਕਾਰ ਕਰ ਲਿਆ ਕਿ ਸ਼ਬਨਮ ਭਾਬੀ ਨਾਲ ਸਲਮਾਨ ਸ਼ੇਖ ਦੇ ਸਬੰਧ ਸਨ, ਜਿਸ ਤੋਂ ਨਰਾਜ਼ ਹੋ ਕੇ ਰਾਊਫ਼ ਖਾਨ ਨੇ ਸਲਮਾਨ ਦੀ ਹੱਤਿਆ ਕਰਨ ਦੀ ਯੋਜਨਾ ਬਣਾਈ। ਇਸ ਯੋਜਨਾ ਵਿੱਚ ਉਸ ਤੋਂ ਇਲਾਵਾ ਰਾਊਫ਼ ਦੇ ਭਤੀਜੇ ਗੋਲੂ ਉਰਫ਼ ਜ਼ਫ਼ਰ ਅਤੇ ਜਾਵੇਦ ਵੀ ਸ਼ਾਮਲ ਸਨ।

ਇਸ ਤੋਂ ਬਾਅਦ ਉਸ ਨੇ ਸਲਮਾਨ ਸ਼ੇਖ ਦੀ ਹੱਤਿਆ ਦੀ ਜੋ ਕਹਾਦੀ ਸੁਣਾਈ, ਉਸ ਦੇ ਆਧਾਰ ਤੇ ਪੁਲਿਸ ਨੇ ਜਾਵੇਦ, ਰਾਊਫ਼ ਖਾਨ, ਗੋਲੂ ਉਰਫ਼ ਜ਼ਫ਼ਰ ਤੋਂ ਇਲਾਵਾ ਧਰਮਪੁਰੀ ਪੁਲਿਸ ਦੀ ਮਦਦ ਨਾਲ ਧਰਮਪੁਰੀ ਦੇ ਰਹਿਣ ਵਾਲੇ ਰਾਊਫ਼ ਦੇ ਇੱਕ ਰਿਸ਼ਤੇਦਾਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਬਾਅਦ ਵਿੱਚ ਇਹਨਾਂ ਸਾਰਿਆਂ ਨੂੰ ਧਰਮਪੁਰੀ ਪੁਲਿਸ ਹਵਾਲੇ ਕਰ ਦਿੱਤਾ।

ਇੰਦੌਰ ਦੇ ਥਾਣਾ ਚੰਦਨਨਗਰ ਵਿੱਚ ਰਹਿਣ ਵਾਲਾ 21 ਸਾਲ ਦਾ ਸਲਮਾਨ ਅਬਦੁਲ ਲਤੀਫ਼ ਸ਼ੇਖ ਦਾ ਮੁੰਡਾ ਸੀ। ਉਸ ਦੇ ਘਰ ਦੇ ਸਾਹਮਣੇ ਰਾਊਫ਼ ਦਾ ਘਰ ਸੀ, ਜੋ ਬਿਲਡਿੰਗਾਂ ਦੀ ਮੁਰੰਮਤ ਦਾ ਠੇਕਾ ਲੈਂਦਾ ਸੀ। ਸਲਮਾਨ ਪੜ੍ਹ ਲਿਖ ਕੇ ਕਮਾਉਣ ਲਾਇਕ ਹੋਇਟਾ ਤਾਂ ਅਬਦੁਲ ਲਤੀਫ਼ ਸ਼ੇਖ ਦੇ ਕਹਿਣ ਤੇ ਰਾਊਫ਼ ਖਾਨ ਨੇ ਉਸਨੂੰ ਵੀ ਕੰਮ ਤੇ ਲਗਾ ਲਿਆ।

ਸਲਮਾਨ ਰਾਊਫ਼ ਦਾ ਪੜੌਸੀ ਸੀ, ਇਯ ਕਰਕੇ ਉਸ ਦਾ ਰਾਊਫ਼ ਦੇ ਘਰ ਪਹਿਲਾਂ ਵੀ ਆਉਣਾ-ਜਾਣਾ ਸੀ ਪਰ ਜਦੋਂ ਉਹ ਉਸ ਦੇ ਕੋਲ ਕੰਮ ਕਰਨ ਲੱਗਿਆ ਤਾਂ ਆਵਾਜਾਈ ਹੋਰ ਵੱਧ ਗਈ, ਜਿਸ ਕਾਰਨ ਰਾਊਫ਼ ਦੀ ਪਤਨੀ ਸ਼ਬਨਮ ਨਾਲ ਉਸਦੀ ਜ਼ਿਆਦਾ ਹੀ ਬਣਨ ਲੱਗੀ। ਉਹਨਾਂ ਦਾ ਰਿਸ਼ਤਾ ਵੀ ਕੁਝ ਅਜਿਹਾ ਸੀ। ਸਲਮਾਨ ਸ਼ਬਨਮ ਨੂੰ ਭਾਬੀ ਕਹਿੰਦਾ ਸੀ, ਇਸ ਕਰਕੇ ਖੁੱਲ੍ਹ ਕੇ ਹਾਸਾ ਮਜ਼ਾਕ ਕਰਦਾ ਸੀ।

ਰਾਊਫ਼ ਖਾਨ ਦਾ ਕੰਮ ਚੰਗਾ ਸੀ, ਉਸਦਾ ਸਾਰਾ ਦਿਨ ਭੱਜ ਦੌੜ ਵਿੱਚ ਬੀਤਦਾ। ਕਿਉਂਕਿ ਸਲਮਾਨ ਪੜੌਸੀ ਸੀ, ਇਸ ਕਰਕੇ ਘਰ ਦੇ ਕੰਮਾਂ ਲਈ ਉਹ ਜ਼ਿਆਦਾਤਰ ਉਸੇ ਨੂੰ ਭੇਜਦਾ। ਘਰ ਦੇ ਕੰਮਾਂ ਨਾਂਲ ਸਲਮਾਨ ਸ਼ਬਦਮ ਦੇ ਛੋਟੇ-ਮੋਟੇ ਨਿੱਜੀ ਕੰਮ ਵੀ ਕਰ ਦਿੰਦਾ। ਸ਼ਬਨਮ ਖੂਬਸੂਰਤ ਵੀ ਸੀ ਅਤੇ ਉਮਰ ਵਿੱਚ ਰਾਊਫ਼ ਤੋਂ ਛੋਟੀ ਸੀ। ਸਲਮਾਨ ਉਸ ਦਾ ਹਮਸਫ਼ਰ ਸੀ। ਉਹ ਸ਼ਬਨਮ ਨਾਲ ਅਜਿਹਾ ਮਜ਼ਾਕ ਕਰਦਾ ਕਿ ਉਹ ਸ਼ਰਮ ਨਾਲ ਲਾਲ ਹੋ ਜਾਂਦੀ। ਔਰਤਾਂ ਨੂੰ ਮਰਦਾਂ ਦੀਆਂ ਨਜ਼ਰਾਂ ਪਛਾਣਦਿਆਂ ਦੇਰ ਨਹੀਂ ਲੱਗਦੀ। ਸ਼ਬਨਮ ਨੇ ਵੀ ਸਲਮਾਨ ਦੀਆਂ ਨਜ਼ਰਾਂ ਤੋਂ ਉਸ ਦਾ ਇਰਾਦਾ ਭਾਂਪ ਲਿਆ।

ਪਹਿਲਾਂ ਤਾਂ ਸ਼ਬਨਮਾ ਨੇ ਉਸ ਤੋਂ ਨਜ਼ਰਾਂ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਖੁਦ ਘੱਟ ਉਮਰ ਦੇ ਆਸ਼ਕ ਦੀ ਦੀਵਾਨਗੀ ਨੇ ਉਸਨੂੰ ਬਚਣ ਨਾ ਦਿੱਤਾ। ਉਸ ਦੀ ਦੀਵਾਨਗੀ ਉਸਨੂੰ ਚੰਗੀ ਲੱਗਣ ਲੱਗੀ ਤਾਂ ਉਹ ਉਸ ਦੇ ਸਾਹਮਣੇ ਆਪਣੇ ਲੁਕੇ ਅੰਗਾਂ ਨੂੰ ਇਸ ਤਰ੍ਹਾਂ ਦਿਖਾਉਣ ਲੱਗੀ, ਜਿਵੇਂ ਸਲਮਾਨ ਜੋਦੇਖ ਰਿਹਾ ਹੈ, ਉਸ ਤੋਂ ਉਹ ਅਣਜਾਣ ਹੈ।

ਸਲਮਾਨ ਨੇ ਜੋ ਕੁਝ ਹੁਣ ਤੱਕ ਨਹੀਂ ਦੇਖਿਆ ਸੀ, ਸ਼ਬਨਮ ਨੇ ਉਹ ਸਭ ਦਿਖਾ ਦਿੱਤਾ। ਸਲਮਾਨ ਦੀ ਚਾਹਤ ਦੀ ਅੱਗ ਵਿੱਚ ਸ਼ਬਨਮ ਕੁਝ ਜ਼ਿਆਦਾ ਹੀ ਪਿਘਲਣ ਲੱਗੀ ਅਤੇ ਹੌਲੀ-ਹੌਲੀ ਖੁਦ ਹੀ ਉਸ ਦੀ ਹੁੰਦੀ ਚਲੀ ਗਈ। ਉਸੇ ਵਿੱਚਕਾਰ ਰਾਊਫ਼ ਖਾਨ ਵਿਧਾਨ ਸਭਾ ਦੀ ਚੋਣ ਲੜ ਰਿਹਾ ਸੀ। ਇਯ ਕਰਕੇ ਉਹ ਚੋਣ ਵਿੱਚ ਇੰਨੇ ਬਿਜ਼ੀ ਹੋ ਗਿਆ ਕਿ ਉਸਨੂੰ ਕੰਮ ਅਤੇ ਪਤਨੀ ਦਾ ਖਿਆਲ ਨਾ ਰਿਹਾ।

ਉਸਨੇ ਸਾਰੇ ਕਰਮਚਾਰੀਆਂ ਨੂੰ ਪ੍ਰਚਾਰ ਵਿੱਚ ਲਗਾ ਦਿੱਤਾ। ਇਸ ਕਰਕੇ ਉਸ ਨੇ ਸਲਮਾਨ ਨੂੰ ਘਰ ਦੇ ਕੰਮਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਵਿੱਚਕਾਰ ਉਸ ਨੇ ਸਲਮਾਨ ਨੂੰ ਘਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਸਲਮਾਨ ਹੁਣ ਦਿਨ ਰਾਤ ਸ਼ਬਨਮ ਕੋਲ ਸੀ। ਇੱਕ ਦਿਨ ਸਲਮਾਨ ਨੇ ਸ਼ਬਨਮ ਨੂੰ ਬਾਹਾਂ ਵਿੱਚ ਲੈ ਲਿਆ ਤਾਂ ਸ਼ਬਨਮ ਨੇ ਉਸਦੀ ਦਲੇਰੀ ਦੀ ਸ਼ਲਾਘਾ ਕੀਤੀ। ਇਸ ਤੋਂ ਬਾਅਦ ਦੋਵਾਂ ਦੇ ਨਜਾਇਜ਼ ਸਬੰਧ ਆਰੰਭ ਹੋ ਗਏ। ਸਲਮਾਨ ਨੂੰ ਹੁਣ ਸ਼ਬਨਮ ਤੋਂ ਜੁਦਾਈ ਬਿਲਕੁਲ ਬਰਦਾਸ਼ਤ ਨਹੀਂ ਹੁੰਦੀ ਸੀ। ਉਹ ਚਾਹੁੰਦਾ ਸੀ ਕਿ ਸ਼ਬਨਮ ਹਮੇਸ਼ਾ ਉਸ ਦੀਆਂ ਅੱਖਾਂ ਦੇ ਸਾਹਮਣੇ ਰਹੇ। ਪਰ ਇਹ ਸੰਭਵ ਨਹੀਂ ਸੀ। ਫ਼ਿਰ ਵੀ ਉਹ ਹਰ ਪਲ ਉਸੇ ਦੀਆਂ ਯਾਦਾਂ ਵਿੱਚ ਗੁਆਚਿਆ ਰਹਿੰਦਾ ਅਤੇ ਉਸ ਨੂੰ ਮਿਲਣ ਦਾ ਮੌਕਾ ਲੱਭਦਾ ਰਹਿੰਦਾ। ਅਕਸਰ ਉਹ ਦੁਪਹਿਰੇ ਕੰਮ ਛੱਡ ਕੇ ਸ਼ਬਨਮ ਨੂੰ ਮਿਲਣ ਪਹੁੰਚ ਜਾਂਦਾ।

ਸਲਮਾਨ ਦੇ ਇਸ ਤਰ੍ਹਾਂ ਕੰਮ ਛੱਡ ਕੇ ਆਉਣ ਤੇ ਰਾਊਫ਼ ਨੂੰ ਸ਼ੱਕ ਹੋਇਆ ਤਾਂ ਉਸਨੇ ਕਰਮਚਾਰੀਆਂ ਤੋਂ ਉਸ ਬਾਰੇ ਪਤਾ ਕੀਤਾ। ਪਤਾ ਲੱਗਿਆ ਕਿ ਸਲਮਾਨ ਉਸਦੀ ਪਤਨੀ ਨਾਲ ਫ਼ੋਨ ਤੇ ਘੰਟਿਆਂ ਬੱਧੀ ਗੱਲਾਂ ਕਰਦਾ ਹੈ। ਅਕਸਰ ਦੁਪਹਿਰ ਨੂੰ ਉਸਨੂੰ ਮਿਲਣ ਵੀ ਜਾਂਦਾ ਹੈ। ਰਾਊਫ਼ ਨੇ ਨਜ਼ਰ ਰੱਖਣੀ ਆਰੰਭ ਕਰ ਦਿੱਤੀ। ਆਖਿਰ ਇੱਕ ਦਿਨ ਉਸ ਨੇ ਸਲਮਾਨ ਨੂੰ ਪਤਨੀ ਨਾਲ ਫ਼ੋਨ ਤੇ ਗੱਲਾਂ ਕਰਦੇ ਪਕੜ ਲਿਆ ਤਾਂ ਉਸਨੇ ਸਲਮਾਨ ਦੀ ਕੁੱਟਮਾਰ ਕਰਕੇ ਕੰਮ ਤੋਂ ਕੱਢ ਦਿੱਤਾ। ਸਲਮਾਨ ਨੂੰ ਇਸ ਨਾਲ ਕੋਈ ਫ਼ਰਕ ਨਾ ਪਿਆ। ਉਹ ਰਾਊਫ਼ ਦੇ ਘਰ ਦੇ ਠੀਕ ਸਾਹਮਣੇ ਰਹਿੰਦਾ ਸੀ। ਮੌਕਾ ਕੱਢ ਕੇ ਉਹ ਸ਼ਬਨਮ ਨੂੰ ਮਿਲ ਹੀ ਲੈਂਦਾ ਸੀ। ਫ਼ੋਨ ਤੇ ਉਹਨਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਜਦੋਂ ਰਾਊਫ਼ ਨੂੰ ਪਤਾ ਲੱਗਿਆ ਕਿ ਹੁਣ ਵੀ ਸਲਮਾਨ ਅਤੇ ਸ਼ਬਨਮ ਮਿਲਦੇ ਹਨ ਤਾਂ ਉਸਨੂੰ ਡਰ ਲੱਗਣ ਲੱਗਿਆ ਕਿ ਕਿਤੇ ਸਲਮਾਨ ਉਸਦੀ ਪਤਨੀ ਨੂੰ ਭਜਾ ਕੇ ਨਾ ਲੈ ਜਾਵੇ। ਇਸ ਕਰਕੇ ਉਸਨੇ ਸਲਮਾਨ ਨੂੰ ਰਸਤੇ ਤੋਂ ਹਟਾਉਣ ਦਾ ਫ਼ੈਸਲਾ ਕੀਤਾ।

> ਸਲਮਾਨ ਨੂੰ ਇਸ ਨਾਲ ਕੋਈ ਫ਼ਰਕ ਨਾ ਪਿਆ। ਉਹ ਰਾਊਫ਼ ਦੇ ਘਰ ਦੇ ਠੀਕ ਸਾਹਮਣੇ ਰਹਿੰਦਾ ਸੀ। ਮੌਕਾ ਕੱਢ ਕੇ ਉਹ ਸ਼ਬਨਮ ਨੂੰ ਮਿਲ ਹੀ ਲੈਂਦਾ ਸੀ। ਫ਼ੋਨ ਤੇ ਉਹਨਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਜਦੋਂ ਰਾਊਫ਼ ਨੂੰ ਪਤਾ ਲੱਗਿਆ ਕਿ ਹੁਣ ਵੀ ਸਲਮਾਨ ਅਤੇ ਸ਼ਬਨਮ ਮਿਲਦੇ ਹਨ ਤਾਂ ਉਸਨੂੰ ਡਰ ਲੱਗਣ ਲੱਗਿਆ ਕਿ ਕਿਤੇ ਸਲਮਾਨ ਉਸਦੀ ਪਤਨੀ ਨੂੰ ਭਜਾ ਕੇ ਨਾ ਲੈ ਜਾਵੇ। ਇਸ ਕਰਕੇ ਉਸਨੇ ਸਲਮਾਨ ਨੂੰ ਰਸਤੇ ਤੋਂ ਹਟਾਉਣ ਦਾ ਫ਼ੈਸਲਾ ਕੀਤਾ।

ਰਾਊਫ਼ ਨੇ ਸਲਮਾਨ ਨੂੰ ਇੰਦੌਰ ਤੋਂ ਕਰੀਬ 150 ਕਿਲੋਮੀਟਰ ਦੂਰ ਲਿਜਾ ਕੇ ਧਾਰ ਜ਼ਿਲ੍ਹੇ ਦੇ ਧਰਮਪੁੀ ਇਲਾਕੇ ਦੇ ਜੰਗਲ ਵਿੱਚ ਹੱਤਿਆ ਕਰਨ ਦੀ ਯੋਜਨਾ ਬਣਾਈ ਤਾਂ ਜੋ ਪੁਲਿਸ ਉਸਦੀ ਲਾਸ਼ ਨਾ ਲੱਭ ਸਕੇ। ਆਪਣੀ ਯੋਜਨਾ ਵਿੱਚ ਉਸ ਨੇ ਆਪਣੇ ਡਰਾਈਵਰ ਸੱਦਾਮ, ਭਤੀਜੇ ਗੋਲੂ ਉਰਫ਼ ਜ਼ਫ਼ਰ ਅਤੇ ਜਾਵੇਦ ਨੂੰ ਸ਼ਾਮਲ ਕੀਤਾ।

ਯੋਜਨਾ ਤਾਂ ਬਣ ਗਈ ਪਰ ਹੁਣ ਸਲਮਾਨ ਨੂੰ ਧਰਮਪੁਰੀ ਦੇ ਜੰਗਲ ਤੱਕ ਕਿਵੇਂ ਲਿਜਾਇਆ ਜਾਵੇ, ਇਸ ਤੇ ਵਿੱਚਾਰ ਕੀਤਾ ਗਿਆ। ਉਹ ਆਸਾਨੀ ਨਾਲ ਜਾਣ ਵਾਲਾ ਨਹੀਂ ਸੀ। ਆਖਿਰ ਸਕੀਮ ਬਣਾਈ ਅਤੇ ਇਸ ਕੰਮ ਲਈ ਡਰਾਈਵਰ ਸੱਦਾਮ ਨੂੰ ਤਿਆਰ ਕੀਤਾ। ਉਸ ਨੇ ਸੱਦਾਮ ਨੂੰ ਕਿਹਾ ਕਿ ਉਹ ਸਲਮਾਨ ਨੂੰ ਸ਼ਬਨਮ ਨੂੰ ਮਿਲਾਉਣ ਦੇ ਬਹਾਨੇ ਧਰਮਪੁਰੀ ਦੇ ਜੰਗਲ ਤੱਕ ਲੈ ਜਾਵੇ।

ਯੋਜਨਾ ਮੁਤਾਬਕ 8 ਜਨਵਰੀ 2017 ਨੂੰ ਸੱਦਾਮ ਸਲਮਾਨ ਨੂੰ ਮਿਲਿਆ। ਸੱਦਾਮ ਨੇ ਉਸ ਨੂੰ ਸ਼ਬਨਮ ਨੂੰ ਮਿਲਾਉਣ ਲਈ ਕਿਹਾ ਤਾਂ ਉਹ ਫ਼ੌਰਨ ਤਿਆਰ ਹੋ ਗਿਆ। ਕਿਉਂਕਿ ਪਿਛਲੇ ਇੱਕ ਹਫ਼ਤੇ ਤੋਂ ਉਹ ਸ਼ਬਨਮ ਨੂੰ ਨਹੀਂ ਮਿਲਿਆ ਸੀ। ਸੱਦਾਮ ਸਲਮਾਨ ਨੂੰ ਆਪਣੇ ਨਾਲ ਲੈ ਕੇ ਚੱਲਿਆ ਤਾਂ ਕਈ ਲੋਕਾਂ ਨੇ ਉਸ ਨੂੰ ਸਲਮਾਨ ਦੇ ਨਾਲ ਦੇਖ ਲਿਆ। ਧਰਮਪੁਰੀ ਦੇ ਜੰਗਲ ਵਿੱਚ ਪਹੁੰਚ ਕੇ ਸਲਮਾਨ ਨੇ ਸ਼ਬਨਮ ਦੀ ਬਜਾਏ ਗੋਲੂ, ਜਾਵੇਦ ਅਤੇ ਰਾਊਫ਼ ਖਾਨ ਨੂੰ ਦੇਖਿਆ ਤਾਂ ਸਮਝ ਗਿਆ ਕਿ ਉਸ ਨਾਲ ਧੋਖਾ ਹੋਇਆ ਹੈ।

ਉਹ ਕੁਝ ਕਹਿੰਦਾ ਜਾਂ ਭੱਜਦਾ, ਉਸ ਤੋਂ ਪਹਿਲਾਂ ਸਾਰਿਆਂ ਨੇ ਉਸਨੂੰ ਪਕੜ ਲਿਆ ਅਤੇ ਉਸਦੀ ਕੁੱਟਮਾਰ ਆਰੰਭ ਕਰ ਦਿੱਤੀ। ਕੁੱਟਮਾਰ ਕਰਨ ਤੋਂ ਬਾਅਦ ਉਸਦੇ ਗਲੇ ਵਿੱਚ ਰੱਸੀ ਪਾ ਕੇ ਕਸ ਦਿੱਤੀ ਤਾਂ ਉਸਦੀ ਮੌਤ ਹੋ ਗਈ। ਇਸ ਤੋਂ ਬਾਅਦ ਪਛਾਣ ਲੁਕੋਣ ਦੇ ਲਈ ਉਸਦਾ ਚਿਹਰਾ ਇੱਟ ਨਾਲ ਕੁਚਲ ਦਿੱਤਾ। ਉਸ ਦੇ ਕੱਪੜੇ ਉਤਾਰ ਕੇ ਗੁਪਤ ਅੰਗ ਕੱਟ ਦਿੱਤਾ ਤਾਂ ਜੋ ਉਸ ਦੇ ਧਰਮ ਦਾ ਪਤਾ ਨਾ ਲੱਗੇ। ਗਲੇ ਵਿੱਚ ਤੁਲਸੀ ਦੀ ਮਾਲਾ ਪਾ ਕੇ ਉਸ ਦੀ ਪੈਂਟ ਦੀ ਜੇਬ ਵਿੱਚ ਇਕ ਲੜਕੇ ਅਤੇ ਲੜਕੀ ਦੀ ਤਸਵੀਰ ਪਾ ਦਿੱਤੀ।

ਉਹਨਾਂ ਨੇ ਪੁਲਿਸ ਨੂੰ ਗੁੰਮਰਾਹ ਕਰਨ ਲਈ ਕੀਤਾ ਬਹੁਤ ਕੁਝ ਪਰ ਅਪਰਾਧ ਲੁਕ ਨਾ ਸਕਿਆ। ਸਲਮਾਨ ਦੀ ਹੱਤਿਆ ਕਰਨ ਤੋਂ ਬਾਅਦ ਰਾਊਫ਼ ਨੇ ਗੋਲੂ ਅਤੇ ਸੱਦਾਮ ਨੂੰ ਰਾਤ ਨੂੰ ਇੰਦੌਰ ਭੇਜ ਦਿੱਤਾ, ਜਦਕਿ ਖੁਦ ਜਾਵੇਦ ਦੇ ਨਾਲ ਆਪਣੀ ਭੈਣ ਕੋਲ ਧਰਮਪੁਰੀ ਰੁਕ ਗਿਆ ਤਾਂ ਜੋ ਕਿਸੇ ਨੂੰ ਸ਼ੱਕਾ ਨਾ ਹੋਵੇ। ਉਹ ਅਗਲੇ ਦਿਨ ਇੰਦੌਰ ਆ ਗਿਆ ਅਤੇ ਆਪਣੇ ਕੰਮ ਵਿੱਚ ਲੱਗ ਗਿਆ।

# ਚੀਨੀਆਂ ਨੂੰ ਪਛਾੜ ਕੇ ਕੈਨੇਡਾ ਦੇ ਡਰੱਗ ਮਾਫੀਆ 'ਤੇ ਪੰਜਾਬੀਆਂ ਦਾ ਕਬਜ਼ਾ

ਜਲੰਧਰ: ਕੈਨੇਡਾ ਦੇ ਡਰੱਗ ਮਾਫੀਆ 'ਤੇ ਕਦੇ ਚੀਨੀਆਂ ਦਾ ਕਬਜ਼ਾ ਰਿਹਾ ਹੈ ਪਰ ਹੁਣ ਇਹ ਬਾਦਸ਼ਾਹਤ ਪੰਜਾਬੀਆਂ ਕੋਲ ਹੈ। ਇਸ ਤੋਂ ਪਹਿਲਾਂ ਤਕ ਚੀਨੀ ਹੀ ਹੈਰੋਇਨ ਅਤੇ ਹੋਰਨਾਂ ਨਸ਼ੀਲੀਆਂ ਵਸਤਾਂ ਦੀ ਸਮੱਗਲਿੰਗ ਕਰਦੇ ਸਨ। ਪੰਜਾਬੀ ਸਮੱਗਲਰ ਤਾਂ ਸਿਰਫ ਪੰਜਾਬ ਤੋਂ ਹੈਰੋਇਨ ਦੀਆਂ ਖੇਪਾਂ ਮੰਗਵਾਉਣ ਦਾ ਕੰਮ ਕਰਦੇ ਸਨ। ਜਿਵੇਂ-ਜਿਵੇਂ ਕੈਨੇਡਾ 'ਚ ਪੰਜਾਬੀਆਂ ਦੀ ਆਬਾਦੀ ਵਧਣ ਲੱਗੀ ਅਤੇ ਪੰਜਾਬ ਤੋਂ ਜਾਣ ਵਾਲੇ ਨੌਜਵਾਨ ਸਰਗਰਮੀ ਨਾਲ ਡਰੱਗ ਮਾਫੀਆ ਨਾਲ ਜੁੜਨ ਲੱਗੇ ਤਾਂ ਪੰਜਾਬੀ ਚੀਨੀਆਂ 'ਤੇ ਭਾਰੂ ਹੋ ਗਏ। ਇਸ ਸਮੇਂ ਟੋਰਾਂਟੋ 'ਚ ਤਿੰਨ ਅਤੇ ਵੈਨਕੂਵਰ 'ਚ 2 ਵੱਡੇ ਗਿਰੋਹ ਕੰਮ ਕਰ ਰਹੇ ਹਨ ਜੋ ਪੰਜਾਬੀਆਂ ਨਾਲ ਸੰਬੰਧਤ ਹਨ। ਇਨ੍ਹਾਂ 'ਚੋਂ ਵਧੇਰੇ ਗੈਂਗ ਕਬੱਡੀ ਨਾਲ ਜੁੜੇ ਮਸਲਮੈਨ ਸਮਝੇ ਜਾਣ ਵਾਲੇ ਪੰਜਾਬੀਆਂ ਦੇ ਹਨ। ਭੋਲਾ ਡਰੱਗ ਰੈਕੇਟ 'ਚ ਵੀ ਕੈਨੇਡਾ ਦੇ ਰਹਿਣ ਵਾਲੇ ਦੋ ਐੱਨ.ਆਰ. ਆਈਜ਼ ਦਾ ਨਾਂ ਸਾਹਮਣੇ ਆਇਆ ਸੀ। ਇਹੀ ਨਹੀਂ, ਪੰਜਾਬ 'ਚ ਡਰੱਗ ਸਮੱਗਲਿੰਗ ਨਾਲ ਜੁੜੇ ਭੋਲਾ ਡਰੱਗ ਰੈਕੇਟ ਦੇ ਮਾਮਲੇ 'ਚ ਸੀ. ਬੀ. ਆਈ. ਕੈਨੇਡਾ ਦੀ ਸਰਕਾਰ ਕੋਲੋਂ 16 ਐੱਨ. ਆਰ. ਆਈਜ਼ ਦੀ ਹਵਾਲਗੀ ਤਕ ਦੀ ਮੰਗ ਕਰ ਚੁੱਕੀ ਹੈ।

**ਪੰਜਾਬੀਆਂ ਦੇ ਰਿਮੋਟ ਕੰਟਰੋਲ ਨਾਲ ਚੱਲ ਰਿਹਾ ਹੈ ਯੂ. ਕੇ. - ਕੈਨੇਡਾ ਦਾ ਮਾਫੀਆ**

ਯੂ. ਕੇ. ਅਤੇ ਕੈਨੇਡਾ ਦਾ ਮਾਫੀਆ ਪੰਜਾਬੀਆਂ ਦੇ ਰਿਮੋਟ ਕੰਟਰੋਲ ਨਾਲ ਚੱਲ ਰਿਹਾ ਹੈ। ਯੂ. ਕੇ. 'ਚ ਕੁਝ ਪੰਜਾਬੀ ਫਰਾਂਸ ਅਤੇ ਨਾਲ ਲੱਗਦੇ ਹੋਰਨਾਂ ਦੇਸ਼ਾਂ ਤੋਂ ਸ਼ਰਾਬ ਦੀ ਸਮੱਗਲਿੰਗ ਕਰਦੇ ਹਨ ਅਤੇ ਇਸ ਦੇ ਨਾਲ-ਨਾਲ ਪੰਜਾਬ ਤੋਂ ਹੈਰੋਇਨ ਉਥੇ ਲੈ ਜਾਂਦੇ ਹਨ। ਇਹ ਕੰਮ ਇਹ ਵਿਅਕਤੀ ਉਥੇ ਸਰਗਰਮ ਮਾਫੀਆ ਨਾਲ ਮਿਲ ਕੇ ਕਰਦੇ ਹਨ। ਇਸੇ ਤਰ੍ਹਾਂ ਕੈਨੇਡਾ 'ਚ ਕੁਝ ਪੰਜਾਬੀ ਹੈਰੋਇਨ ਦੀ ਸਮੱਗਲਿੰਗ ਕਰ ਰਹੇ ਹਨ। ਇਥੇ ਅਜਿਹੇ ਕਈ ਗਿਰੋਹ ਸਰਗਰਮ ਹਨ ਜੋ ਇਸ ਮਾਫੀਆ ਲਈ ਕੰਮ ਕਰਦੇ ਹਨ। ਕੈਨੇਡਾ 'ਚ ਹੈਰੋਇਨ ਦੀ ਸਮੱਗਲਿੰਗ ਨਾਲ ਜੁੜੇ ਕੁਝ ਵਿਅਕਤੀ ਪੰਜਾਬ 'ਚ ਇਸ ਰੈਕੇਟ ਨਾਲ ਜੁੜੇ ਆਪਣੇ ਰਿਸ਼ਤੇਦਾਰਾਂ ਰਾਹੀਂ ਹੈਰੋਇਨ ਦੀ ਖੇਪ ਮੰਗਵਾਉਂਦੇ ਹਨ।

**ਡਰੱਗ ਮਾਫੀਆ ਨਾਲ ਜੁੜੇ ਪੰਜਾਬੀਆਂ 'ਚ ਗੈਂਗਵਾਰ**

ਬੀਤੇ 5 ਸਾਲਾਂ ਦੌਰਾਨ ਵੈਨਕੂਵਰ ਅਤੇ ਟੋਰਾਂਟੋ ਵਿਖੇ ਸਰਗਰਮ ਪੰਜਾਬੀ ਗੈਂਗਾਂ 'ਚ ਹੋਈ ਖੂਨੀ ਜੰਗ ਕਾਰਨ 125 ਪੰਜਾਬੀ ਨੌਜਵਾਨਾਂ ਦੀ ਜਾਨ ਜਾ ਚੁੱਕੀ ਹੈ। ਇਸ ਗੈਂਗਵਾਰ ਤੋਂ ਕੈਨੇਡਾ ਦੀ ਸਰਕਾਰ ਵੀ ਪ੍ਰੇਸ਼ਾਨ ਹੈ। ਕੁਝ ਸਾਲ ਪਹਿਲਾਂ ਕੈਨੇਡਾ ਦੀ ਪੁਲਸ ਨੇ ਪੰਜਾਬ ਪੁਲਸ ਕੋਲੋਂ ਇਸ ਸੰਬੰਧੀ ਸਹਿਯੋਗ ਮੰਗਿਆ ਸੀ। ਇਨ੍ਹਾਂ 'ਚੋਂ ਵਧੇਰੇ ਨੌਜਵਾਨ ਦੋਆਬਾ ਅਤੇ ਮਾਲਵਾ ਨਾਲ ਸੰਬੰਧ ਰੱਖਦੇ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਗੈਂਗਵਾਰ 'ਚ ਆਪਣੇ ਰਿਸ਼ਤੇਦਾਰਾਂ ਦੀ ਜਾਨ ਗੁਆਉਣ ਦੇ ਬਾਵਜੂਦ ਉਨ੍ਹਾਂ ਦੇ ਨੇੜਲੇ ਰਿਸ਼ਤੇਦਾਰ ਮੋਟੀ ਕਮਾਈ ਵਾਲੇ ਇਸ ਕਾਰੋਬਾਰ 'ਚ ਲੱਗੇ ਹੋਏ ਹਨ। ਕੈਨੇਡਾ ਅਤੇ ਅਮਰੀਕਾ 'ਚ ਬੀਤੇ ਕੁੱਝ ਸਮੇਂ ਤੋਂ ਹੈਰੋਇਨ ਦੀ ਖਪਤ ਬਹੁਤ ਵਧੀ ਹੈ। ਕੈਨੇਡਾ ਅਮਰੀਕਾ ਦੀ ਸਰਹੱਦ 'ਤੇ ਸਥਿਤ ਹੈ। ਇਸ ਦਾ ਲਾਭ ਉਠਾਉਂਦੇ ਹੋਏ ਹੈਰੋਇਨ ਦੀ ਸਮੱਗਲਿੰਗ ਕੀਤੀ ਜਾਂਦੀ ਹੈ।

**ਸੁਪਾਰੀ ਦੇ ਕੇ ਕਰਵਾਏ ਜਾਂਦੇ ਹਨ ਕਤਲ**

ਕੈਨੇਡਾ 'ਚ ਸਰਗਰਮ ਪੰਜਾਬੀ ਡਰੱਗ ਮਾਫੀਆ ਗੈਂਗ ਆਪਣੇ ਵਿਰੋਧੀ ਗੈਂਗਾਂ ਦੇ ਮੈਂਬਰਾਂ ਦੀ ਹੱਤਿਆ ਉਥੇ ਸਰਗਰਮ ਗੋਰਿਆਂ ਅਤੇ ਨੀਗਰੋ ਗੈਂਗਾਂ ਕੋਲੋਂ ਸੁਪਾਰੀ ਦੇ ਕੇ ਕਰਵਾਉਂਦੇ ਹਨ। ਇੰਟੈਲੀਜੈਂਸ ਏਜੰਸੀਆਂ ਦੇ ਰਿਕਾਰਡ ਮੁਤਾਬਕ ਦੋਆਬੇ ਦੇ ਪੰਜ ਦਰਜਨ ਨੌਜਵਾਨ ਬੀਤੇ 5 ਸਾਲਾਂ 'ਚ ਇਸ ਗੈਂਗਵਾਰ ਦੌਰਾਨ ਮਾਰੇ ਗਏ ਹਨ। ਇਨ੍ਹਾਂ 'ਚੋਂ ਸ਼ੇਰਾ ਨਾਂ ਦਾ ਇਕ ਨੌਜਵਾਨ ਕੈਨੇਡਾ ਦੀ ਸਰਹੱਦ ਤੋਂ ਟਰੱਕ ਰਾਹੀਂ ਅਮਰੀਕਾ ਤਕ ਹੈਰੋਇਨ ਦੀ ਸਮੱਗਲਿੰਗ ਕਰਦਾ ਸੀ। ਉਸ ਦੀ ਹੱਤਿਆ ਇਸ ਸਰਹੱਦ 'ਤੇ ਨੀਗਰੋ ਕਾਤਲਾਂ ਨੇ ਕੀਤੀ ਸੀ। ਕੈਨੇਡਾ ਡਰੱਗ ਮਾਫੀਆ ਨਾਲ ਇਨ੍ਹਾਂ ਮਾਮਲਿਆਂ ਦੇ ਜੁੜੇ ਹੋਣ ਕਾਰਨ ਮ੍ਰਿਤਕ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਇਨ੍ਹਾਂ ਮਾਮਲਿਆਂ ਨੂੰ ਭੇਤ ਖੁੱਲ੍ਹਣ ਦੇ ਡਰ ਕਾਰਨ ਖੁਦ ਹੀ ਦਬਾਅ ਦਿੰਦੇ ਹਨ। 2016 'ਚ ਟੋਰਾਂਟੋ ਵਿਖੇ ਇਕ ਪੰਜਾਬੀ ਨੌਜਵਾਨ ਦੀ




ਗੈਂਗਵਾਰ 'ਚ ਹੱਤਿਆ ਕਰ ਦਿੱਤੀ ਗਈ ਸੀ। ਇਸ ਨੌਜਵਾਨ ਦਾ ਨਾਂ ਇਕ ਵੱਡੇ ਡਰੱਗ ਰੈਕੇਟ 'ਚ ਸਾਹਮਣੇ ਆਇਆ ਸੀ। ਅਜਿਹੇ ਕਈ ਮਾਮਲੇ ਕੈਨੇਡਾ 'ਚ ਹੋ ਰਹੇ ਹਨ।

**ਭੋਲਾ ਡਰੱਗ ਰੈਕੇਟ ਨਾਲ ਜੁੜੇ ਐੱਨ. ਆਰ. ਆਈਜ਼ ਦਾ ਰੈੱਡ ਕਾਰਨਰ ਨੋਟਿਸ ਜਾਰੀ**

6000 ਕਰੋੜ ਰੁਪਏ ਦੇ ਭੋਲਾ ਡਰੱਗ ਰੈਕੇਟ ਵਿਚ ਹੁਣ ਤਕ ਈ. ਡੀ. ਇਕ ਦਰਜਨ ਕੈਨੇਡਾ ਦੇ ਐੱਨ. ਆਰ. ਆਈਜ਼ ਵਿਰੁੱਧ ਚਾਰਜਸ਼ੀਟ ਦਾਇਰ ਕਰ ਚੁੱਕਾ ਹੈ। ਇਸ ਤੋਂ ਇਲਾਵਾ 16 ਐੱਨ. ਆਰ. ਆਈਜ਼ ਨੂੰ ਭਾਰਤ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇਨ੍ਹਾਂ 'ਚ 12 ਨੂੰ ਰੈੱਡ ਕਾਰਨਰ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਈ. ਡੀ. ਨੇ ਇਨ੍ਹਾਂ 16 ਐੱਨ. ਆਰ. ਆਈਜ਼ ਬਾਰੇ ਕੋਰਟ ਦੇ ਰਾਹੀਂ ਜਾਣਕਾਰੀ ਮੰਗੀ ਹੈ। ਈ. ਡੀ. ਦੇ ਇਕ ਸੀਨੀਅਰ ਅਫਸਰ ਦਾ ਕਹਿਣਾ ਹੈ ਕਿ ਸਾਡੀ ਕੋਸ਼ਿਸ਼ ਹੈ ਕਿ ਅਸੀਂ ਇਨ੍ਹਾਂ ਐੱਨ. ਆਰ. ਆਈਜ਼ ਨੂੰ ਇਥੇ ਲਿਆ ਕੇ ਪੁੱਛਗਿੱਛ ਕਰੀਏ ਕਿਉਂਕਿ ਹੁਣ ਤਕ ਦੀ ਜਾਂਚ ਵਿਚ ਇਨ੍ਹਾਂ ਦੇ ਭੋਲਾ ਡਰੱਗ ਰੈਕੇਟ ਵਿਚ ਸ਼ਾਮਿਲ ਹੋਣ ਦੇ ਪੁਖਤਾ ਸਬੂਤ ਸਾਨੂੰ ਮਿਲੇ ਹਨ। ਜੇਕਰ ਅਸੀਂ ਇਨ੍ਹਾਂ ਲੋਕਾਂ ਨੂੰ ਇਥੇ ਲਿਆਉਣ ਵਿਚ ਸਫਲ ਹੁੰਦੇ ਹਾਂ ਤਾਂ ਇਸ ਮਾਮਲੇ ਵਿਚ ਹੋਰ ਖੁਲਾਸੇ ਹੋਣ ਦੀ ਆਸ ਹੈ। ਜਿਨ੍ਹਾਂ ਇਕ ਦਰਜਨ ਐੱਨ. ਆਰ. ਆਈਜ਼ ਨੂੰ ਚਾਰਜਸ਼ੀਟ ਵਿਚ ਸ਼ਾਮਿਲ ਕੀਤਾ ਗਿਆ ਹੈ, ਉਨ੍ਹਾਂ ਵਿਚ ਇਕ ਯੂ. ਕੇ. ਦਾ ਐੱਨ. ਆਰ. ਆਈ. ਵੀ ਸ਼ਾਮਿਲ ਹੈ। ਇਨ੍ਹਾਂ 'ਚੋਂ ਕੁਝ ਐੱਨ. ਆਰ. ਆਈਜ਼ ਇਸ ਸਮੇਂ ਜੇਲ ਵਿਚ ਹਨ, ਕੁਝ ਨੇ ਜ਼ਮਾਨਤ ਕਰਵਾ ਲਈ ਹੈ। ਈ. ਡੀ. ਦੇ ਰਾਡਾਰ 'ਤੇ ਕੁਝ ਹੋਰ ਐੱਨ. ਆਰ. ਆਈਜ਼ ਵੀ ਹਨ, ਜੋ ਦੂਜੇ ਦੇਸ਼ਾਂ ਵਿਚ ਡਰੱਗ ਦੀ ਸਮੱਗਲਿੰਗ ਕਰਦੇ ਹਨ। ਅਜੇ ਈ. ਡੀ. ਵਿਦੇਸ਼ ਵਿਚ ਰਹਿ ਰਹੇ ਸਮੱਗਲਰਾਂ ਦੀ ਇਥੋਂ ਦੀਆਂ ਜਾਇਦਾਦਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

**ਹੈਰੋਇਨ ਸਮੱਗਲਿੰਗ ਦਾ ਰੂਟ**

ਹੈਰੋਇਨ ਅਫਗਾਨਿਸਤਾਨ ਵਿਚ ਤਿਆਰ ਹੁੰਦੀ ਹੈ। ਉਥੇ 470 ਮੀਟ੍ਰਿਕ ਟਨ ਅਫੀਮ ਦੀ ਖੇਤੀ ਹੁੰਦੀ ਹੈ। 10 ਕਿਲੋ ਅਫੀਮ ਤੋਂ ਇਕ ਕਿਲੋ ਹੈਰੋਇਨ ਤਿਆਰ ਹੁੰਦੀ ਹੈ। ਇਹ ਹੈਰੋਇਨ ਅਫਗਾਨਿਸਤਾਨ ਦੀ ਪਾਕਿ ਸਰਹੱਦ 'ਤੇ ਸਥਿਤ ਖਾਸ ਤੌਰ 'ਤੇ ਬਣਾਈਆਂ ਗਈਆਂ ਲੈਬਾਰਟਰੀਆਂ ਵਿਚ ਇਕ ਰਸਾਇਣਕ ਐਸੀਟਿਕ ਐਨ ਹਾਈਡ੍ਰਾਈਡ ਤੋਂ ਤਿਆਰ ਕੀਤੀ ਜਾਂਦੀ ਹੈ। ਅਫਰੀਕੀ ਭਾਈਚਾਰੇ ਦੇ ਲੋਕ ਅਫੀਮ ਤੋਂ ਹੈਰੋਇਨ ਤਿਆਰ ਕਰਨ ਦਾ ਕੰਮ ਕਰਦੇ ਹਨ। ਹਰ ਸਾਲ ਤਿਆਰ ਹੋਣ ਵਾਲੀ ਹੈਰੋਇਨ 'ਚੋਂ 20 ਫੀਸਦੀ ਹੈਰੋਇਨ ਪੰਜਾਬ ਦੇ ਨਾਲ ਲੱਗਦੀ ਸਰਹੱਦ ਤੋਂ ਇਥੇ ਭੇਜੀ ਜਾਂਦੀ ਹੈ। ਪਾਕਿਸਤਾਨ ਦੇ ਬਲੋਚਿਸਤਾਨ ਵਿਚ ਤਿਆਰ ਹੋ ਕੇ ਪੇਸ਼ਾਵਰ ਦੇ ਰਸਤਿਓਂ ਵੱਡੇ-ਛੋਟੇ ਵ੍ਹੀਕਲਾਂ 'ਚ ਇਹ ਹੈਰੋਇਨ ਲਾਹੌਰ ਪਹੁੰਚਦੀ ਹੈ। ਉਥੇ ਇਸ ਦੀ ਕੀਮਤ ਡੇਢ ਲੱਖ ਰੁਪਏ ਕਿਲੋ ਹੁੰਦੀ ਹੈ। ਲਾਹੌਰ ਤੋਂ ਇਹ ਸਰਹੱਦ ਪਾਰ ਸਮੱਗਲਿੰਗ ਕਰ ਕੇ ਅੰਮ੍ਰਿਤਸਰ, ਗੁਰਦਾਸਪੁਰ, ਖੇਮਕਰਨ ਤੋਂ ਹੁੰਦੇ ਹੋਏ ਬੀ. ਐੱਸ. ਐੱਫ. ਅਤੇ ਪੁਲਸ ਦੀ ਨੱਕ ਹੇਠੋਂ ਪੰਜਾਬ, ਹਰਿਆਣਾ ਅਤੇ ਦਿੱਲੀ ਦੀ ਪੁਲਸ ਦੇ ਸੁਰੱਖਿਆ ਤੰਤਰਾਂ ਨੂੰ ਤੋੜਦੇ ਹੋਏ ਦਿੱਲੀ ਪਹੁੰਚਾ ਦਿੱਤੀ ਜਾਂਦੀ ਹੈ। ਇਸ ਵਿਚ ਰੋਚਕ ਗੱਲ ਇਹ ਵੀ ਹੈ ਕਿ ਅੰਮ੍ਰਿਤਸਰ, ਖੇਮਕਰਨ ਅਤੇ ਗੁਰਦਾਸਪੁਰ ਸੈਕਟਰ ਤੋਂ ਸਮੱਗਲਰ ਕਾਰਾਂ ਅਤੇ ਟਰੱਕਾਂ ਵਿਚ ਲੁਕਾ ਕੇ ਇਸ ਨੂੰ ਬਹੁਤ ਚਲਾਕੀ ਨਾਲ ਦਿੱਲੀ ਭੇਜਦੇ ਹਨ।

**ਕੈਨੇਡਾ ਤੋਂ ਅਮਰੀਕਾ ਭੇਜੀ ਜਾਂਦੀ ਹੈ ਡਰੱਗ**

ਕੈਨੇਡਾ 'ਚ ਸਰਗਰਮ ਮਾਫੀਆ ਹੈਰੋਇਨ ਅਤੇ ਹੋਰ ਨਸ਼ੀਲੀਆਂ ਵਸਤਾਂ ਵੱਡੀਆਂ ਮੋਟਰ ਗੱਡੀਆਂ ਰਾਹੀਂ ਅਮਰੀਕਾ ਲੈ ਕੇ ਜਾਂਦੇ ਹਨ। ਪੰਜਾਬ 'ਚ ਸਰਗਰਮ ਕੇਂਦਰੀ ਏਜੰਸੀਆਂ ਦੇ ਇਕ ਚੋਟੀ ਦੇ ਅਧਿਕਾਰੀ ਦਾ ਕਹਿਣਾ ਹੈ ਕਿ ਉਨ੍ਹਾਂ ਵਲੋਂ ਦਿੱਤੀ ਗਈ ਸੂਚਨਾ ਦੇ ਆਧਾਰ 'ਤੇ ਕੈਨੇਡਾ 'ਚ ਬੀਤੇ 5 ਸਾਲ 'ਚ ਡਰੱਗ ਦੀਆਂ ਕਈ ਵੱਡੀਆਂ ਖੇਪਾਂ ਫੜੀਆਂ ਗਈਆਂ ਹਨ। ਕੇਨੇਡਾ ਅਤੇ ਯੂ. ਕੇ. 'ਚ ਸਰਗਰਮ ਮਾਫੀਆ ਸਤੰਬਰ ਤੋਂ ਮਾਰਚ ਤਕ ਇਥੋਂ ਨਸ਼ੀਲੀਆਂ ਵਸਤਾਂ ਦੀ ਸਮੱਗਲਿੰਗ ਕਰਦਾ ਹੈ। ਇਸ ਗੱਲ ਦੀ ਜਾਣਕਾਰੀ ਕੇਂਦਰੀ ਏਜੰਸੀਆਂ ਕੋਲ ਵੀ ਹੈ। ਇਸ ਲਈ ਅਜਿਹੇ ਐੱਨ. ਆਰ. ਆਈਜ਼ 'ਤੇ ਨਜ਼ਰ ਰੱਖਣ ਦੇ ਹੁਕਮ ਦਿੱਤੇ ਗਏ ਹਨ। ਇਨਫੋਰਸਮੈਂਟ ਡਾਇਰੈਕਟੋਰੇਟ ਦੇ ਚੋਟੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਨੇਡਾ ਦੇ ਡਰੱਗ ਮਾਫੀਆ 'ਤੇ ਪੰਜਾਬੀਆਂ ਦਾ ਕਬਜ਼ਾ ਹੈ। ਇਹ ਮਾਫੀਆ ਪੰਜਾਬ ਦੇ ਸਮੱਗਲਰਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਈ. ਡੀ. ਜਿਨ੍ਹਾਂ ਮਾਮਲਿਆਂ ਦੀ ਜਾਂਚ ਕਰ ਰਿਹਾ ਹੈ, ਉਨ੍ਹਾਂ ਦੀਆਂ ਤਾਰਾਂ ਵੀ ਕੈਨੇਡਾ ਨਾਲ ਜੁੜੀਆਂ ਹੋਈਆਂ ਹਨ।

**ਰੁਜ਼ਗਾਰ ਦੀ ਭਾਲ 'ਚ ਕੈਨੇਡਾ ਜਾਣ ਵਾਲੇ ਨੌਜਵਾਨਾਂ 'ਤੇ ਰਹਿੰਦੀ ਹੈ ਨਜ਼ਰ**

ਕੈਨੇਡਾ 'ਚ ਰੁਜ਼ਗਾਰ ਦੀ ਭਾਲ 'ਚ ਲੱਖਾਂ ਰੁਪਏ ਖਰਚ ਕਰ ਕੇ ਜਾਣ ਵਾਲੇ ਨੌਜਵਾਨ ਅਕਸਰ ਇਨ੍ਹਾਂ ਸਮੱਗਲਰਾਂ ਦੇ ਚੱਕਰ 'ਚ ਫਸ ਜਾਂਦੇ ਹਨ। ਡਰੱਗ ਸਮੱਗਲਿੰਗ ਰਾਹੀਂ ਲੰਬੇ ਸਮੇਂ ਤੋਂ ਜੁੜੇ ਲੋਕਾਂ ਦੀਆਂ ਵਧੇਰੇ ਨਜ਼ਰਾਂ ਪੰਜਾਬ ਤੋਂ ਆਉਣ ਵਾਲੇ ਨਵੇਂ ਨੌਜਵਾਨਾਂ 'ਤੇ ਰਹਿੰਦੀਆਂ ਹਨ। ਉਨ੍ਹਾਂ ਨੂੰ ਰੁਜ਼ਗਾਰ ਦਾ ਝਾਂਸਾ ਦੇ ਕੇ ਉਹ ਇਨ੍ਹਾਂ ਨੂੰ ਇਕ ਕੋਰੀਅਰ ਵਜੋਂ ਵਰਤਦੇ ਹਨ। ਕੇਂਦਰੀ ਏਜੰਸੀਆਂ ਕੋਲ ਅਜਿਹੀਆਂ ਸੂਚਨਾਵਾਂ ਹੁੰਦੀਆਂ ਹਨ ਕਿ ਕੈਨੇਡਾ ਅਤੇ ਯੂ. ਕੇ. 'ਚ ਰਹਿ ਰਹੇ ਖਾਲਿਸਤਾਨ ਹਮਾਇਤੀ ਡਰੱਗ ਸਮੱਗਲਿੰਗ 'ਚ ਸ਼ਾਮਿਲ ਹਨ। ਜਲਦੀ ਵੱਧ ਪੈਸਾ ਕਮਾਉਣ ਦੇ ਚੱਕਰ 'ਚ ਇਹ ਨੌਜਵਾਨ ਇਨ੍ਹਾਂ ਸਮੱਗਲਰਾਂ ਦੇ ਝਾਂਸੇ 'ਚ ਆ ਜਾਂਦੇ ਹਨ।

ਕੌਮੀ ਪਤ੍ਰਿਕਾ

## ਸੰਪਾਦਕੀ

# ਤਬਾਹੀ ਦਾ ਪੱਧਰ ਅਕਸਰ ਮਨੁੱਖੀ .ਗਲਤੀਆਂ ਕਰਦੀਆਂ ਹਨ ਤੈਅ

ਅੱਜ ਕਲ੍ਹ ਬਾਰਸ਼ ਦਾ ਮੌਸਮ ਚੱਲ ਰਿਹਾ ਹੈ। ਮੌਨਸੂਨ ਦਾ ਭਾਰੀ ਮੀਂਹ ਭਾਵੇਂ ਅਚਾਨਕ ਹੜ੍ਹਾਂ (ਫਲੈਸ਼ ਫਲੱਡਜ਼) ਦਾ ਕਾਰਨ ਬਣਦਾ ਹੈ ਪਰ ਤਬਾਹੀ ਦਾ ਪੱਧਰ ਅਕਸਰ ਮਨੁੱਖੀ .ਗਲਤੀਆਂ ਤੈਅ ਕਰਦੀਆਂ ਹਨ। ਮੰਡੀ ਵਿੱਚ ਆਏ ਭਿਆਨਕ ਹੜ੍ਹਾਂ ਬਾਰੇ ਇੱਕ ਤਾਜ਼ਾ ਅਧਿਐਨ ਤੋਂ ਸਾਹਮਣੇ ਆਇਆ ਹੈ ਕਿ ਕੁਦਰਤੀ ਨਾਲਿਆਂ ਉੱਤੇ ਕੀਤੇ ਗਏ ਨਾਜਾਇਜ਼ ਕਬਜ਼ਿਆਂ ਨੇ ਇਸ ਤਬਾਹੀ ਦੇ ਅਸਰ ਨੂੰ ਕਈ ਗੁਣਾ ਵਧਾ ਦਿੱਤਾ ਸੀ। ਇਸ ਨਾਲ ਇੱਕ ਤਲਖ਼ ਸਚਾਈ ਸਾਹਮਣੇ ਆਉਂਦੀ ਹੈ ਕਿ ਭਾਵੇਂ ਬੱਦਲ ਫਟਣ ਦੀਆਂ ਘਟਨਾਵਾਂ ਨੂੰ ਰੋਕਿਆ ਨਹੀਂ ਜਾ ਸਕਦਾ ਪਰ ਇਨ੍ਹਾਂ ਕਾਰਨ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜ਼ਰੂਰ ਜਾ ਸਕਦਾ ਹੈ। ਇਹ ਖ਼ੁਲਾਸੇ ਉਸ ਸਮੇਂ ਸਾਹਮਣੇ ਆਏ ਹਨ ਜਦੋਂ ਹਿਮਾਚਲ ਪ੍ਰਦੇਸ਼ ਲਗਾਤਾਰ ਪੈ ਰਹੇ ਮੀਂਹ ਦੀ ਮਾਰ ਹੇਠ ਹੈ। ਪਿਛਲੇ ਕੁਝ ਹਫ਼ਤਿਆਂ ਵਿੱਚ ਸੈਂਕੜੇ ਸੜਕਾਂ ਬੰਦ ਹੋ ਚੁੱਕੀਆਂ ਹਨ। ਅਚਾਨਕ ਆਏ ਹੜ੍ਹਾਂ ਅਤੇ ਢਿੱਗਾਂ ਡਿੱਗਣ ਨਾਲ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਕਈ ਜ਼ਿਲ੍ਹਿਆਂ ਲਈ ਮੌਸਮ ਵਿਭਾਗ ਨੇ ਚਿਤਾਵਨੀ ਜਾਰੀ ਕੀਤੀ ਹੋਈ ਹੈ। ਇਸ ਨੇ ਇੱਕ ਵਾਰ ਫਿਰ ਪਹਾੜੀ ਖੇਤਰਾਂ 'ਚ ਬੁਨਿਆਦੀ ਢਾਂਚੇ ਦੀ ਕਮਜ਼ੋਰੀ ਅਤੇ ਨਾਲਿਆਂ, ਨਦੀਆਂ ਤੇ ਨਿਕਾਸੀ ਚੈਨਲਾਂ ਦੇ ਬਹੁਤ ਨੇੜੇ ਵਸੀਆਂ ਬਸਤੀਆਂ 'ਤੇ ਮੰਡਰਾਉਂਦੇ ਖ਼ਤਰੇ ਨੂੰ ਜੱਗ ਜ਼ਾਹਿਰ ਕਰ ਦਿੱਤਾ ਹੈ।

ਹਿਮਾਚਲ ਪ੍ਰਦੇਸ਼ ਦੁਨੀਆ ਦੇ ਸਭ ਤੋਂ ਨਵੇਂ ਪਹਾੜੀ ਖੇਤਰਾਂ ਵਿੱਚੋਂ ਇੱਕ ਹੈ, ਜੋ ਕੁਦਰਤੀ ਤੌਰ 'ਤੇ ਢਿੱਗਾਂ ਡਿੱਗਣ ਅਤੇ ਅਚਾਨਕ ਆਉਣ ਵਾਲੇ ਹੜ੍ਹਾਂ ਪ੍ਰਤੀ ਸੰਵੇਦਨਸ਼ੀਲ ਹੈ। ਫਿਰ ਵੀ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ, ਪਹਾੜਾਂ ਦੀ ਅੰਨ੍ਹੇਵਾਹ ਕਟਾਈ, ਢਲਾਣਾਂ ਨੂੰ ਪੱਕਾ ਕਰਨ, ਨਿਕਾਸੀ ਰਸਤਿਆਂ ਨੂੰ ਭੀੜਾ ਕਰਨ ਅਤੇ ਹੜ੍ਹ ਮੈਦਾਨਾਂ (ਫਲੱਡ ਪਲੇਨਜ਼) ਉੱਤੇ ਉਸਾਰੀਆਂ ਨੇ ਖ਼ਤਰਿਆਂ ਨੂੰ ਵਧਾ ਦਿੱਤਾ ਹੈ। ਨਾਜਾਇਜ਼ ਕਬਜ਼ੇ ਪਾਣੀ ਦੇ ਕੁਦਰਤੀ ਰਾਹਾਂ ਨੂੰ ਬੰਦ ਕਰ ਦਿੰਦੇ ਹਨ, ਜਿਸ ਨਾਲ ਹੜ੍ਹਾਂ ਦਾ ਬੇਕਾਬੂ ਪਾਣੀ ਘਰਾਂ, ਸੜਕਾਂ ਅਤੇ ਬਾਜ਼ਾਰਾਂ ਵਿੱਚੋਂ ਨਵੇਂ ਰਸਤੇ ਬਣਾ ਲੈਂਦਾ ਹੈ। ਪਹਾੜੀ ਸੂਬਿਆਂ ਵਿੱਚ ਆਫ਼ਤ ਪ੍ਰਬੰਧਨ ਨੂੰ ਸਿਰਫ਼ ਰਾਹਤ ਅਤੇ ਮੁਆਵਜ਼ੇ ਤੋਂ ਅੱਗੇ ਵਧ ਕੇ ਇਨ੍ਹਾਂ ਦੀ ਰੋਕਥਾਮ ਵੱਲ ਧਿਆਨ ਦੇਣਾ ਚਾਹੀਦਾ ਹੈ। ਕੁਦਰਤੀ ਨਿਕਾਸੀ ਪ੍ਰਣਾਲੀਆਂ ਦੀ ਨਿਸ਼ਾਨਦੇਹੀ ਅਤੇ ਰੱਖਿਆ ਕਰਨਾ ਯੋਜਨਾਬੰਦੀ ਦੀ ਮੁੱਖ ਤਰਜੀਹ ਹੋਣਾ ਚਾਹੀਦਾ ਹੈ। ਨਦੀਆਂ ਨਾਲਿਆਂ ਦੇ ਰਾਹ ਵਿੱਚ ਰੁਕਾਵਟ ਬਣ ਰਹੀਆਂ .ਗੈਰ-ਕਾਨੂੰਨੀ ਉਸਾਰੀਆਂ ਨੂੰ ਬਿਨਾਂ ਕਿਸੇ ਸਿਆਸੀ ਝਿਜਕ ਤੋਂ ਹਟਾਇਆ ਜਾਣਾ ਚਾਹੀਦਾ ਹੈ। ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਥੋੜ੍ਹੇ ਸਮੇਂ ਦੇ ਵਪਾਰਕ ਜਾਂ ਚੋਣਵੇਂ ਹਿੱਤਾਂ ਤੋਂ ਪ੍ਰੇਰਿਤ ਹੋਣ ਦੀ ਬਜਾਏ ਸਖ਼ਤ ਭੂ-ਵਿਗਿਆਨਕ ਅਤੇ ਜਲ-ਵਿਗਿਆਨਕ (ਜੀਓਲੌਜੀਕਲ ਅਤੇ ਹਾਈਡ੍ਰੋਲੌਜੀਕਲ) ਜਾਂਚ ਵਿੱਚੋਂ ਲੰਘਣੇ ਚਾਹੀਦੇ ਹਨ। ਜਲਵਾਯੂ ਪਰਿਵਰਤਨ ਕਾਰਨ ਬਹੁਤ ਭਾਰੀ ਮੀਂਹ ਦੀਆਂ ਘਟਨਾਵਾਂ ਲਗਾਤਾਰ ਵਧਣ ਦੇ ਨਾਲ-ਨਾਲ ਹੋਰ ਵੀ ਖ਼ਤਰਨਾਕ ਹੁੰਦੀਆਂ

## ਨਸ਼ੇ ਲਈ ਪੋਤੇ ਨੇ ਚਾਹ ਵਿਚ ਨਸੀਲੀ ਚੀਜ਼ ਪਿਲਾਕੇ ਦਾਦੀ ਦੇ ਗਹਿਣੇ ਕੀਤੇ ਚੋਰੀ

**ਮਾਛੀਵਾੜਾ ਸਾਹਿਬ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ੇ ਦੀ ਪੂਰਤੀ ਲਈ ਨੌਜਵਾਨ ਇਸ ਕਦਰ ਗਿਰ ਜਾਂਦੇ ਹਨ ਕਿ ਉਹ ਆਪਣੇ ਘਰ ਵਿਚ ਵੀ ਚੋਰੀ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਇਸ ਤਰ੍ਹਾਂ ਦਾ ਹੀ ਮਾਮਲਾ ਨੇੜਲੇ ਪਿੰਡ ਗੁਰੂਗੜ੍ਹ ਵਿਖੇ ਦੇਖਣ ਨੂੰ ਮਿਲਿਆ ਜਿੱਥੇ ਪੋਤੇ ਨੇ ਆਪਣੀ ਦਾਦੀ ਦੇ ਗਹਿਣੇ ਚੋਰੀ ਕਰ ਲਏ ਤਾਂ ਜੋ ਉਹ ਨਸ਼ਾ ਖਰੀਦ ਸਕੇ। ਪੁਲਸ ਕੋਲ ਬਜ਼ੁਰਗ ਮਾਤਾ ਦੇ ਲੜਕੇ ਸ਼ਿੰਗਾਰਾ ਸਿੰਘ ਨੇ ਬਿਆਨ ਦਰਜ ਕਰਵਾਏ ਕਿ ਉਹ ਆਪਣੀ ਮਾਤਾ ਰਣਜੀਤ ਕੌਰ ਨਾਲ ਘਰ ਵਿਚ ਪਰਿਵਾਰ ਸਮੇਤ ਰਹਿੰਦਾ ਹੈ। ਉਸਦਾ ਭਤੀਜਾ ਤੇਜਵੰਤ ਸਿੰਘ ਰਾਤ ਨੂੰ ਘਰ ਆਇਆ ਜਿਸ ਨੇ ਕਿ ਆਪਣੀ ਦਾਦੀ ਰਣਜੀਤ ਕੌਰ ਨੂੰ ਚਾਹ ਦਾ ਗਿਲਾਸ ਪੀਣ ਲਈ ਦਿੱਤਾ। ਬਜ਼ੁਰਗ ਰਣਜੀਤ ਕੌਰ ਵਲੋਂ ਚਾਹ ਦੇ ਕੁਝ ਹੀ ਘੁੱਟ ਪੀਤੇ ਸਨ ਜੋ ਕਿ ਉਸ ਨੂੰ ਕੌੜੀ ਲੱਗੀ ਤੇ ਉਸਦੇ ਗਿਲਾਸ ਹੇਠਾਂ ਰੱਖ ਦਿੱਤਾ। ਬਿਆਨਕਰਤਾ ਅਨੁਸਾਰ ਚਾਹ ਪੀਣ ਤੋਂ ਬਾਅਦ ਰਣਜੀਤ ਕੌਰ ਬੇਹੋਸ਼ ਹੋ ਗਈ ਅਤੇ ਪੋਤੇ ਤੇਜਵੰਤ ਸਿੰਘ ਨੇ ਘਰ ਵਿਚ ਪਈ ਢੋਲੀ ਜਿਸ ਨੂੰ ਜ਼ਿੰਦਾ ਲੱਗਾ ਸੀ ਉਸ ਨੂੰ ਤੋੜ ਦਿੱਤਾ ਜਿਸ ਵਿਚ ਮਾਤਾ ਰਣਜੀਤ ਕੌਰ ਵਲੋਂ ਆਪਣੇ ਵਿਆਹ ਵੇਲੇ ਦੇ ਸੋਨੇ ਦੇ ਗਹਿਣੇ ਸੰਭਾਲ ਕੇ ਰੱਖੇ ਸਨ। ਤਾਲ੍ਹਾ ਤੋੜਨ ਤੋਂ ਬਾਅਦ ਤੇਜਵੰਤ ਸਿੰਘ ਇਹ ਸੋਨੇ ਦੇ ਗਹਿਣੇ ਚੋਰੀ ਕਰਕੇ ਲੈ ਗਿਆ ਅਤੇ ਜਦੋਂ ਸਵੇਰੇ ਬਜ਼ੁਰਗ ਮਾਤਾ ਉੱਠੀ ਤਾਂ ਦੇਖਿਆ ਕਿ ਸਮਾਨ ਖਿੱਲਰਿਆ ਪਿਆ ਸੀ ਅਤੇ ਢੋਲੀ 'ਚੋਂ ਸੋਨੇ ਦੇ ਗਹਿਣੇ ਗਾਇਬ ਸਨ। ਥਾਣਾ ਮੁਖੀ ਚਰਨਜੀਤ ਸਿੰਘ ਨੇ ਦੱਸਿਆ ਪੁਲਸ ਵਲੋਂ ਬਿਆਨਕਰਤਾ ਦੇ ਅਧਾਰ 'ਤੇ ਤੇਜਵੰਤ ਸਿੰਘ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਅੱਜ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਥਾਣਾ ਮੁਖੀ ਨੇ ਦੱਸਿਆ ਕਿ ਤੇਜਵੰਤ ਸਿੰਘ ਤੋਂ ਚੋਰੀ ਕੀਤੇ ਗਹਿਣੇ ਬਰਾਮਦ ਕਰ ਲਏ ਹਨ। ਪੁਲਸ ਅਧਿਕਾਰੀ ਨੇ ਦੱਸਿਆ ਕਿ ਤੇਜਵੰਤ ਸਿੰਘ ਨਸ਼ੇ ਦਾ ਆਦੀ ਹੈ ਜਿਸਨੇ ਉਸਦੀ ਪੂਰਤੀ ਲਈ ਘਰੋਂ ਗਹਿਣੇ ਚੋਰੀ ਕੀਤੀ ਪਰ ਪੁਲਸ ਨੇ ਮੁਸ਼ਤੈਦੀ ਨਾਲ ਉਸ ਨੂੰ ਕਾਬੂ ਕਰਕੇ ਗਹਿਣੇ ਬਰਾਮਦ ਕਰ ਲਏ। ਥਾਣਾ ਮੁਖੀ ਅਨੁਸਾਰ ਤੇਜਵੰਤ ਸਿੰਘ 'ਤੇ ਪਹਿਲਾਂ ਵੀ ਮਾਮਲਾ ਦਰਜ ਹੈ।

## ਰਾਜ ਪੱਧਰੀ ਜਾਗਰੂਕਤਾ ਮੁਹਿੰਮ ਤਹਿਤ ਐਲਈਡੀ ਵੈਨ ਨੇ ਪਿੰਡਾਂ ਵਿੱਚ ਪਹੁੰਚਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ ਸੰਦੇਸ਼

**ਬਠਿੰਡਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਰਾਜ ਪੱਧਰੀ ਜਾਗਰੂਕਤਾ ਮੁਹਿੰਮ ਤਹਿਤ। ਐਲ.ਈ.ਡੀ. ਵੈਨ ਵੱਲੋਂ ਬੀਤੀ ਸ਼ਾਮ ਬਲਾਕ ਤਲਵੰਡੀ ਸਾਬੋ ਦੇ ਪਿੰਡ ਮੈਨੂਆਣਾ ਅਤੇ ਲਹਿਰੀ ਵਿਖੇ ਪਹੁੰਚ ਕੇ ਪਿੰਡ ਵਾਸੀਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਬਾਣੀ ਤੇ ਉਪਦੇਸ਼ਾਂ ਬਾਰੇ ਜਾਣੂੰ ਕਰਵਾਇਆ ਗਿਆ। ਡਾਕੂਮੈਂਟਰੀ ਵੈਨਾਂ ਰਾਹੀਂ ਕਰੀਬ 30 ਮਿੰਟ ਦੀ ਸ੍ਰੀ ਗੁਰੂ ਰਵਿਦਾਸ ਜੀ ਦੇ ਉਨ੍ਹਾਂ ਵੱਲੋਂ ਦਿੱਤੇ ਮਨੁੱਖਤਾ, ਸਮਾਨਤਾ, ਜੀਵਨ, ਫਲਸਫੇ ਤੇ, ਸਮਾਜਿਕ ਨਿਆਂ, ਸੇਵਾ, ਭਾਈਚਾਰੇ ਤੇ ਸਦਭਾਵਨਾ ਦੇ ਸਰਬਵਿਆਪੀ ਸੰਦੇਸ਼ ਨੂੰ ਦਰਸਾਉਂਦੀ ਡਾਕੂਮੈਂਟਰੀ ਦਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਪਿੰਡ ਵਾਸੀਆਂ ਨੂੰ ਗੁਰੂ ਸਾਹਿਬ ਦੇ ਮਹਾਨ ਜੀਵਨ ਦਰਸ਼ਨ, ਸਮਾਜ ਸੁਧਾਰਕ ਵਿਚਾਰਾਂ ਤੇ ਸਮਾਜ ਵਿੱਚ ਇੱਕ ਬਰਾਬਰੀ ਤੇ ਮਨੁੱਖੀ ਅਧਿਕਾਰਾਂ ਲਈ ਉਨ੍ਹਾਂ ਦੇ ਯੋਗਦਾਨ ਬਾਰੇ ਜਾਣੂੰ ਕਰਵਾਇਆ ਜਾ ਰਿਹਾ ਹੈ।

ਇਸ ਦੌਰਾਨ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਜਾਗਰੂਕਤਾ ਮੁਹਿੰਮਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਮਹਾਨ ਸਿੱਖਿਆਵਾਂ ਤੇ ਮਨੁੱਖਤਾ ਦੇ ਸੰਦੇਸ਼ ਨੂੰ ਆਮ ਲੋਕਾਂ, ਵਿਸ਼ੇਸ਼ ਤੌਰ 'ਤੇ ਨੌਜਵਾਨ ਪੀੜ੍ਹੀ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਬਾਣੀ ਅੱਜ ਵੀ ਸਮਾਜ ਨੂੰ ਸੱਚ, ਸਮਾਨਤਾ ਤੇ ਆਪਸੀ ਸਤਿਕਾਰ ਦਾ ਰਾਹ ਦਿਖਾਉਂਦੀ ਹੈ, ਜਿਸ ਨਾਲ ਸਮਾਜ ਵਿੱਚ ਭਾਈਚਾਰਾ ਤੇ ਸਦਭਾਵਨਾ ਹੋਰ ਮਜ਼ਬੂਤ ਹੋਵੇਗੀ।

# 5 ਸਤੰਬਰ ਨੂੰ ਹੋਵੇਗਾ ਰੂੜੇਵਾਲ ਜੋਧੇਵਾਲ ਦਾ ਪ੍ਰਸਿੱਧ ਦੰਗਲ ਮੇਲਾ : ਸਰਪੰਚ ਬੱਬੂ ਰੰਧਾਵਾ

**ਮਾਛੀਵਾੜਾ ਸਾਹਿਬ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀਆਂ ਦੇ ਤਕੜੇ ਜੁੱਸੇ ਜ਼ੋਰ ਅਜ਼ਮਾਇਸ਼ ਅਤੇ ਤਾਕਤ ਦਾ ਪ੍ਰਤੀਕ ਪੰਜਾਬ ਦੀਆਂ ਲੋਕ ਖੇਡਾਂ ਕਬੱਡੀ ਤੇ ਘੋਲਾਂ ਹਮੇਸ਼ਾ ਚਰਚਾ ਵਿੱਚ ਰਹੀਆਂ ਹਨ। ਖਾਸ ਤੌਰ ਤੇ ਪਹਿਲਵਾਨਾਂ ਦੇ ਘੋਲ ਪੰਜਾਬੀਆਂ ਦੀ ਪਹਿਲੀ ਪਸੰਦ ਰਹੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਮਾਛੀਵਾੜਾ ਬਲਾਕ ਦੇ ਪਿੰਡ ਰੂੜੇਵਾਲ ਤੋਂ ਖੇਡ ਪ੍ਰਮੋਟਰ ਪ੍ਰਧਾਨ ਸਰਪੰਚ ਅੰਗਰੇਜ਼ ਸਿੰਘ ਬੱਬੂ ਰੰਧਾਵਾ ਨੇ ਦੱਸਿਆ ਕਿ ਧੰਨ ਧੰਨ ਗੁੱਗਾ - ਜਾਹਰ ਪੀਰ ਜੀ ਦੀ ਯਾਦ ਵਿੱਚ 4 ਅਤੇ 5 ਸਤੰਬਰ ਨੂੰ ਗੁੱਗਾ ਪੀਰ ਜੀ - ਦੀ ਯਾਦ ਵਿੱਚ ਵਿਸ਼ਾਲ ਭੰਡਾਰਾ ਅਤੇ ਕੁਸ਼ਤੀ ਦੰਗਲ ਕਰਵਾਇਆ ਜਾ ਰਿਹਾ ਹੈ।ਸਤੰਬਰ 4 ਨੂੰ ਵਿਸ਼ਾਲ ਭੰਡਾਰਾ ਕਰਵਾਇਆ ਜਾਵੇਗਾ ਅਤੇ ਗੁੱਗਾ ਮੈੜੀ ਤੇ ਰਾਤ ਸਮੇਂ ਗੁੱਗਾ ਜੀ ਦੀ ਜੀਵਨ ਕਥਾ ਭਗਤਾਂ ਨੂੰ ਸਰਵਣ ਕਰਵਾਈ ਜਾਏਗੀ। ਇਹ ਦੰਗਲ ਮੇਲਾ ਪਿੰਡ ਰੂੜੇਵਾਲ, ਜੋਧਵਾਲ, ਚੱਕ ਸੰਮੂ, ਮੁਗਲੇਵਾਲ,ਲੁਬਾਣਗੜ੍ਹ ਅਤੇ ਐਨ.ਆਰ.ਆਈ. ਵੀਰਾਂ ਦੇ ਵੱਡੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ। ਅਗਲੇ ਦਿਨ 5 ਸਤੰਬਰ ਨੂੰ ਸਲਾਨਾ ਦੰਗਲ ਮੇਲਾ ਮੇਲਾ ਕਰਵਾਇਆ ਜਾ ਰਿਹਾ ਹੈ,ਜਿਸ ਵਿੱਚ ਲੱਖਾਂ ਦੇ ਨਗਦ ਇਨਾਮ ਦਿੱਤੇ ਜਾਣਗੇ।

ਝੰਡੀ ਦੀ ਵੱਡੀ ਕੁਸ਼ਤੀ ਦਾ ਇਨਾਮ ਦੋ ਲੱਖ ਇਕਵੰਜਾ ਹਜ਼ਾਰ ਨਗਦੀ ਦੇ ਰੂਪ ਵਿੱਚ ਹੋਵੇਗਾ। ਇਸ ਦੰਗਲ ਮੇਲੇ ਵਿੱਚ ਪੰਜਾਬ ਦਾ ਗੌਰਵ ਗੌਰਵ ਮਾਛੀਵਾੜਾ, ਜੋਂਟੀ ਗੁੱਜਰ, ਮੇਜਰ ਡੇਰਾ ਬਾਬਾ ਨਾਨਕ, ਰਵੀ ਵੇਹਰਾ ਸਮੇਤ ਉੱਚ ਕੋਟੀ ਦੇ ਪਹਿਲਵਾਨ ਪੁੱਜ ਰਹੇ ਹਨ।

ਇਸ ਤੋਂ ਬਿਨਾਂ ਪੰਜਾਬ ਹਰਿਆਣਾ, ਹਿਮਾਚਲ,ਮਹਾਰਾਸ਼ਟਰ ਅਤੇ ਵਿਦੇਸ਼ਾਂ ਤੋਂ ਵੀ ਪਹਿਲਵਾਨ ਇਸ ਧਰਤੀ ਤੇ ਆਪਣੀ ਕੁਸ਼ਤੀਆਂ ਦੇ ਜੌਹਰ ਦਿਖਾਉਣਗੇ। ਇਸ ਦੰਗਲ ਮੇਲੇ ਦਾ ਲਾਈਵ ਪ੍ਰਸਾਰਨ ਸੰਸਾਰ ਪ੍ਰਸਿੱਧ ਚੈਨਲ ਪਿਓਰ ਪੰਜਾਬੀ ਤੇ ਦਿਖਾਇਆ ਜਾਵੇਗਾ।

ਇਸ ਸਬੰਧੀ ਪ੍ਰਧਾਨ ਅੰਗਰੇਜ ਸਿੰਘ ਬੱਬੂ, ਲੰਬੜਦਾਰ ਅਮਨਦੀਪ ਸਿੰਘ ਪਾਬਲਾ, ਇਕਬਾਲ ਸਿੰਘ, ਸਰਪੰਚ ਧਰਮਪਾਲ, ਸਰਪੰਚ ਚਰਨਜੀਤ ਸਿੰਘ, ਸਰਪੰਚ ਜਸਵੀਰ ਸਿੰਘ ,ਸਰਪੰਚ ਪਰਮਜੀਤ ਕੌਰ ਸੈਣੀ, ਮੋਹਨ ਸਿੰਘ ਫੌਜੀ ,ਪ੍ਰਦੀਪ ਸ਼ਰਮਾ, ਸੰਜੇ ਰਾਣਾ, ਪ੍ਰਿੰਸੀਪਲ ਅੰਜੇ ਰਾਣਾ, ਵਿਨੋਦ ਰਾਣਾ ,ਹੈਪੀ ਰਾਣਾ, ਸਾਬਕਾ ਸਰਪੰਚ ਬਲਵਿੰਦਰ ਸਿੰਘ ਰਾਣਾ, ਸੰਦੀਪ ਸਿੰਘ ਪੰਚ ,ਦਵਿੰਦਰ ਨਾਗਪਾਲ ਪੰਚ, ਕੁਲਦੀਪ ਸਿੰਘ ਪੰਚ, ਗੁਰਜੀਤ ਸਿੰਘ ਪੰਚ, ਬਲਵਿੰਦਰ ਸਿੰਘ ਨਾਗਰਾ ਪੰਚ, ਦਵਿੰਦਰ ਸਿੰਘ, ਬਲਵਿੰਦਰ ਸਿੰਘ ਪਾਬਲਾ, ਜੀਤਾ ਪਾਵਲਾ ,ਬਲਵੀਰ ਸਿੰਘ ਪਾਬਲਾ ,ਹੇਮਾ ਪਾਬਲਾ ਦੀ ਸਮੁੱਚੀ ਟੀਮ ਅਤੇ ਪਿੰਡ ਵਾਸੀ ਮੇਲੇ ਦੀਆਂ ਤਿਆਰੀਆਂ ਵਿੱਚ ਜੁੜੇ ਹੋਏ ਹਨ।

ਇਸ ਦੰਗਲ ਮੇਲੇ ਵਿੱਚ ਹਰ ਸਾਲ ਦੀ ਤਰ੍ਹਾਂ ਉਚੇਚਾ ਯੋਗਦਾਨ ਪਾਉਣ ਵਾਲੇ ਗਿੱਲ ਬ੍ਰਦਰਜ਼ ਮਨੀਲਾ ਵਾਲਿਆਂ ਵੱਲੋਂ ਇਸ ਸਾਲ ਵੀ ਕਮੇਟੀ ਨੂੰ ਵਿਸ਼ੇਸ਼ ਸਹਿਯੋਗ ਦਿੰਦਿਆਂ ਝੰਡੀ ਦਾ 251000/ਦਾ ਇਨਾਮ ਦਿੱਤਾ ਜਾਵੇਗਾ। ਅਸ਼ਵਨੀ ਕੁਮਾਰ, ਸੰਦੀਪ ਕੁਮਾਰ, ਰਾਕੇਸ਼ ਕੁਮਾਰ ਅਤੇ ਸਮੁੱਚੇ ਗਿੱਲ ਪਰਿਵਾਰ ਵੱਲੋਂ ਹਰ ਸਾਲ ਹੀ ਇਲਾਕੇ ਦੇ ਸਮਾਜ ਸੇਵੀ ਕਾਰਜਾਂ ਅਤੇ ਖੇਡ ਮੇਲਿਆਂ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੇ ਹਨ।

# ਭਾਸ਼ਾ ਵਿਭਾਗ, ਵੱਲੋਂ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਲਈ ਅਰਜ਼ੀਆਂ ਦੀ ਮੰਗ

**ਹੁਸ਼ਿਆਰਪੁਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਡਾਇਰੈਕਟਰ,ਭਾਸ਼ਾ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ, ਹੁਸ਼ਿਆਰਪੁਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਿਲ੍ਹਾ ਪੱਧਰ 'ਤੇ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਜਾਣੇ ਹਨ। ਇਨ੍ਹਾਂ ਮੁਕਾਬਲਿਆਂ ਲਈ ਰਜਿਸਟ੍ਰੇਸ਼ਨ ਫਾਰਮ ਭਰ ਕੇ ਅਤੇ ਸਕੂਲ ਮੁੱਖੀ ਵੱਲੋਂ ਤਸਦੀਕ ਕਰਵਾ ਕੇ ਮਿਤੀ: 20 ਅਗਸਤ, 2026 ਤੱਕ ਜ਼ਿਲ੍ਹਾ ਭਾਸ਼ਾ ਦਫ਼ਤਰ, ਹੁਸ਼ਿਆਰਪੁਰ ਪਤਾ- ਮਿੰਨੀ ਸਕੱਤਰੇਤ, ਤੀਜੀ ਮੰਜ਼ਿਲ, ਕਮਰਾ ਨੰ 307-308 ਹੁਸ਼ਿਆਰਪੁਰ ਵਿਖੇ ਦਸਤੀ ਜਾਂ ਈ. ਮੇਲ ਰਾਹੀਂ ਭੇਜੇ ਜਾ ਸਕਦੇ ਹਨ। ਇਨ੍ਹਾਂ ਮੁਕਾਬਲਿਆਂ ਬਾਰੇ ਵਿਸਥਾਰ ਨਾਲ ਗੱਲ ਕਰਦਿਆਂ ਖੋਜ ਅਫ਼ਸਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਵਿੱਚ ਰੁਚੀ ਵਿਕਸਤ ਕਰਨ ਲਈ ਭਾਸ਼ਾ ਵਿਭਾਗ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜ਼ਿਲ੍ਹੇ ਪੱਧਰ 'ਤੇ ਇਹ ਮੁਕਾਬਲੇ ਕਰਵਾਏ ਜੇ ਰਹੇ ਹਨ। ਜ਼ਿਲ੍ਹੇ ਵਿਚ ਕੇਵਲ ਬਾਰਵੀਂ ਕਲਾਸਾਂ ਤੱਕ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਸਕੂਲ ਹਰੇਕ ਵਿਧਾ ਜਿਵੇਂ ਕਵਿਤਾ, ਕਹਾਣੀ, ਲੇਖ, ਕਵਿਤਾ ਗਾਇਨ ਵਿਚ ਕੇਵਲ ਦੋ ਵਿਦਿਆਰਥੀ ਹੀ ਭੇਜ ਸਕਦਾ ਹੈ। ਹਰ ਵਰਗ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 1000/-, 750/- ਅਤੇ 500/- ਰੁਪਏ ਨਕਦ ਜਾਂ ਭਾਸ਼ਾ ਵਿਭਾਗ ਦੀਆਂ ਕਿਤਾਬਾਂ ਦੇ ਸੈੱਟਾਂ ਅਤੇ ਪ੍ਰਮਾਣ ਪੱਤਰਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਜ਼ਿਲ੍ਹੇ ਪੱਧਰ 'ਤੇ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲੈਣਗੇ। ਉਨ੍ਹਾਂ ਦੱਸਿਆ ਕਿ ਮੁਕਾਬਲੇ 'ਚ ਭਾਗ ਲੈਣ ਲਈ ਕੋਈ ਵੀ ਫੀਸ ਨਹੀਂ ਹੈ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਰਜਿਸਟ੍ਰੇਸ਼ਨ ਫਾਰਮ ਸਵੀਕਾਰ ਨਹੀਂ ਕੀਤੇ ਜਾਣਗੇ। ਹਰ ਵਰਗ ਲਈ ਵੱਖਰਾ-ਵੱਖਰਾ ਰਜਿਸਟ੍ਰੇਸ਼ਨ ਫਾਰਮ ਭੇਜਿਆ ਜਾਵੇ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰ. 97803-00172 ਅਤੇ 'ਤੇ ਸੰਪਰਕ ਕਰ ਲਿਆ ਜਾਵੇ ਜੀ।

# ਕੋਈ ਵੀ ਬੱਚਾ ਪੇਟ ਦੇ ਕੀੜਿਆ ਦੀ ਐਲਬੈਂਡਾਜ਼ੋਲ ਗੋਲੀ ਖਾਣ ਤੋਂ ਵਾਂਝਾ ਨਾ ਰਹੇ : ਡਾ. ਆਦਿੱਤਿਆ ਸ਼ਰਮਾ



**ਤਰਨਤਾਰਨ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜ) ਤਰਨ ਤਾਰਨ ਡਾ. ਆਦਿੱਤਿਆ ਸ਼ਰਮਾ ਦੀ ਪ੍ਰਧਾਨਗੀ ਹੇਠ ਦਫ਼ਤਰ ਡਿਪਟੀ ਕਮਿਸ਼ਨਰ ਤਰਨ ਤਾਰਨ ਵਿਖੇ ਕਾਨਫਰੰਸ ਹਾਲ ਵਿਖੇ ਵਿਸ਼ਵ ਡੀ-ਵਾਰਮਿੰਗ ਦਿਵਸ ਸਬੰਧੀ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਡਾ. ਆਦਿੱਤਿਆ ਸ਼ਰਮਾ ਨੇ ਕਿਹਾ ਕਿ ਮਿਤੀ 10 ਅਗਸਤ, 2026 ਨੂੰ ਪੇਟ ਦੇ ਕੀੜਿਆਂ ਤੋਂ ਰਾਸ਼ਟਰੀ ਮੁਕਤੀ ਦਿਵਸ ਮੁਹਿੰਮ ਤਹਿਤ ਸਕੂਲੀ ਬੱਚਿਆਂ ਅਤੇ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਬੱਚਿਆਂ ਨੂੰ ਇਹ ਐਲਬੈਂਡਾਜ਼ੋਲ ਦੀ ਗੋਲੀ ਖਵਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਖਾਣਾ ਖਾਣ ਲੱਗਿਆ ਸਾਫ਼-ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਹੱਥ ਚੰਗੀ ਤਰ੍ਹਾ ਸਾਫ਼ ਕਰਕੇ ਹੀ ਖਾਣ ਵਾਲੀਆਂ ਚੀਜ਼ਾਂ ਨੂੰ ਖਾਣਾ ਚਾਹੀਦਾ ਹੈ।

ਜ਼ਿਲ੍ਹਾ ਟੀਕਾਕਰਨ ਅਫਸਰ-ਕਮ-ਨੋਡਲ ਅਫ਼ਸਰ ਡਾ. ਵਰਿੰਦਰਪਾਲ ਕੌਰ ਨੇ ਮੀਟਿੰਗ ਦੌਰਾਨ ਹੋਰਨਾਂ ਵਿਭਾਗਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਹੜੇ ਬੱਚੇ ਕਿਸੇ ਕਾਰਨ ਕਰਕੇ ਡੀ-ਵਾਰਮਿੰਗ ਵਾਲੇ ਦਿਨ ਗੋਲੀ ਲੈਣੋਂ ਵਾਂਝੇ ਰਹਿ ਗਏ ਹਨ, ਉਨ੍ਹਾਂ ਨੂੰ ਮੋਪ-ਅੱਪ-ਡੇ ਵਾਲੇ ਦਿਨ ਮਿਤੀ 17 ਅਗਸਤ, 2026 ਨੂੰ ਐਲਬੈਂਡਾਜ਼ੋਲ ਦੀਆ ਗੋਲੀਆਂ ਖਵਾਉਣਾ ਯਕੀਨੀ ਬਣਾਇਆ ਜਾਵੇ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਹੋਇਆਂ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਵਰਿੰਦਰਪਾਲ ਕੌਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਸੀਨੀਅਰ ਮੈਡੀਕਲ ਅਫਸਰਾਂ ਨੂੰ ਵੀ ਹਦਾਇਤਾ ਜਾਰੀ ਕਰ ਦਿੱਤੀਆਂ ਗਈਆਂ ਹਨ ਕਿ ਕੋਈ ਵੀ ਬੱਚਾ ਪੇਟ ਦੇ ਕੀੜਿਆਂ ਦੀ ਗੋਲੀ ਤੋ ਕੋਈ ਵੀ ਬੱਚਾ ਵਾਂਝਾ ਨਾ ਰਹੇ, ਪਰ ਜੇਕਰ ਫਿਰ ਵੀ ਕੋਈ ਬੱਚਾ ਸਕੂਲ ਵਿੱਚ ਜਾਂ ਕਿਸੇ ਪਿੰਡ ਵਿੱਚ ਜਾ ਕਿਸੇ ਸਲੱਮ ਏਰੀਆਂ, ਝੁੱਗੀਆਂ, ਝੌਂਪੜੀਆਂ ਆਦਿ ਵਿੱਚ ਗੋਲੀ ਖਾਣ ਵਾਲਾ ਰਹਿ ਜਾਦਾ ਹੈ ਤਾਂ ਉਨ੍ਹਾਂ ਬੱਚਿਆਂ ਨੂੰ 17 ਅਗਸਤ 2026 ਨੂੰ ਮੋ ਅੱਪ ਡੇ 'ਤੇ ਗੋਲੀ ਖਵਾਉਣਾ ਯਕੀਨੀ ਬਣਾਇਆ ਜਾਵੇਗਾ। ਡਾ. ਵਰਿੰਦਰਪਾਲ ਕੌਰ ਨੇ ਕਿਹਾ ਕਿ ਜਿਲ੍ਹੇ ਦੇ ਸਾਰੇ ਸਕੂਲਾ ਵਿੱਚ ਟੀਮਾਂ ਜਾ ਕੇ ਬੱਚਿਆਂ ਨੂੰ ਐਲਬੈਂਡਾਜ਼ੋਲ ਦੀ ਗੋਲੀ ਖਵਾਉਣਾ ਯਕੀਨੀ ਬਣਾਉਣਗੀਆਂ ਤਾਂ ਜੋ ਬੱਚੇ ਪੇਟ ਦੇ ਕੀੜਿਆਂ ਤੋਂ ਮੁਕਤ ਹੋ ਸਕਣ।

ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਵਰਿੰਦਰਪਾਲ ਕੌਰ ਨੇ ਗੋਲੀ ਖਵਾਉਣ ਦੇ ਨਾਲ-ਨਾਲ ਬੱਚਿਆਂ ਨੂੰ ਆਪਣੇ ਸਰੀਰ ਦੀ ਸਾਫ਼-ਸਫ਼ਾਈ ਰੱਖਣ ਤੇ ਪੇਟ ਦੇ ਕੀੜਿਆਂ ਦੇ ਨੁਕਸਾਨ ਸਬੰਧੀ ਵਿਸਥਾਰ ਪੂਰਵਕ ਜਾਣਥਾਰੀ ਦਿੱਤੀ। ਉਨ੍ਹਾਂ ਨੇ ਬੱਚਿਆਂ ਨੂੰ ਐਲਬੈਂਡਾਜ਼ੋਲ ਗੋਲੀ ਦੀ ਮਹੱਤਤਾ, ਆਇਰਨ ਯੁਕਤ ਭੋਜਨ ਖਾਣ, ਸਾਫ਼-ਸੁਥਰਾ ਘਰ ਦਾ ਬਣਿਆ ਭੋਜਨ ਖਾਣ, ਮੱਛਰ ਦੇ ਕੱਟਣ ਤੋ ਬਚਾਅ ਲਈ, ਆਲਾ-ਦੁਆਲਾ ਸਾਫ਼ ਰੱਖਣ ਅਤੇ ਬੱਚਿਆਂ ਨੂੰ ਸਾਬਣ ਨਾਲ ਹੱਥ ਧੋਣ ਲਈ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਬਿਮਾਰੀਆ ਤੋਂ ਬਚਣ ਲਈ ਨਹੁੰ ਸਾਫ ਤੇ ਕੱਟ ਕੇ ਰੱਖਣ, ਖਾਣਾ ਖਾਣ ਤੋ ਪਹਿਲਾਂ ਹੱਥ ਚੰਗੀ ਤਰ੍ਹਾਂ ਸਾਬਣ ਨਾਲ ਧੋਣਾ ਅਤੀ ਜ਼ਰੂਰੀ ਹੈ।

ਡਾ. ਵਰਿੰਦਰਪਾਲ ਕੌਰ ਨੇ ਹੋਰ ਜਾਣਕਾਰੀ ਦਿੰਦਿਆਂ ਸਕੂਲ ਮੁਖੀਆਂ ਅਤੇ ਆਮ ਲੋਕਾ ਨੂੰ ਅਪੀਲ ਕੀਤੀ ਕਿ ਐਚ.ਪੀ.ਵੀ. ਵੈਕਸੀਨ, ਮੀਜਲ ਰੁਬੇਲਾ ਆਦਿ ਟੀਕਾਕਰਨ ਕਰਵਾਉਣ ਸਬੰਧੀ ਆਪਣਾ ਯੋਗਦਾਨ ਪਾਇਆ ਜਾਵੇ ਤਾਂ ਜੋ ਕੋਈ ਵੀ ਬੱਚਾ ਟੀਕਾਕਰਨ ਤੋ ਵਾਝਾ ਨਾ ਰਹੇ।

ਇਸ ਮੌਕੇ ਐਸ.ਡੀ.ਐਮ ਤਰਨ ਤਾਰਨ ਡਾ. ਕਰਨਵੀਰ ਸਿੰਘ, ਐਸ.ਡੀ.ਐਮ ਖਡੂਰ ਸਾਹਿਬ ਸੰਜੀਵ ਸ਼ਰਮਾ, ਐਸ.ਡੀ.ਐਮ ਪੱਟੀ ਅਮਨਦੀਪ, ਐਸ.ਡੀ.ਐਮ ਭਿੱਖੀਵਿੰਡ ਜਗਦੀਪ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੁਖੀ, ਸੀਨੀਅਰ ਮੈਡੀਕਲ ਅਫ਼ਸਰ ਅਤੇ ਪ੍ਰੋਗਰਾਮ ਅਫ਼ਸਰ ਹਾਜ਼ਰ ਸਨ।

# ਪ੍ਰਾਰਥੀ ਦੇ ਅਰਜ਼ੀ ਦੇ ਮੁਤਾਬਕ ਕਾਰਵਾਈ ਕਰਦਿਆਂ ਏ.ਕੇ ਇਮੀਗ੍ਰੇਸ਼ਨ ਸਰਵਿਸਜ਼ ਟਰੈਵਲ ਏਜੰਸੀ ਦਾ ਲਾਇਸੰਸ ਰੱਦ

**ਗੁਰਦਾਸਪੁਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਸਿਮਰਨ ਸਿੰਘ ਢਿੱਲੋਂ ਵਲੋਂ ਜਾਰੀ ਕੀਤੇ ਹੁਕਮ ਰਾਹੀਂ ਪੰਜਾਬ ਮਨੁੱਖੀ ਤਸਕਰੀ ਰੋਕੂ ਐਕਟ 2012 ਅਧੀਨ ਜਾਰੀ ਪੰਜਾਬ ਮਨੁੱਖੀ ਤਸਕਰੀ ਨਿਯਮ 2013 (ਸੋਧਿਆ ਨਾਮ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ) ਤਹਿਤ ਏ.ਕੇ ਇਮੀਗ੍ਰੇਸ਼ਨ ਸਰਵਿਸਜ਼ ਸ਼ਾਪਿੰਗ ਕੰਪਲੈਕਸ, ਸਾਹਮਣੇ ਸੀ ਐਸ ਡੀ ਕੰਟੀਨ, ਹਰਦੋਛੰਨੀ ਰੋਡ, ਦੇ ਨਾਮ 'ਤੇ ਸ੍ਰੀ ਅਯੁੱਧਿਆ ਪ੍ਰਕਾਸ਼ ਪੁੱਤਰ ਸ੍ਰੀ ਮੂਰਤੀ ਰਾਮ, ਵਾਸੀ ਮਕਾਨ ਨੰਬਰ 632/13, ਬਹਿਰਾਮਪੁਰ ਰੋਡ, ਨੇੜੇ ਮਹਿਕ ਹਸਪਤਾਲ ਗੁਰਦਾਸਪੁਰ ਨੂੰ ਟਰੈਵਲ ਏਜੰਸੀ ਦਾ ਲਾਇਸੰਸ ਨੰਬਰ 306/ਐਸ ਯੂ ਐਮ/ਐਕਟ-ਐਮ ਏ 3/ਈ ਮਿਤੀ 09.02.2024 ਨੂੰ ਜਾਰੀ ਕੀਤਾ ਲਾਇਸੰਸ ਰੱਦ ਕੀਤਾ ਜਾਂਦਾ ਹੈ।

ਜਾਰੀ ਹੁਕਮਾਂ ਅਨੁਸਾਰ ਪ੍ਰਾਰਥੀ ਵੱਲੋਂ 16 ਜੁਲਾਈ 2026 ਨੂੰ ਆਪਣੀ ਦਿੱਤੀ ਅਰਜੀ ਵਿਚ ਲਿਖਿਆ ਗਿਆ ਹੈ ਕਿ ਹੁਣ ਉਹ ਟਰੈਵਲ ਏਜੰਟ ਦਾ ਕੰਮ ਨਹੀਂ ਕਰਦਾ ਹੈ। ਇਸ ਲਈ ਉਸਦਾ ਟਰੈਵਲ ਏਜੰਟ ਦਾ ਲਾਇਸੰਸ ਕੈਂਸਲ ਕੀਤਾ ਜਾਵੇ।ਪ੍ਰਾਰਥੀ ਦੇ ਅਰਜੀ ਦੇ ਮੁਤਾਬਕ ਕਾਰਵਾਈ ਕਰਦਿਆਂ ਇਹ ਲਾਇੰਸਸ ਰੱਦ ਕੀਤਾ ਜਾਂਦਾ ਹੈ।ਇਸ ਤੋਂ ਇਲਾਵਾ ਐਕਟ/ਰੂਲਜ਼ ਮੁਤਾਬਕ ਕਿਸੇ ਵੀ ਕਿਸਮ ਦੀ ਲਾਇਸੰਸ ਧਾਰਕ ਜਾਂ ਉਸਦੀ ਫਰਮ ਦੇ ਖਿਲਾਫ਼ ਕੋਈ ਵੀ ਸ਼ਿਕਾਇਤ ਦਰਜ ਹੁੰਦੀ ਹੈ, ਤਾਂ ਉਸਦਾ ਉਕਤ ਲਾਇਸੰਸ ਧਾਰਕ ਸ੍ਰੀ ਅਯੁੱਧਿਆ ਪ੍ਰਕਾਸ਼ ਹਰ ਪੱਖੋਂ ਜ਼ਿੰਮੇਵਾਰ ਹੋਵੇਗਾ।

# ਸੁਪਨੇ ਦੇਖਣਾ ਕਦੇ ਬੰਦ ਨਾ ਕਰੋ, ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਰਕਾਰ ਤੁਹਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ : ਮੁੱਖ ਮੰਤਰੀ ਨਾਇਬ ਸਿੰਘ ਸੈਣੀ




**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਨੌਜਵਾਨ ਸੁਪਨੇ ਦੇਖਣਾ ਕਦੇ ਬੰਦ ਨਾ ਕਰਨ। ਸੁਪਨੇ ਸੁੱਤੇ ਹੋਏ ਨਹੀਂ, ਸਗੋਂ ਜਾਗਦੇ ਹੋਏ ਦੇਖਣ। ਉਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੁਣ ਸਿਰਫ ਤੁਹਾਡਾ ਹੌਸਲਾ ਹੀ ਨਹੀਂ, ਸਗੋਂ ਤੁਹਾਡੀ ਆਪਣੀ ਸਰਕਾਰ ਵੀ ਤੁਹਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਅਸੀਂ ਕਿਸੇ ਵੀ ਨੌਜਵਾਨ ਦੇ ਸੁਪਨਿਆਂ ਨੂੰ ਦੱਬਣ ਨਹੀਂ ਦੇਵਾਂਗੇ। ਹਰਿਆਣਾ ਸਰਕਾਰ ਨੌਜਵਾਨਾਂ ਨੂੰ ਪਾਰਦਰਸ਼ੀ ਵਿਵਸਥਾ, ਸਮਾਨ ਮੌਕੇ ਅਤੇ ਬਿਨਾਂ ਪਰਚੀ ਬਿਨਾਂ ਖਰਚੀ ਦੀ ਭਰਤੀ ਪ੍ਰਣਾਲੀ ਰਾਹੀਂ ਅੱਗੇ ਵਧਾਉਣ ਲਈ ਪੂਰੀ ਵਚਨਬੱਧਤਾ ਨਾਲ ਕਾਰਜ ਕਰ ਰਹੀ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੀਰਵਾਰ ਨੂੰ ਸੋਨੀਪਤ ਵਿੱਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਨੌਜਵਾਨਾਂ ਨੂੰ ਸੰਬੋਧਿਤ ਕਰ ਰਹੇ ਸਨ। ਛਾਤਰ ਸੰਵਾਦ ਮੁੱਖ ਮੰਤਰੀ ਦੇ ਨਾਲ ਤਹਿਤ ਆਯੋਜਿਤ ਇਸ ਪ੍ਰੋਗਰਾਮ ਵਿੱਚ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਵੀ ਸਟੂਡੈਂਟਸ ਲਾਈਵ ਜੁੜੇ ਸਨ। ਇਸ ਦੌਰਾਨ ਆਈ.ਸੀ.ਐਸ. ਸੈਂਟਰ ਦੇ ਸੰਸਥਾਪਕ ਸ੍ਰੀ ਪਰਿਮਲ ਕੁਮਾਰ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਸਵਾਗਤ ਕੀਤਾ।

ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਦੋਂ ਉਹ ਨੌਜਵਾਨਾਂ ਵੱਲ ਦੇਖਦੇ ਹਨ ਤਾਂ ਉਨ੍ਹਾਂ ਨੂੰ ਵਿਕਸਿਤ ਭਾਰਤ ਅਤੇ ਵਿਕਸਿਤ ਹਰਿਆਣਾ ਦਾ ਉੱਜਵਲ ਭਵਿੱਖ ਦਿਖਾਈ ਦਿੰਦਾ ਹੈ।

ਅੱਜ ਪੂਰੀ ਦੁਨੀਆ ਭਾਰਤ ਨੂੰ ਸਿਰਫ ਇੱਕ ਵੱਡਾ ਬਾਜ਼ਾਰ ਨਹੀਂ, ਸਗੋਂ ਨਵੀਆਂ ਸੰਭਾਵਨਾਵਾਂ ਅਤੇ ਵਿਸ਼ਵ ਦੀ ਅਗਵਾਈ ਕਰਨ ਵਾਲੀ ਯੁਵਾ ਸ਼ਕਤੀ ਵਜੋ ਦੇਖ ਰਹੀ ਹੈ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਵਿਸ਼ਵ ਦੀ ਸਭ ਤੋਂ ਯੁਵਾ ਆਬਾਦੀ ਦੀ ਤਾਕਤ ਨਾਲ ਅੱਗੇ ਵਧ ਰਿਹਾ ਹੈ ਅਤੇ ਇਹੀ ਸ਼ਕਤੀ ਵਿਕਸਿਤ ਭਾਰਤ ਦੇ ਸੰਕਲਪ ਨੂੰ ਸਾਕਾਰ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਿਸੇ ਤਪੱਸਿਆ ਤੋਂ ਘੱਟ ਨਹੀਂ ਹੁੰਦੀ। ਨੌਜਵਾਨ ਦਿਨ-ਰਾਤ ਮਿਹਨਤ ਕਰਦੇ ਹਨ, ਮੁਸ਼ਕਿਲ ਹਾਲਾਤਾਂ ਦਾ ਸਾਹਮਣਾ ਕਰਦੇ ਹਨ ਅਤੇ ਅਨੇਕਾਂ ਸਮਾਜਿਕ ਦਬਾਅ ਵਿਚਕਾਰ ਆਪਣੇ ਟੀਚੇ ਲਈ ਨਿਰੰਤਰ ਯਤਨ ਕਰਦੇ ਹਨ। ਸਰਕਾਰ ਉਨ੍ਹਾਂ ਦੀ ਇਸ ਮਿਹਨਤ ਅਤੇ ਸੰਘਰਸ਼ ਦਾ ਸਨਮਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਭਰਤੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਇਆ ਗਿਆ ਹੈ।

ਹਰਿਆਣਾ ਵਿੱਚ ਅੱਜ ਨੌਜਵਾਨਾਂ ਨੂੰ ਬਿਨਾਂ ਪਰਚੀ ਅਤੇ ਬਿਨਾਂ ਖਰਚੀ ਦੇ ਸਰਕਾਰੀ ਨੌਕਰੀਆਂ ਮਿਲੀਆਂ ਹਨ। ਇਸ ਵਿਵਸਥਾ ਦੀ ਸ਼ਲਾਘਾ ਖੁਦ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੀ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਤਰਜੀਹ ਹੈ ਕਿ ਕਿਸੇ ਵੀ ਯੋਗ ਨੌਜਵਾਨ ਨੂੰ ਨੌਕਰੀ ਲਈ ਸਿਫ਼ਾਰਸ਼ ਜਾਂ ਪੈਸੇ ਦਾ ਸਹਾਰਾ ਨਾ ਲੈਣਾ ਪਵੇ।

**ਸਿੱਖਿਆ ਵਿਵਸਥਾ ਨੂੰ ਲੈ ਕੇ ਚੁੱਕੇ ਗਏ ਕਦਮਾਂ ਦਾ ਕੀਤਾ ਵਰਣਨ**

ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲਿਆਂ ਖਿਲਾਫ ਸਰਕਾਰ ਨੇ ਸਖ਼ਤ ਰੁਖ ਅਪਣਾਇਆ ਹੈ। ਪੇਪਰ ਲੀਕ ਵਰਗੀਆਂ ਘਟਨਾਵਾਂ 'ਤੇ ਰੋਕ ਲਗਾਉਣ ਲਈ ਸਖ਼ਤ ਕਾਨੂੰਨ ਬਣਾਏ ਗਏ ਹਨ ਅਤੇ ਦੋਸ਼ੀਆਂ ਖ਼ਿਲਾਫ਼ ਸਖਤ ਕਾਰਵਾਈ ਯਕੀਨੀ ਬਣਾਏ ਜਾ ਰਹੀ ਹੈ ਤਾਂ ਜੋ ਮਿਹਨਤੀ ਉਮੀਦਵਾਰਾਂ ਦਾ ਭਵਿੱਖ ਸੁਰੱਖਿਅਤ ਰਹਿ ਸਕੇ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਵੀ ਹਰਿਆਣਾ ਲਗਾਤਾਰ ਨਵੀਆਂ ਪ੍ਰਾਪਤੀਆਂ ਹਾਸਲ ਕਰ ਰਿਹਾ ਹੈ। ਧੀਆਂ ਲਈ ਵਿਸ਼ੇਸ਼ ਤੌਰ 'ਤੇ ਕਦਮ ਚੁੱਕੇ ਗਏ ਹਨ, ਇਸ ਲਈ ਪੋਸਟ ਗਰੈਜੂਏਟ ਤੱਕ ਸਿੱਖਿਆ ਦੀ ਵਿਵਸਥਾ ਸਰਕਾਰੀ ਪੱਧਰ 'ਤੇ ਕੀਤੀ ਗਈ ਹੈ। ਨਾਲ ਹੀ ਸੂਬੇ ਵਿੱਚ ਹਰ 20 ਕਿਲੋਮੀਟਰ 'ਤੇ ਸਰਕਾਰੀ ਕਾਲਜ ਸਥਾਪਤ ਕੀਤੇ ਗਏ ਹਨ। ਪੀ.ਐਮ. ਸ਼੍ਰੀ ਸਕੂਲਾਂ ਦਾ ਵਿਸਤਾਰ ਕੀਤਾ ਗਿਆ ਹੈ ਤਥਾ ਸੀ.ਐਮ.ਈ.ਈ.ਈ. ਤਹਿਤ ਵੀ ਖਾਸ ਸਕੂਲਾਂ ਦੀ ਵਿਵਸਥਾ ਕੀਤੀ ਜਾ ਰਹੀ ਹੈ।

# ਐਸ.ਆਈ.ਆਰ ਤਹਿਤ ਤਰਨ ਤਾਰਨ ਜ਼ਿਲ੍ਹੇ ਚ ਘਰ-ਘਰ ਗਣਨਾ ਪੜਾਅ ਸਫਲਤਾ ਪੂਰਵਕ ਮੁਕੰਮਲ

**ਤਰਨਤਾਰਨ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਰਾਜ ਵਿੱਚ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਗਹਿਰੀ ਸੁਧਾਈ (ਐਸ.ਆਈ.ਆਰ) ਤਹਿਤ ਤਰਨ ਤਾਰਨ ਜ਼ਿਲ੍ਹੇ 'ਚ ਪਹਿਲਾ ਪੜਾਅ (ਬੀ.ਐਲ.ਓਜ਼ ਦੁਆਰਾ ਘਰ-ਘਰ ਗਣਨਾ) ਸਫਲਤਾ ਪੂਰਵਕ ਮੁਕੰਮਲ ਕਰ ਲਿਆ ਗਿਆ ਹੈ। ਇਹ ਪ੍ਰਗਟਾਵਾ ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਰਾਹੁਲ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਕੀਤੀ ਗਈ ਵਿਸ਼ੇਸ਼ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ 25 ਜੂਨ 2026 ਤੋਂ 3 ਅਗਸਤ 2026 ਤੱਕ ਜ਼ਿਲ੍ਹੇ ਭਰ ਵਿੱਚ 703160 ਗਣਨਾ ਫਾਰਮ ਇਕੱਤਰ ਕਰਕੇ ਡਿਜੀਟਾਈਜ਼ਡ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਜੂਨ ਮਹੀਨੇ ਵਿੱਚ ਪ੍ਰੀ-ਐਸ.ਆਈ.ਆਰ ਦੌਰਾਨ ਜ਼ਿਲ੍ਹੇ ਵਿੱਚ ਕੁੱਲ 777353 ਵੋਟਰ ਸਨ। ਇਨ੍ਹਾਂ ਵਿੱਚੋਂ 74193 ਫਾਰਮ ਇਕੱਤਰ ਨਹੀਂ ਹੋਏ। ਉਨ੍ਹਾਂ ਦੱਸਿਆ ਕਿ ਨਾ ਇਕੱਤਰ ਹੋਏ ਫਾਰਮਾਂ ਵਿੱਚ 20956 ਅਜਿਹੇ ਵੋਟਰ ਹਨ ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ, ਜਦ ਕਿ 8325 ਵੋਟਰ ਗੈਰ ਹਾਜ਼ਰ, 37569 ਪੱਕੇ ਤੌਰ 'ਤੇ ਸ਼ਿਫਟ ਅਤੇ 6980 ਡਬਲ ਵੋਟ ਵਾਲੇ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਨਾ ਇਕੱਤਰ ਹੋਏ ਫਾਰਮਾਂ ਵਿੱਚ 363 ਅਜਿਹੇ ਹਨ ਜਿਨ੍ਹਾਂ ਨੇ ਹਸਤਾਖ਼ਰ ਕਰਨ ਤੋਂ ਮਨ੍ਹਾ ਕੀਤਾ ਹੈ।

ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਹੁਣ 13 ਅਗਸਤ 2026 ਨੂੰ ਪ੍ਰਕਾਸ਼ਿਤ ਹੋਣ ਵਾਲੀ ਡਰਾਫਟ ਵੋਟਰ ਸੂਚੀ ਵਿੱਚ 703160 ਵੋਟਰ ਹੋਣਗੇ। ਇਨ੍ਹਾਂ ਵਿੱਚੋਂ ਵਿਧਾਨ ਸਭਾ ਚੋਣ ਹਲਕਾ ਤਰਨ ਤਾਰਨ ਵਿੱਚ 172148, ਖੇਮਕਰਨ ਵਿੱਚ 180784, ਪੱਟੀ ਵਿੱਚ 169392 ਅਤੇ ਖਡੂਰ ਸਾਹਿਬ ਵਿੱਚ 180836 ਵੋਟਰ ਹੋਣਗੇ।

ਉਨ੍ਹਾਂ ਦੱਸਿਆ ਕਿ ਵੋਟਰ ਸੂਚੀ ਦੀ ਡਰਾਫਟ ਪ੍ਰਕਾਸ਼ਨਾ 13 ਅਗਸਤ 2026 ਨੂੰ ਕੀਤੀ ਜਾਵੇਗੀ। ਇਸ ਉਪਰੰਤ 12 ਸਤੰਬਰ 2026 ਤੱਕ ਦਾਅਵੇ ਅਤੇ ਇਤਰਾਜ ਪ੍ਰਾਪਤ ਕੀਤੇ ਜਾਣਗੇ।ਇਸ ਦੇ ਨਾਲ-ਨਾਲ ਡਰਾਫਟ ਵੋਟਰ ਸੂਚੀ ਦੀ ਪ੍ਰਕਾਸ਼ਨਾ ਉਪਰੰਤ ਜਿਨ੍ਹਾਂ 23587 ਵੋਟਰਾਂ ਦੀ 2003 ਵੋਟਰ ਸੂਚੀ ਨਾਲ ਮੈਪਿੰਗ ਨਹੀਂ ਹੋਈ, ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਵੱਲੋਂ ਉਕਤ ਵੋਟਰਾਂ ਨੂੰ ਦਸਤਾਵੇਜ਼ ਪੇਸ਼ ਕਰਨ ਲਈ ਨੋਟਿਸ ਭੇਜੇ ਜਾਣਗੇ। ਇਸ ਤੋਂ ਇਲਾਵਾ ਘਰ-ਘਰ ਸਰਵੇ ਦੌਰਾਨ ਕੀਤੀ ਮੈਪਿੰਗ ਦੌਰਾਨ 72682 ਵੋਟਰਾਂ ਦੀ ਜਾਣਕਾਰੀ ਵਿੱਚ ਤਰੁੱਟੀਆਂ ਪਾਈਆਂ ਗਈਆਂ ਹਨ। ਇਨ੍ਹਾਂ ਵੋਟਰਾਂ ਨੂੰ ਤਰੁੱਟੀਆਂ ਦੂਰ ਕਰਨ ਲਈ ਦਸਤਾਵੇਜ਼ ਜਮ੍ਹਾ ਕਰਵਾਉਣੇ ਪੈਣਗੇ ਅਤੇ ਤਰੁਟੀਆਂ ਨਾ ਹੱਲ ਹੋਣ ਦੀ ਸੂਰਤ ਵਿੱਚ ਇਨ੍ਹਾਂ ਵੋਟਰਾਂ ਨੂੰ ਵੀ ਨੋਟਿਸ ਜਾਰੀ ਕੀਤੇ ਜਾਣਗੇ। ਇਸ ਸੂਰਤ ਵਿੱਚ ਵਧੇਰੇ ਦਸਤਾਵੇਜ਼ ਜਮ੍ਹਾ ਕਰਾਉਣ ਲਈ ਸਮਾਂ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜਾਰੀ ਕੀਤੇ ਜਾਣ ਵਾਲੇ ਅੰਦਾਜ਼ਨ ਨੋਟਿਸਾਂ ਦੀ ਗਿਣਤੀ 96269 ਹੋਵੇਗੀ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਦਾਅਵਿਆਂ/ਇਤਰਾਜਾਂ ਦਾ ਨਿਪਟਾਰਾ ਅਤੇ ਨੋਟਿਸਾਂ ਦਾ ਨਿਪਟਾਰਾ 8 ਅਕਤੂਬਰ, 2026 ਨੂੰ ਕਰਨ ਉਪਰੰਤ ਵੋਟਰ ਸੂਚੀ ਦੀ ਫਾਈਨਲ ਪ੍ਰਕਾਸ਼ਨਾ 12 ਅਕਤੂਬਰ, 2026 ਨੂੰ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਸ ਦੇ ਨਾਲ-ਨਾਲ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਪੋਲਿੰਗ ਸਟੇਸ਼ਨਾਂ ਦਾ ਪੁਨਰਗਠਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਵਿੱਚ 14 ਨਵੇਂ ਪੋਲਿੰਗ ਸਟੇਸ਼ਨ ਬਣਾਏ ਗਏ ਹਨ, ਜਿਸ ਨਾਲ ਪੋਲਿੰਗ ਸਟੇਸ਼ਨਾਂ ਦੀ ਕੁੱਲ ਗਿਣਤੀ 911 ਤੋਂ ਵੱਧ ਕੇ 925 ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਤਰਨ ਤਾਰਨ ਵਿੱਚ ਪੋਲਿੰਗ ਸਟੇਸ਼ਨਾਂ ਦੀ ਗਿਣਤੀ 222 ਤੋਂ ਵੱਧ ਕੇ 226 ਹੋ ਗਈ ਹੈ ਜਦਕਿ ਖੇਮਕਰਨ ਵਿੱਚ ਪੋਲਿੰਗ ਸਟੇਸ਼ਨਾਂ ਦੀ ਗਿਣਤੀ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਪੱਟੀ ਵਿੱਚ ਪੋਲਿੰਗ ਸਟੇਸ਼ਨਾਂ ਦੀ ਗਿਣਤੀ 225 ਤੋਂ ਵੱਧ ਕੇ 228 ਅਤੇ ਖਡੂਰ ਸਾਹਿਬ ਵਿੱਚ 229 ਤੋਂ ਵੱਧ ਕੇ 236 ਹੋ ਗਈ ਹੈ।

ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਰਾਹੁਲ ਨੇ ਮੁੜ ਦੁਹਰਾਇਆ ਕਿ ਹਰੇਕ ਯੋਗ ਵੋਟਰ ਦਾ ਨਾਂ ਵੋਟਰ ਸੂਚੀ ਵਿੱਚ ਸ਼ਾਮਿਲ ਕੀਤਾ ਜਾਵੇਗਾ।

# ਭਾਰੀ ਬਾਰਿਸ਼ ਨੇ ਖੋਲ੍ਹੀ ਪ੍ਰਸ਼ਾਸਨ ਦੀ ਲਾਪਰਵਾਹੀ ਦੀ ਪੋਲ

**ਅੰਮ੍ਰਿਤਸਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਨੇ ਅੰਮ੍ਰਿਤਸਰ ਪੁਲਿਸ ਕਮਿਸ਼ਨਰੇਟ ਅਧੀਨ ਆਉਂਦੀ ਕੋਟ ਖਾਲਸਾ ਪੁਲਿਸ ਚੌਂਕੀ ਦੀ ਜਰਜਰ ਇਮਾਰਤ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ। ਬਾਰਿਸ਼ ਦੌਰਾਨ ਚੌਂਕੀ ਦੇ ਇੱਕ ਹਾਲ ਨੁਮਾ ਕਮਰੇ ਦੀ ਛੱਤ ਅਚਾਨਕ ਢਹਿ ਗਈ। ਰੱਬ ਦਾ ਸ਼ੁਕਰ ਰਿਹਾ ਕਿ ਜਿਸ ਕਮਰੇ ਦੀ ਛੱਤ ਡਿੱਗੀ, ਉਸ ਨੂੰ ਕਾਫੀ ਸਮੇਂ ਪਹਿਲਾਂ ਹੀ ਖਸਤਾ ਹਾਲਤ ਕਾਰਨ ਬੰਦ ਕਰ ਦਿੱਤਾ ਗਿਆ ਸੀ। ਇਸ ਕਰਕੇ ਇੱਕ ਵੱਡਾ ਹਾਦਸਾ ਟਲ ਗਿਆ ਅਤੇ ਚੌਂਕੀ ਵਿੱਚ ਤਾਇਨਾਤ ਪੁਲਿਸ ਮੁਲਾਜ਼ਮ ਵਾਲ-ਵਾਲ ਬਚ ਗਏ।

ਮਿਲੀ ਜਾਣਕਾਰੀ ਅਨੁਸਾਰ ਕੋਟ ਖਾਲਸਾ ਪੁਲਿਸ ਚੌਂਕੀ ਇਸ ਸਮੇਂ ਕੋ-



ਆਪਰੇਟਿਵ ਸੁਸਾਇਟੀ ਦੀ ਕਰੀਬ 60 ਤੋਂ 70 ਸਾਲ ਪੁਰਾਣੀ ਇਮਾਰਤ ਵਿੱਚ ਚੱਲ ਰਹੀ ਹੈ। ਇਮਾਰਤ ਦੀ ਹਾਲਤ ਕਈ ਸਾਲਾਂ ਤੋਂ ਬੇਹੱਦ ਖਸਤਾ ਬਣੀ ਹੋਈ ਹੈ ਅਤੇ ਇਸ ਬਾਰੇ ਕਈ ਵਾਰ ਚਿੰਤਾ ਵੀ ਜਤਾਈ ਜਾ ਚੁੱਕੀ ਹੈ। ਇਸ ਦੇ ਬਾਵਜੂਦ ਨਾ ਤਾਂ ਇਮਾਰਤ ਦੀ ਮੁਰੰਮਤ ਕਰਵਾਈ ਗਈ ਅਤੇ ਨਾ ਹੀ ਚੌਂਕੀ ਨੂੰ ਕਿਸੇ ਸੁਰੱਖਿਅਤ ਇਮਾਰਤ ਵਿੱਚ ਤਬਦੀਲ ਕੀਤਾ ਗਿਆ।

ਚੌਂਕੀ ਇੰਚਾਰਜ ਖਸਤਾ ਹਾਲ ਕਮਰੇ ਦੇ ਨਾਲ ਲੱਗਦੇ ਇੱਕ ਕਮਰੇ ਵਿੱਚ ਆਪਣਾ ਦਫ਼ਤਰੀ ਕੰਮਕਾਜ ਸੰਭਾਲਦੇ ਹਨ, ਜਦਕਿ ਮੁੱਖ ਮੁੰਸ਼ੀ ਅਤੇ ਹੋਰ ਪੁਲਿਸ ਮੁਲਾਜ਼ਮ ਅੱਗੇ ਬਣੇ ਬਰਾਂਡੇ ਵਿੱਚ ਅਸਥਾਈ ਦਫ਼ਤਰ ਬਣਾ ਕੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਦੇ ਅਤੇ ਰੋਜ਼ਾਨਾ ਦਾ ਕੰਮਕਾਜ ਨਿਭਾਉਂਦੇ ਹਨ। ਜੇਕਰ ਛੱਤ ਕਿਸੇ ਵਰਤੋਂ ਵਾਲੇ ਕਮਰੇ ਦੀ ਡਿੱਗਦੀ ਤਾਂ ਵੱਡਾ ਜਾਨੀ ਨੁਕਸਾਨ ਹੋ ਸਕਦਾ ਸੀ।

ਇਸ ਘਟਨਾ ਨੇ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਜਦੋਂ ਖੁਦ ਕਾਨੂੰਨ ਦੇ ਰਾਖੇ ਹੀ ਅਸੁਰੱਖਿਅਤ ਅਤੇ ਜਰਜਰ ਇਮਾਰਤ ਵਿੱਚ ਡਿਊਟੀ ਕਰਨ ਲਈ ਮਜਬੂਰ ਹਨ ਤਾਂ ਆਮ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਪ੍ਰਸ਼ਾਸਨ ਕਿੰਨਾ ਗੰਭੀਰ ਹੈ। ਸਮੇਂ ਸਿਰ ਇਮਾਰਤ ਦੀ ਮੁਰੰਮਤ ਜਾਂ ਨਵੀਂ ਇਮਾਰਤ ਦਾ ਪ੍ਰਬੰਧ ਨਾ ਕਰਨਾ ਸੰਬੰਧਿਤ ਵਿਭਾਗਾਂ ਦੀ ਲਾਪਰਵਾਹੀ ਨੂੰ ਵੀ ਉਜਾਗਰ ਕਰਦਾ ਹੈ।

ਸਥਾਨਕ ਲੋਕਾਂ ਨੇ ਪੰਜਾਬ ਸਰਕਾਰ, ਪੁਲਿਸ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਕੋਟ ਖਾਲਸਾ ਪੁਲਿਸ ਚੌਂਕੀ ਨੂੰ ਤੁਰੰਤ ਕਿਸੇ ਸੁਰੱਖਿਅਤ ਇਮਾਰਤ ਵਿੱਚ ਤਬਦੀਲ ਕੀਤਾ ਜਾਵੇ ਜਾਂ ਨਵੀਂ ਇਮਾਰਤ ਦਾ ਨਿਰਮਾਣ ਕਰਵਾਇਆ ਜਾਵੇ, ਤਾਂ ਜੋ ਭਵਿੱਖ ਵਿੱਚ ਅਜਿਹੀ ਕੋਈ ਅਣਸੁਖਾਵੀਂ ਘਟਨਾ ਵਾਪਰਨ ਤੋਂ ਪਹਿਲਾਂ ਹੀ ਲੋੜੀਂਦੇ ਕਦਮ ਚੁੱਕੇ ਜਾ ਸਕਣ।

# ਝਪਟਮਾਰਾਂ ਵੱਲੋਂ ਮਹਿਲਾ ਦੇ ਗਲ ਚੋਂ ਲੁੱਟੀ ਸੋਨੇ ਦੀ ਚੈਨੀ

**ਮਾਛੀਵਾੜਾ ਸਾਹਿਬ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਿਆਂ ਦੀ ਪੂਰਤੀ ਲਈ ਨਸ਼ੇੜੀਆਂ ਵੱਲੋਂ ਆਏ ਦਿਨ ਲੁੱਟਾਂ ਖੋਹਾਂ ਦੀਆਂ ਅਨੇਕਾਂ ਹੀ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਆ ਰਹੀਆਂ ਹਨ, ਪਰ ਇਸ ਦੇ ਬਾਵਜੂਦ ਵੀ ਇਹ ਲੁਟੇਰੇ ਪ੍ਰਸ਼ਾਸਨ ਦੀ ਗ੍ਰਿਫਤ ਤੋਂ ਬਚੇ ਰਹਿੰਦੇ ਹਨ, ਜਿਸ ਕਾਰਨ ਹੁਣ ਲੋਕ ਆਪਣੇ ਘਰਾਂ ਵਿੱਚ ਵੀ ਸੁਰੱਖਿਅਤ ਨਹੀਂ ਹਨ।

ਮਾਛੀਵਾੜਾ ਸਾਹਿਬ ਵਿੱਚ ਕਦੇ ਕਿਸਾਨਾਂ ਦੀਆਂ ਮੋਟਰਾਂ ਖੁੱਲ੍ਹ ਜਾਂਦੀਆਂ ਹਨ ,ਕਦੇ ਟਰਾਂਸਫਾਰਮ , ਕਦੇ ਤਾਰਾ ਚੋਰੀ ਹੋ ਜਾਂਦੀਆਂ ਹਨ। ਮੋਟਰਸਾਈਕਲ ਚੋਰੀ ਹੋਣਾ ਤਾਂ ਆਮ ਜਿਹੀ ਗੱਲ ਹੁੰਦੀ ਜਾ ਰਹੀ ਹੈ। ਘਰਾਂ ਵਿੱਚੋਂ ਮਹਿਲਾਵਾਂ ਦਾ ਬਾਹਰ ਨਿਕਲਣਾ ਮੁਸ਼ਕਿਲ ਹੋਇਆ ਪਿਆ ਹੈ। ਮਾਛੀਵਾੜਾ ਸਾਹਿਬ ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ ਸਵੇਰ ਕਰੀਬ ਸਵਾ ਕੁ ਛੇ ਵਜੇ ਦਰਸ਼ਨ ਕਰਨ ਜਾ ਰਹੀ ਗੀਤਾ ਰਾਣੀ ਵਾਸੀ ਰੋਪੜ ਰੋਡ ਮਾਛੀਵਾੜਾ ਨੂੰ ਇਹਨਾਂ ਲੁਟੇਰਿਆਂ ਨੇ ਆਪਣਾ ਸ਼ਿਕਾਰ ਬਣਾਇਆ। ਗੁਰਦੁਆਰਾ ਸਾਹਿਬ ਤੋਂ ਮਹਿਜ਼ ਕਝ ਕਦਮਾਂ ਦੀ ਦੂਰੀ ਤੇ ਹੀ ਪੈਦਲ ਆ ਰਹੀ ਗੀਤਾ ਰਾਣੀ ਦੇ ਪਿੱਛੇ ਆ ਰਹੇ ਨਕਾਬਪੋਸ਼ ਨੇ ਆਪਣਾ ਸ਼ਿਕਾਰ ਬਣਾਉਦੇ ਆ ਉਸ ਦੇ ਗਲ ਵਿੱਚ ਪਾਈ ਕਰੀਬ ਦੋ ਤੋਲੇ ਦੀ ਸੋਨੇ ਦੀ ਚੈਨੀ ਲਾਹ ਲਈ ਅਤੇ ਮੋਟਰਸਾਈਕਲ ਤੇ ਮੌਜੂਦ ਆਪਣੇ ਸਾਥੀ ਨਾਲ ਭੱਜਣ ਵਿੱਚ ਸਫਲ ਹੋ ਗਿਆ।

ਮਹਿਲਾ ਵੱਲੋਂ ਪੁਲਿਸ ਨੂੰ ਲਿਖਤੀ ਵਿੱਚ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ ਅਤੇ ਪੁਲਿਸ ਵੱਲੋਂ ਆਲੇ ਦੁਆਲੇ ਦੇ ਸੀ.ਸੀ.ਟੀ.ਵੀ. ਫੁਟੇਜ ਖੰਗਾਲੇ ਜਾ ਰਹੇ।

# ਸਾਬਕਾ ਸੈਨਿਕਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੇ ਏਡੀਸੀ ਦੇ ਨਿਰਦੇਸ਼



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਟਿਆਲਾ ਦੇ ਕਮੇਟੀ ਹਾਲ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜ) ਪਟਿਆਲਾ ਅਨੁਪ੍ਰਿਤਾ ਜੌਹਲ, ਪੀ.ਸੀ.ਐਸ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸੈਨਿਕ ਬੋਰਡ ਪਟਿਆਲਾ ਦੀ ਤਿਮਾਹੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਕਮਾਂਡਰ ਬਲਜਿੰਦਰ ਵਿਰਕ (ਰਿਟਾ.) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਪਟਿਆਲਾ ਨੇ ਵਿਭਾਗ ਵਲੋਂ ਸ਼ਹੀਦ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਪੰਜਾਬ ਸਰਕਾਰ ਅਤੇ ਕੇਂਦਰੀ ਸੈਨਿਕ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਪਟਿਆਲਾ ਦੀ ਪਿਛਲੇ ਛੇ ਮਹੀਨਿਆਂ ਦੀ ਕਾਰਗੁਜ਼ਾਰੀ ਦਾ ਵੀ ਵਿਸਥਾਰ-ਪੂਰਵਕ ਬਿਊਰਾ ਦਿੱਤਾ ਗਿਆ। ਉਨ੍ਹਾਂ ਨੇ ਹਾਲ ਵਿੱਚ ਕੇਂਦਰ ਸਰਕਾਰ ਵਲੋਂ ਵੱਖ-ਵੱਖ ਭਲਾਈ ਸਕੀਮਾਂ ਵਿੱਚ ਕੀਤੇ ਗਏ ਵਾਧੇ ਦੀ ਵੀ ਜਾਣਕਾਰੀ ਦਿੱਤੀ ਅਤੇ ਵਿਭਾਗ ਵਲੋਂ ਤਹਿਸੀਲ ਪੱਧਰ ਤੇ ਲੱਗਣ ਵਾਲੇ ਕੈਂਪਸ ਦੀ ਵੀ ਜਾਣਕਾਰੀ ਦਿੱਤੀ।

ਮੀਟਿੰਗ ਦੌਰਾਨ ਉਨ੍ਹਾਂ ਵਲੋਂ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਦਰਪੇਸ਼ ਮੁਸ਼ਕਿਲਾਂ ਸਬੰਧੀ ਵੀ ਮਾਣਯੋਗ ਵਧੀਕ ਡਿਪਟੀ ਕਮਿਸ਼ਨਰ (ਜ) ਅਤੇ ਮੀਟਿੰਗ ਵਿੱਚ ਮੌਜੂਦ ਵੱਖ-ਵੱਖ ਵਿਭਾਗਾਂ ਦੇ ਮੁੱਖੀਆਂ ਨੂੰ ਜਾਣੂ ਕਰਵਾਇਆ ਗਿਆ। ਇਸ ਉਪਰੰਤ ਮਾਣਯੋਗ ਵਧੀਕ ਡਿਪਟੀ ਕਮਿਸ਼ਨਰ (ਜ) ਜੀ ਵਲੋਂ ਨਿਰਦੇਸ਼ ਦਿੱਤੇ ਗਏ ਕਿ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਦਰਪੇਸ਼ ਮਸ਼ਕਿਲਾਂ ਦਾ ਹੱਲ ਪਹਿਲ ਦੇ ਆਧਾਰ ਤੇ ਕੀਤਾ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਨੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਉਤਸ਼ਾਹਿਤ ਕਰਨ ਲਈ ਸੈਨਿਕ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਪਟਿਆਲਾ ਅਧੀਨ ਚੱਲ ਰਹੇ ਟ੍ਰੇਨਿੰਗ ਕੋਰਸਾਂ ਵਿੱਚ ਸਿਖਲਾਈ ਹਾਸਿਲ ਕਰਨ ਲਈ ਵਿਸ਼ੇਸ਼ ਉਪਰਾਲੇ ਕਰਨ ਦੇ ਵੀ ਆਦੇਸ਼ ਦਿੱਤੇ। ਉਨ੍ਹਾਂ ਆਦੇਸ਼ ਦਿੱਤੇ ਕਿ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ ਤਾਂ ਜੋ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰ ਇਨ੍ਹਾਂ ਭਲਾਈ ਸਕੀਮਾਂ ਦਾ ਲਾਭ ਲੈ ਸਕਣ। ਮੀਟਿੰਗ ਦੌਰਾਨ ਮਾਣਯੋਗ ਵਧੀਕ ਡਿਪਟੀ ਕਮਿਸ਼ਨਰ (ਜ) ਜੀ ਨੇ ਆਦੇਸ਼ ਦਿੱਤੇ ਕਿ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇ। ਮੀਟਿੰਗ ਦੀ ਸਮਾਪਤੀ ਸਮੇਂ ਫਲੈਗ ਡੇ ਫੰਡ ਵਿਚੋਂ 04 ਲਾਭਪਾਤਰੀਆਂ ਨੂੰ ਮਾਲੀ ਸਹਾਇਤਾ ਦੇ ਚੈੱਕ ਪ੍ਰਦਾਨ ਕੀਤੇ ਗਏ। ਇਸ ਮੀਟਿੰਗ ਵਿੱਚ ਕਮਾਂਡਰ ਬਲਜਿੰਦਰ ਵਿਰਕ (ਰਿਟਾ.) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਪਟਿਆਲਾ, ਕਰਨਲ ਜਸਬੀਰ ਸਿੰਘ (ਰਿਟਾ.) ਉੱਪ ਪ੍ਰਧਾਨ ਜ਼ਿਲ੍ਹਾ ਸੈਨਿਕ ਬੋਰਡ, ਸ੍ਰੀ ਅਮਰਜੀਤ ਸਿੰਘ ਵੜੈਚ, ਸਾਬਕਾ ਡਾਇਰੈਕਟਰ ਆਲ ਇੰਡੀਆ ਰੇਡੀਓ ਪਟਿਆਲਾ, ਡਾ. ਵਿਕਰਾਂਤ ਕਾਂਸਲ ਅਤੇ ਵੱਖ-ਵੱਖ ਵਿਭਾਗਾਂ ਦੇ ਮੁੱਖੀ ਸਾਹਿਬਾਨ ਅਤੇ ਸਟਾਫ ਮੈਂਬਰ ਹਾਜ਼ਰ ਹੋਏ

# ਆਰ.ਡੀ.ਐੱਸ.ਐੱਸ. ਤਹਿਤ ਬਿਜਲੀ ਵੰਡ ਪ੍ਰਣਾਲੀ ਦੇ ਆਧੁਨਿਕੀਕਰਨ ਲਈ 5,000 ਕਰੋੜ ਖਰਚ ਕੀਤੇ ਜਾ ਰਹੇ ਹਨ: ਤਰੁਨਪ੍ਰੀਤ ਸਿੰਘ ਸੌਂਦ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਿਜਲੀ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਇੱਥੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਰੀਵੈਂਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ (ਆਰ.ਡੀ.ਐੱਸ.ਐੱਸ.) ਤਹਿਤ ਲਗਭਗ 5,000 ਕਰੋੜ ਦੇ ਕੰਮ ਸ਼ੁਰੂ ਕਰਕੇ ਸੂਬੇ ਦੇ ਬਿਜਲੀ ਵੰਡ ਢਾਂਚੇ ਨੂੰ ਆਧੁਨਿਕ ਅਤੇ ਮਜ਼ਬੂਤ ਕਰਨ ਲਈ ਇਕ ਵਿਆਪਕ ਮੁਹਿੰਮ ਵਿੱਢੀ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਸਕੀਮ ਤਹਿਤ ਇਹ ਰਾਸ਼ੀ ਬਿਜਲੀ ਵੰਡ ਨੈੱਟਵਰਕ ਨੂੰ ਅਪਗ੍ਰੇਡ ਕਰਨ ਲਈ ਸੁਚੱਜੇ ਢੰਗ ਨਾਲ ਵਰਤੀ ਜਾ ਰਹੀ ਹੈ, ਜਿਸ ਨਾਲ ਪੂਰੇ ਸੂਬੇ ਵਿੱਚ ਖਪਤਕਾਰਾਂ ਨੂੰ ਭਰੋਸੇਯੋਗ, ਮਿਆਰੀ ਅਤੇ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਈ ਮਹੀਨੇ ਤੋਂ ਕਿਸਾਨਾਂ ਨੂੰ ਵੀ 8 ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਜਾ ਰਹੀ ਹੈ।

ਬਿਜਲੀ ਵੰਡ ਨੈੱਟਵਰਕ ਸਬੰਧੀ ਪ੍ਰਮੁੱਖ ਪ੍ਰਾਪਤੀਆਂ ਨੂੰ ਸਾਂਝਾ ਕਰਦਿਆਂ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਨੈੱਟਵਰਕ ਦੀ ਭਰੋਸੇਯੋਗਤਾ ਵਿੱਚ ਸੁਧਾਰ ਅਤੇ ਮੌਜੂਦਾ ਸਿਸਟਮ 'ਤੇ ਓਵਰਲੋਡਿੰਗ ਨੂੰ ਘਟਾਉਣ ਲਈ 1,296 ਨਵੇਂ 11 ਕੇਵੀ ਫੀਡਰ ਲਗਾਏ ਗਏ ਹਨ। ਇਸ ਤੋਂ ਇਲਾਵਾ ਬਿਜਲੀ ਵੰਡ ਨੈੱਟਵਰਕ ਨੂੰ ਮਜ਼ਬੂਤ ਕਰਨ ਅਤੇ ਦਿਹਾਤੀ ਤੇ ਸ਼ਹਿਰੀ ਖੇਤਰਾਂ ਵਿੱਚ ਬਿਜਲੀ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ 1,12,195 ਨਵੇਂ ਡਿਸਟ੍ਰੀਬਿਊਸ਼ਨ ਟ੍ਰਾਂਸਫਾਰਮਰ ਲਗਾਏ ਗਏ ਹਨ।

ਬਿਜਲੀ ਮੰਤਰੀ ਨੇ ਅੱਗੇ ਦੱਸਿਆ ਕਿ 663 ਸਰਕਟ ਕਿਲੋਮੀਟਰ 66 ਕੇਵੀ ਲਾਈਨਾਂ ਦੇ ਵਾਧੇ ਅਤੇ ਅਪਗ੍ਰੇਡੇਸ਼ਨ ਤੋਂ ਇਲਾਵਾ ਨਵੀਆਂ 355 ਸਰਕਟ ਕਿਲੋਮੀਟਰ 66 ਕੇਵੀ ਟ੍ਰਾਂਸਮਿਸ਼ਨ ਲਾਈਨਾਂ ਦੇ ਨਾਲ ਟ੍ਰਾਂਸਮਿਸ਼ਨ ਨੈੱਟਵਰਕ ਨੂੰ ਵੀ ਕਾਫ਼ੀ ਮਜ਼ਬੂਤ ਕੀਤਾ ਗਿਆ ਹੈ, ਜਿਸ ਨਾਲ ਸਿਸਟਮ ਦੀ ਸਮਰੱਥਾ ਅਤੇ ਸੰਚਾਲਨ ਕੁਸ਼ਲਤਾ ਵਿੱਚ ਵਾਧਾ ਹੋਇਆ ਹੈ।

ਵਿਧਾਇਕ ਬਲਕਾਰ ਸਿੰਘ ਸਿੱਧੂ ਵੱਲੋਂ ਲਿਆਂਦੇ ਗਏ ਧਿਆਨ ਦਿਵਾਊ ਮਤੇ 'ਤੇ ਬਠਿੰਡਾ ਖੇਤਰ ਵਿੱਚ ਚੱਲ ਰਹੇ ਟ੍ਰਾਂਸਮਿਸ਼ਨ ਅਪਗ੍ਰੇਡੇਸ਼ਨ ਦੇ ਕੰਮਾਂ ਦਾ ਵੇਰਵੇ ਦਿੰਦਿਆਂ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਫੂਲ ਅਤੇ ਭਾਈ ਰੂਪਾ ਦੇ 66 ਕੇਵੀ ਸਬ-ਸਟੇਸ਼ਨਾਂ ਨੂੰ ਫਿਲਹਾਲ 220 ਕੇ.ਵੀ. ਗੁਰੂ ਹਰਗੋਬਿੰਦ ਥਰਮਲ ਪਲਾਂਟ, ਲਹਿਰਾ ਮੁਹੱਬਤ ਸਬ-ਸਟੇਸ਼ਨ ਤੋਂ ਆਉਂਦੀ 66 ਕੇਵੀ ਲਾਈਨ ਰਾਹੀਂ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ। ਮੌਜੂਦਾ ਲਾਈਨ ਤੋਂ ਬੋਝ ਘਟਾਉਣ ਅਤੇ ਬਿਜਲੀ ਦੀ ਭਰੋਸੇਯੋਗਤਾ ਵਿੱਚ ਸੁਧਾਰ ਲਈ, 220 ਕੇਵੀ ਗੁਰੂ ਹਰਗੋਬਿੰਦ ਥਰਮਲ ਪਲਾਂਟ, ਲਹਿਰਾ ਮੁਹੱਬਤ ਤੋਂ 66 ਕੇਵੀ ਸਬ-ਸਟੇਸ਼ਨ ਫੂਲ ਤੱਕ ਇੱਕ ਨਵੀਂ ਸਮਰਪਿਤ 66 ਕੇਵੀ ਟ੍ਰਾਂਸਮਿਸ਼ਨ ਲਾਈਨ ਪਾਈ ਜਾ ਰਹੀ ਹੈ।



ਉਨ੍ਹਾਂ ਦੱਸਿਆ ਕਿ ਪ੍ਰਸਤਾਵਿਤ ਲਾਈਨ ਦੀ ਕੁੱਲ ਲੰਬਾਈ 13.2 ਸਰਕਟ ਕਿਲੋਮੀਟਰ ਹੈ, ਜਿਸ ਵਿੱਚੋਂ 11.08 ਸਰਕਟ ਕਿਲੋਮੀਟਰ ਦਾ ਕੰਮ ਪੂਰਾ ਹੋ ਚੁੱਕਾ ਹੈ। ਬਾਕੀ ਬਚੇ ਕੰਮ ਵਿੱਚ ਅੱਠ ਟ੍ਰਾਂਸਮਿਸ਼ਨ ਟਾਵਰਾਂ ਨੂੰ ਬਦਲਣਾ ਅਤੇ ਨਿਰਧਾਰਤ ਸੁਰੱਖਿਆ ਮਾਪਦੰਡਾਂ ਨੂੰ ਬਣਾਏ ਰੱਖਣ ਲਈ 220 ਕੇਵੀ ਟ੍ਰਾਂਸਮਿਸ਼ਨ ਲਾਈਨਾਂ ਵਾਲੇ 4 ਕ੍ਰਾਸਿੰਗ ਢਾਂਚਿਆਂ ਦੀ ਉਚਾਈ ਵਧਾਉਣਾ ਸ਼ਾਮਲ ਹੈ ਅਤੇ ਇਹ ਕੰਮ ਵੀ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ।

ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਅੰਤਰਿਮ ਪ੍ਰਬੰਧ ਵਜੋਂ ਪੀ.ਐੱਸ.ਪੀ.ਸੀ.ਐੱਲ. ਨੇ 66 ਕੇਵੀ ਭਾਈ ਰੂਪਾ, ਮਹਿਰਾਜ ਅਤੇ ਫੂਲ ਸਬ-ਸਟੇਸ਼ਨਾਂ ਦਰਮਿਆਨ ਅਸਥਾਈ ਤੌਰ 'ਤੇ ਲੋਡ ਨੂੰ ਸੰਤੁਲਿਤ ਕੀਤਾ ਹੈ, ਜਿਸ ਨਾਲ ਮਈ ਮਹੀਨੇ ਤੋਂ ਹੀ ਕਿਸਾਨਾਂ ਨੂੰ ਰੋਜ਼ਾਨਾ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਦੇਣ ਵਿੱਚ ਮਦਦ ਮਿਲੀ ਹੈ।

ਬਿਜਲੀ ਖੇਤਰ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਬੁਨਿਆਦੀ ਢਾਂਚੇ ਦੇ ਚੱਲ ਰਹੇ ਵਿਕਾਸ ਕਾਰਜ ਖੇਤੀਬਾੜੀ, ਉਦਯੋਗ, ਵਪਾਰ ਅਤੇ ਘਰੇਲੂ ਖਪਤਕਾਰਾਂ ਦੀਆਂ ਵਧਦੀਆਂ ਲੋੜਾਂ ਨੂੰ ਪੂਰਾ ਕਰਦਿਆਂ ਸੂਬੇ ਵਿੱਚ ਬਿਜਲੀ ਸਪਲਾਈ ਦੀ ਭਰੋਸੇਯੋਗਤਾ, ਕੁਸ਼ਲਤਾ ਅਤੇ ਮਿਆਰ ਵਿੱਚ ਵੱਡਾ ਸੁਧਾਰ ਕਰਨਗੇ। ਹਲਕਾ ਸਨੌਰ ਤੋਂ ਐੱਸ ਸੀ ਵਿੰਗ ਦੇ ਕੋਆਰਡੀਨੇਟਰ ਅਵਤਾਰ ਸਿੰਘ ਸੁਨਿਆਰਹੇੜੀ ਦੁਆਰਾ ਵੀਡਿਓ ਦਫ਼ਤਰ ਭੁਨਰਹੇੜੀ ਵਿਖੇ ਚੈਅਰਮੈਨ ਬਲਾਕ ਸੰਮਤੀ ਚਰਨਜੀਤ ਸਿੰਘ ਨੈਣਾਂ ਦੀ ਅਗਵਾਈ ਵਿਚ ਬਲਾਕ ਪ੍ਰਧਾਨਾਂ ਨਾਲ ਕੀਤੀ ਗਈ ਇਸ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਧਰਮਪਾਲ ਤੇ ਮਾਲਵਾ ਇਸ਼ਟ ਜੋਨ ਇੰਚਾਰਜ ਸਰਦਾਰ ਅਮਰੀਕ ਸਿੰਘ ਜੀ ਬਾਂਗੜ ਨੇ ਨਵੇਂ ਲੱਗੇ ਬਲਾਕ ਪ੍ਰਧਾਨਾਂ ਨੂੰ ਸਿਰੋਪਾਉ ਪਾ ਕੇ ਸਨਮਾਨਿਤ ਕੀਤਾ ਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਬਲਾਕ ਪ੍ਰਧਾਨਾਂ ਨੇ ਵਿਸ਼ਵਾਸ ਦਿਵਾਇਆ ਕਿ ਅਸੀਂ ਆਪਣੇ ਐਸ ਸੀ ਵਿੰਗ ਨੂੰ ਮਜ਼ਬੂਤ ਕਰਨ ਲਈ ਦਿਨ ਰਾਤ ਮਿਹਨਤ ਕਰਾਂਗੇ।

# ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਨੇ ਧਨਾਸ ਵਿਖੇ ਨਵੇਂ ਆਂਗਣਵਾੜੀ-ਅਤੇ-ਕ੍ਰੈਚ ਭਵਨ ਦੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਧਨਾਸ (ਸਾਈਟ-1) ਸਥਿਤ ਇੱਕ ਕਮਰੇ ਵਾਲੇ ਆਵਾਸ ਪਰਿਸਰ ਵਿੱਚ ਲਗਭਗ 1.49 ਕਰੋੜ ਦੀ ਅਨੁਮਾਨਿਤ ਲਾਗਤ ਨਾਲ ਨਵੇਂ ਆਂਗਣਵਾੜੀ-ਅਤੇ-ਕ੍ਰੈਚ ਭਵਨ ਦੇ ਨਿਰਮਾਣ ਨੂੰ ਮਨਜ਼ੂਰੀ ਪ੍ਰਦਾਨ ਕੀਤੀ ਹੈ।

ਇਸ ਵੇਲੇ ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਯੂਟੀ ਚੰਡੀਗੜ੍ਹ ਪ੍ਰਸ਼ਾਸਨ ਦੇ ਅਧੀਨ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿੱਚ 450 ਆਂਗਣਵਾੜੀ ਕੇਂਦਰ ਸੰਚਾਲਿਤ ਹਨ, ਜਿਨ੍ਹਾਂ ਵਿੱਚੋਂ 41 ਕੇਂਦਰ ਧਨਾਸ ਵਿੱਚ ਕਾਰਜਰਤ ਹਨ। ਇਹ ਕੇਂਦਰ ਆਂਗਣਵਾੜੀ ਸੇਵਾ ਯੋਜਨਾ ਅਤੇ ਪੋਸ਼ਣ ਅਭਿਯਾਨ ਦੇ ਤਹਿਤ ਬੱਚਿਆਂ, ਗਰਭਵਤੀ ਮਹਿਲਾਵਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਤਾਵਾਂ ਨੂੰ ਪੂਰਕ ਪੋਸ਼ਣ, ਪ੍ਰੀ-ਸਕੂਲ ਸਿੱਖਿਆ, ਵਿਕਾਸ ਨਿਗਰਾਨੀ, ਸਿਹਤ ਜਾਂਚ, ਟੀਕਾਕਰਣ ਸਹਿਯੋਗ, ਪੋਸ਼ਣ ਅਤੇ ਸਿਹਤ ਸਿੱਖਿਆ ਅਤੇ ਰੈਫਰਲ ਸੇਵਾਵਾਂ ਉਪਲਬਧ ਕਰਵਾ ਰਹੇ ਹਨ।

ਲਾਭਾਰਥੀਆਂ ਤੱਕ ਸੇਵਾਵਾਂ ਦੀ ਬਿਹਤਰ ਪਹੁੰਚ ਸੁਨਿਸ਼ਚਿਤ ਕਰਨ ਅਤੇ ਸੇਵਾ ਪ੍ਰਦਾਨ ਕਰਨ ਨੂੰ ਮਜ਼ਬੂਤ ??ਬਣਾਉਣ ਦੇ ਉਦੇਸ਼ ਨਾਲ ਧਨਾਸ ਵਿੱਚ ਆਧੁਨਿਕ ਆਂਗਣਵਾੜੀ-ਅਤੇ-ਕ੍ਰੈਚ ਭਵਨ ਦਾ ਨਿਰਮਾਣ ਕੀਤਾ ਜਾਵੇਗਾ। ਇਹ ਭਵਨ ਸ਼ੁਰੂਆਤੀ ਬਾਲ ਅਵਸਥਾ ਦੇਖਭਾਲ਼ ਤੇ ਸਿੱਖਿਆ ਲਈ ਸੁਰੱਖਿਅਤ, ਬਾਲ-ਅਨੁਕੂਲ ਅਤੇ ਆਧੁਨਿਕ ਸੁਵਿਧਾਵਾਂ ਨਾਲ ਲੈਸ ਵਾਤਾਵਰਣ ਉਪਲਬਧ ਕਰਵਾਏਗਾ। ਨਾਲ ਹੀ, ਕਾਰਜਰਤ ਮਾਤਾਵਾਂ ਨੂੰ ਗੁਣਵੱਤਾਪੂਰਨ ਡੇ-ਕੇਅਰ ਸੇਵਾਵਾਂ ਵੀ ਪ੍ਰਦਾਨ ਕਰੇਗਾ।

ਇਹ ਪ੍ਰੋਜੈਕਟ ਸਮਾਜਿਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਧਨਾਸ ਦੇ ਨਿਵਾਸੀਆਂ ਨੂੰ ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ ਦੀ ਬਿਹਤਰ ਉਪਲਬਧਤਾ ਸੁਨਿਸ਼ਚਿਤ ਕਰਨ ਦੀ ਦਿਸ਼ਾ ਵਿੱਚ ਚੰਡੀਗੜ੍ਹ ਪ੍ਰਸ਼ਾਸਨ ਦੀ ਨਿਰੰਤਰ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।

ਇਸ ਭਵਨ ਦਾ ਨਿਰਮਾਣ ਭਾਰਤ ਸਰਕਾਰ ਦੇ ਸਾਰੇ ਪ੍ਰਾਸੰਗਿਕ ਦਿਸ਼ਾ-ਨਿਰਦੇਸ਼ਾਂ, ਵਿੱਤੀ ਨਿਯਮਾਂ ਅਤੇ ਨਿਰਧਾਰਿਤ ਤਕਨੀਕੀ ਮਿਆਰਾਂ ਦੇ ਅਨੁਰੂਪ ਕੀਤਾ ਜਾਵੇਗਾ।

# ਉੱਪਲ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ ਵਿੱਚ ਜਿੱਤੇ ਗੋਲਡ ਅਤੇ ਸਿਲਵਰ ਮੈਡਲ



**ਮਾਛੀਵਾੜਾ ਸਾਹਿਬ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

70ਵੀਆਂ ਜ਼ੋਨ ਪੱਧਰੀ ਸਕੂਲ ਖੇਡਾਂ ਦੇ ਗਰੀਕੋ ਰੋਮਨ ਕੁਸ਼ਤੀ ਅਤੇ ਸਰਕਲ ਕਬੱਡੀ ਦੇ ਮੁਕਾਬਲੇ ਸਾਹੀ ਕਾਲਜ ਸਮਰਾਲਾ ਵਿਖੇ ਹੋਏ। ਜਿਸ ਵਿੱਚ ਹਿੱਸਾ ਲੈਂਦਿਆਂ ਨਾਇਬ ਰਸਾਲਦਾਰ ਬਸਤਾ ਸਿੰਘ ਸਰਕਾਰੀ ਹਾਈ ਸਕੂਲ, ਉੱਪਲ ਦੇ ਵਿਦਿਆਰਥੀਆਂ ਨੇ ਵੱਖ ਵੱਖ ਇਨਾਮ ਹਾਸਿਲ ਕੀਤੇ। ਸਕੂਲ ਹੈਡਮਾਸਟਰ ਨਵਦੀਪ ਸ਼ਰਮਾ ਨੇ ਦੱਸਿਆ ਕਿ ਦਸਵੀਂ ਜਮਾਤ ਦੇ ਵਿਦਿਆਰਥੀ, ਪਹਿਲਵਾਨ ਰਾਜਵੀਰ ਸਿੰਘ ਨੇ 65 ਕਿੱਲੋ ਗਰੀਕੋ ਰੋਮਨ ਕੁਸ਼ਤੀ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ। ਇਸਦੇ ਨਾਲ ਹੀ ਸਰਕਲ ਸਟਾਇਲ ਕਬੱਡੀ ਅੰਡਰ 14 ਦੀਆਂ ਲੜਕੀਆਂ ਅਰਮਾਨਪ੍ਰੀਤ ਕੌਰ, ਸ਼ਹਿਦੀਪ ਕੌਰ, ਏਕਮਪ੍ਰੀਤ ਕੌਰ, ਸ਼ੁਭਦੀਪ ਕੌਰ,ਰਹਿਤਪ੍ਰੀਤ ਕੌਰ, ਹਰਸਿਮਰਤ ਕੌਰ, ਹਰਲੀਨ ਕੌਰ, ਕਰਮਜੀਤ ਕੌਰ, ਖੁਸ਼ਪ੍ਰੀਤ ਕੌਰ, ਮਨਦੀਪ ਕੌਰ ਅਤੇ ਪ੍ਰਭਦੀਪ ਕੌਰ ਦੂਜੇ ਸਥਾਨ ' ਤੇ ਰਹੀਆਂ।

ਜ਼ਿਕਰਯੋਗ ਹੈ ਕਿ ਹਰਦੀਪ ਸਿੰਘ , ਡੀ. ਪੀ. ਈ. ਦੀ ਸਖ਼ਤ ਮਿਹਨਤ ਸਦਕਾ ਹੀ ਵਿਦਿਆਰਥੀਆਂ ਨੇ ਇਹ ਮੁਕਾਮ ਹਾਸਿਲ ਕੀਤੇ ਹਨ। ਹੈਡਮਾਸਟਰ ਸਾਹਿਬ ਵਲੋਂ ਜੇਤੂ ਖਿਡਾਰੀਆਂ, ਉਹਨਾਂ ਦੇ ਗਾਈਡ ਅਧਿਆਪਕ, ਅਧਿਆਪਕਾਂ ਅਤੇ ਮਾਪਿਆਂ ਨੂੰ ਮੁਬਾਰਕਬਾਦ ਦਿੰਦਿਆਂ ਖਿਡਾਰੀਆਂ ਨੂੰ ਮੈਡਲ ਨਾਲ ਸਨਮਾਨਿਤ ਕੀਤਾ। ਉਹਨਾਂ ਇਹ ਵੀ ਕਿਹਾ ਕਿ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਖੇਡਾਂ ਬਿਨ੍ਹਾਂ ਅਧੂਰਾ ਹੈ ਅਤੇ ਉਨ੍ਹਾਂ ਵਿਦਿਆਰਥੀਆਂ ਨੂੰ ਰਹਿੰਦੇ ਮੁਕਾਬਲਿਆਂ ਲਈ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

# ਓ.ਐਸ.ਡੀ. ਸੁਖਵੀਰ ਸਿੰਘ ਨੇ ਪਿੰਡ ਧੂਰੀ ਵਿਖੇ 'ਲੋਕ ਮਿਲਣੀ' ਦੌਰਾਨ ਲੋਕਾਂ ਨਾਲ ਕੀਤਾ ਸਿੱਧਾ ਸੰਵਾਦ



**ਧੂਰੀ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕ-ਕੇਂਦਰਿਤ ਅਤੇ ਪਾਰਦਰਸ਼ੀ ਪ੍ਰਸ਼ਾਸਨ ਨੂੰ ਯਕੀਨੀ ਬਣਾਉਣ ਲਈ ਕਰਵਾਈ ਜਾ ਰਹੀ 'ਲੋਕ ਮਿਲਣੀ' ਲੜੀ ਤਹਿਤ ਪਿੰਡ ਧੂਰੀ ਦੇ ਬੇਨੜਾ ਦਰਵਾਜ਼ਾ ਵਿਖੇ ਓ.ਐਸ.ਡੀ. ਸੁਖਵੀਰ ਸਿੰਘ ਨੇ ਨਗਰ ਨਿਵਾਸੀਆਂ ਨਾਲ ਸਿੱਧਾ ਸੰਵਾਦ ਕੀਤਾ। ਇਸ ਦੌਰਾਨ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਕਈ ਮਾਮਲਿਆਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਵਾਇਆ। ਇਸ ਮੌਕੇ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

ਸੰਬੋਧਨ ਕਰਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸਪੱਸ਼ਟ ਨਿਰਦੇਸ਼ ਹੈ ਕਿ ਸਰਕਾਰ ਦੀ ਹਰ ਨੀਤੀ ਦਾ ਕੇਂਦਰ ਆਮ ਲੋਕਾਂ ਦੀ ਭਲਾਈ ਹੋਵੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਦਫ਼ਤਰਾਂ ਦੇ ਚੱਕਰ ਨਾ ਲਗਾਉਣੇ ਪੈਣ। ਇਸੇ ਮੰਤਵ ਨਾਲ ਸਰਕਾਰ ਦੇ ਨੁਮਾਇੰਦੇ ਲਗਾਤਾਰ ਪਿੰਡ-ਪਿੰਡ ਅਤੇ ਘਰ-ਘਰ ਪਹੁੰਚ ਰਹੇ ਹਨ। ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਸਬੰਧਤ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਦਾ ਸਮੇਂ ਸਿਰ ਨਿਪਟਾਰਾ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਧੂਰੀ ਮੁੱਖ ਮੰਤਰੀ ਦਾ ਆਪਣਾ ਹਲਕਾ ਹੈ। ਇਸ ਲਈ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਪਿਛਲੇ ਚਾਰ ਸਾਲਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਲਗਾਤਾਰ ਅਮਲੀ ਰੂਪ ਦਿੱਤਾ ਗਿਆ ਹੈ। ਹਰ ਪਿੰਡ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿੰਡਾਂ ਦੇ ਵਿਕਾਸ ਲਈ ਪਹਿਲਾਂ ਹੀ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਹੁਣ ਲੋਕਾਂ ਨਾਲ ਸਿੱਧਾ ਸੰਵਾਦ ਕਰਕੇ ਨਵੀਆਂ ਲੋੜਾਂ ਬਾਰੇ ਜਾਣਕਾਰੀ ਲਈ ਜਾ ਰਹੀ ਹੈ ਤਾਂ ਜੋ ਬਾਕੀ ਰਹਿੰਦੇ ਵਿਕਾਸ ਕਾਰਜ ਵੀ ਤਰਜੀਹੀ ਆਧਾਰ 'ਤੇ ਪੂਰੇ ਕੀਤੇ ਜਾ ਸਕਣ। ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਗਲੀਆਂ-ਨਾਲੀਆਂ, ਸੜਕਾਂ, ਧਰਮਸ਼ਾਲਾਵਾਂ, ਕਮਿਊਨਿਟੀ ਭਵਨਾਂ, ਸ਼ੈੱਡਾਂ, ਖੇਡ ਮੈਦਾਨਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਸਬੰਧੀ ਪ੍ਰਾਪਤ ਮੰਗਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਕੋਈ ਵੀ ਜਾਇਜ਼ ਮੰਗ ਅਣਗੌਲੀ ਨਾ ਰਹੇ। ਹਰ ਵਿਕਾਸ ਕਾਰਜ ਨਿਰਧਾਰਤ ਮਿਆਰਾਂ ਅਨੁਸਾਰ ਉੱਚ ਗੁਣਵੱਤਾ ਨਾਲ ਮੁਕੰਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਹਰ ਵਰਗ ਦੀ ਭਲਾਈ ਲਈ ਕਈ ਇਤਿਹਾਸਕ ਪਹਿਲਕਦਮੀਆਂ ਕੀਤੀਆਂ ਹਨ। ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ, ਜ਼ੀਰੋ ਬਿਜਲੀ ਬਿੱਲ, ਆਮ ਆਦਮੀ ਕਲੀਨਿਕਾਂ ਰਾਹੀਂ ਮੁਫ਼ਤ ਸਿਹਤ ਸੇਵਾਵਾਂ, ਖੇਤਾਂ ਨੂੰ ਨਹਿਰੀ ਪਾਣੀ ਅਤੇ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਰਗੇ ਫ਼ੈਸਲਿਆਂ ਦਾ ਲਾਭ ਲੋਕਾਂ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤਾ ਗਿਆ ਹਰ ਵਾਅਦਾ ਸਮੇਂ ਸਿਰ ਪੂਰਾ ਕਰਨਾ ਹੀ ਲੋਕਾਂ ਦੇ ਵਧਦੇ ਵਿਸ਼ਵਾਸ ਦਾ ਆਧਾਰ ਹੈ।

ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਰਕਾਰ ਬਣਨ ਤੋਂ ਪਹਿਲਾਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਲੋਕਾਂ ਦੇ ਘਰਾਂ ਤੱਕ ਪਹੁੰਚੇਗੀ। ਅੱਜ 'ਲੋਕ ਮਿਲਣੀ' ਪ੍ਰੋਗਰਾਮ ਉਸੇ ਸੋਚ ਦਾ ਸਫ਼ਲ ਰੂਪ ਹਨ। ਇਨ੍ਹਾਂ ਪ੍ਰੋਗਰਾਮਾਂ ਰਾਹੀਂ ਲੋਕਾਂ ਦੀਆਂ ਸਮੱਸਿਆਵਾਂ ਮੌਕੇ 'ਤੇ ਸੁਣੀਆਂ ਅਤੇ ਹੱਲ ਕੀਤੀਆਂ ਜਾ ਰਹੀਆਂ ਹਨ। ਨਾਲ ਹੀ ਪਿੰਡਾਂ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਜਾਰੀ ਗ੍ਰਾਂਟਾਂ ਬਾਰੇ ਵੀ ਲੋਕਾਂ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਮੈਂਬਰ ਵਕਫ਼ ਬੋਰਡ ਡਾ ਅਨਵਰ ਭਸੌੜ, ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਰਛਪਾਲ ਸਿੰਘ ਭੁੱਲਰ, ਸੀਨੀਅਰ ਆਗੂ ਸਤਿੰਦਰ ਸਿੰਘ ਚੱਠਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਕਾਂਝਲਾ, ਐਮ.ਸੀ. ਪੁਸ਼ਪਿੰਦਰ ਸ਼ਰਮਾ, ਡਾਇਰੈਕਟਰ ਇੰਡਸਟਰੀ ਅਨਿਲ ਮਿੱਤਲ, ਗਗਨ ਜਵੰਧਾ, ਸਰਪੰਚ ਰਮਨਦੀਪ ਸਿੰਘ, ਸਰਪੰਚ ਅਮ੍ਰਿਤਪਾਲ ਸਿੰਘ (ਘਨੌਰੀ ਕਲਾਂ), ਸੋਨੀ ਮੰਡੇਰ, ਸਮੂਹ ਪੰਚਾਇਤ ਮੈਂਬਰਾਂ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।

# ਅੱਜ ਦੀ ਰੈਲੀ ਸਬੰਧੀ ਮੁਲਾਜ਼ਮਾਂ ਤੇ ਪੈਨਸ਼ਨਰਾਂ 'ਚ, ਭਾਰੀ ਉਤਸ਼ਾਹ



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਖਿਲਾਫ ਪੰਜਾਬ ਮੁਲਾਜਮ ਤੇ ਪੈਨਸ਼ਨਰ ਸਾਝਾ ਫਰੰਟ ਅਤੇ ਸਾਂਝੇ ਮੁਲਾਜ਼ਮ ਮੰਚ ਪੰਜਾਬ ਵੱਲੋਂ ਮੁਲਾਜਮਾ ਤੇ ਪੈਨਸ਼ਨਰਾ ਦੀ ਹੱਕੀ ਮੰਗਾਂ ਜਿਵੇਂ ਕਿ ਮਾਨਯੋਗ ਹਾਈਕੋਰਟ ਦੇ ਫੈਸਲੇ ਅਨੁਸਾਰ 18% ਡੀ.ਏ. ਅਤੇ ਬਕਾਇਆ ਦੇਣ ਸਬੰਧੀ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਪੈਨਸ਼ਨਰਾਂ ਤੇ 2.59 ਲਾਗੂ ਕਰਨ ਵਿਭਾਂਗਾ ਦਾ ਨਿੱਜੀਕਰਨ ਅਤੇ ਪੰਚਾਇਤੀ ਕਰਨ ਕਰਨਾ ਬੰਦ ਕਰਕੇ ਨਵੀਂ ਭਰਤੀ ਲਾਸ਼ਵਰ ਕਰਾਗਣਵਾੜੀ ਵਰਕਰਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆਂਦਾ ਜਾਵੇ, ਸਮੂਹ ਕੱਚੇ ਮੁਲਾਜ਼ਮਾਂ ਨੂੰ ਪੂਰੇ ਗ੍ਰੇਡਾ ਵਿੱਚ ਪੱਕੇ ਕਰਨ ਆਦਿ ਮੰਗਾਂ ਬਾਰੇ ਸੈਕਟਰ 39 ਦੀ ਦਾਣਾ ਮੰਡੀ ਚੰਡੀਗੜ੍ਹ ਵਿਖੇ ਅੱਜ ਕੀਤੀ ਜਾ ਰਹੀ ਲਾਮਿਸਾਲ ਰੈਲੀ ਦੀ ਤਿਆਰੀ ਲਈ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੈਸਨ ਜਿਲਾ ਪਟਿਆਲਾ ਦੀ ਸਿਹਤ ਵਿਭਾਗ ਨਾਲ ਸਬੰਧਤ ਕਾਮਿਆਂ ਦੀ ਇੱਕ ਅਹਿਮ ਮੀਟਿੰਗ ਸਵਰਨ ਸਿੰਘ ਬੰਗਾ, ਮੋਨਕਾ ਮਸੀਹ ਦੀ ਪ੍ਰਧਾਨਗੀ ਹੇਠ ਰਜਿੰਦਰਾ ਹਸਪਤਾਲ ਦੇ ਯੂਨੀਅਨ ਦਫਤਰ ਪਟਿਆਲਾ ਵਿਖੇ ਕੀਤੀ ਗਈ ਮੀਟਿੰਗ ਵਿੱਚ ਜਿੱਥੇ ਜੁਆਇੰਟ ਐਕਸ਼ਨ ਕਮੇਟੀ ਤੇ ਕਲਾਸ ਫੋਰ ਯੂਨੀਅਨ, ਰਾਜਿੰਦਰਾ ਮੈਡੀਕਲ ਕਾਲਜ ਤੇ ਮਾਤਾ ਕੁਸੱਲਿਆ ਹਸਤਪਤਾਲ ਵੱਲੋਂ ਰਾਕੇਸ਼ ਕਲਿਆਣ, ਪਰਵਿੰਦਰ ਸਿੰਘ ਕਬੋਜ, ਰਾਮ ਬਾਬੂ ਸ਼ਰਮਾ, ਸੁਖਦੇਵ ਸਿੰਘ ਝੰਡੀ,ਇੰਦਰਜੀਤ ਕੌਰ ਤੇ ਪੈਨਸ਼ਨਰ ਫਰੰਟ ਪਟਿਆਲਾ ਵੱਲੋਂ ਦਰਸ਼ਨ ਬੇਲੂ ਮਾਜਰਾ,ਜਸਵੀਰ ਖੋਖਰ, ਹਰਬੀਰ ਸਨਾਮ, ਰਜਿੰਦਰ ਧਾਲੀਵਾਲ, ਪੀ ਡਬਲਯੂ ਡੀ ਫੀਲਡ ਅਤੇ ਵਰਕਸ਼ਾਪ ਵਰਕਰਜ ਯੂਨੀਅਨ ਵੱਲੋਂ ਰਾਜਪਾਲ ਲਸੋਈ,ਲਖਵਿੰਦਰ ਖਾਨਪੁਰ, ਕੁਲਦੀਪ ਸਿੰਘ ਘੱਗਾ,ਧਰਮਪਾਲ ਲੋਟ ਸੁਖਬੀਰ ਢੀਡਸਾ, ਗੁਰਚਰਨ ਸਿੰਘ ਧਨੋਆ, ਦੀਪਕ ਕੁਮਾਰ ਅਤੇ ਜੰਗਲਾਤ ਵਰਕਰ ਯੂਨੀਅਨ ਵੱਲੋਂ ਜਸਵਿੰਦਰ ਸੌਜਾ,ਜਗਤਾਰ ਸਿੰਘ,ਪਸ਼ੂ ਪਾਲਣ ਵਰਕਰਜ ਯੂਨੀਅਨ ਵੱਲੋਂ ਦਿਆਲ ਸਿੰਘ ਸਿੱਧੂ ਹਰਬੰਸ ਸਿੰਘ ਪੇਦਨ, ਗੌਰਮਿੰਟ ਟੀਚਰ ਯੂਨੀਅਨ ਵੱਲੋ,ਜਸਵਿੰਦਰ ਸਿੰਘ ਸਮਾਣਾ, ਪਰਮਜੀਤ ਸਿੰਘਤੇ ਪੁਰਾਣੀ ਪੈਨਸਨ ਬਹਾਲੀ ਸੰਘਰਸ਼ ਕਮੇਟੀ ਵੱਲੋ ਹਿੰਮਤ ਸਿੰਘ ਤੇ ਹਰਪਰੀਤ ਉੱਪਲ ਆਦਿ ਸ਼ਾਮਿਲ ਹੋਏ ਮੀਟਿੰਗ ਵਿੱਚ ਵਿਸੇਸ ਤੌਰ ਤੇ ਸ਼ਾਮਿਲ ਹੋਏ ਰਿਟਾਇਰ ਸੁਪਰਡੈਂਟ ਤੇਜਿੰਦਰ ਬੀਹਲਾ ਜੀ ਨੂੰ ਰਾਜਿੰਦਰਾ ਹਸਪਤਾਲ ਅੰਦਰ ਬੇਦਾਗ ਤੇ ਵਧੀਆ ਸੇਵਾਵਾਂ ਨਿਭਾਉਣ ਉਪਰੰਤ ਸੇਵਾ ਮੁਕਤ ਹੋਣ ਤੇ ਸਨਮਾਨਿਤ ਕੀਤਾ ਗਿਆ, ਮੀਟਿੰਗ ਦੇ ਅੰਤ ਵਿੱਚ ਰੈਲੀ ਸਬੰਧੀ ਕੋਟੇ ਲਾਏ ਗਏ ਅਤੇ ਵਹੀਕਲਾਂ ਦਾ ਪ੍ਰਬੰਧ ਕੀਤਾ ਗਿਆ ਆਗੂਆਂ ਨੇ ਦੱਸਿਆ ਕਿ ਮੁਲਾਜ਼ਮਾ ਅੰਦਰ ਰੈਲੀ ਪ੍ਰਤੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

# ਬਰਸਾਤ ਨੇ ਲੁਧਿਆਣਾ ਦੀਆਂ ਸੜਕਾਂ ਕੀਤੀਆਂ ਖਸਤਾਹਾਲ

**ਲੁਧਿਆਣਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਗਲੋਬਲ ਸੋਸ਼ਲ ਫਾਊਂਡੇਸ਼ਨ ਦੇ ਪ੍ਰਧਾਨ ਸੁਸ਼ੀਲ ਕੁਮਾਰ ਮਲਹੋਤਰਾ ਨੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਅਤੇ ਨਗਰ ਨਿਗਮ ਕਮਿਸ਼ਨਰ ਨੂੰ ਅਪੀਲ ਕੀਤੀ ਹੈ ਕਿ ਹਾਲੀਆ ਭਾਰੀ ਮਾਨਸੂਨੀ ਬਰਸਾਤ ਕਾਰਨ ਸ਼ਹਿਰ ਭਰ ਵਿੱਚ ਖਰਾਬ ਹੋ ਚੁੱਕੀਆਂ ਸੜਕਾਂ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ ਅਤੇ ਬੰਦ ਪਏ ਨਾਲਿਆਂ, ਸਟਾਰਮ ਵਾਟਰ ਡਰੇਨਾਂ ਅਤੇ ਸੜਕਾਂ ਦੇ ਗਰੇਟਾਂ ਦੀ ਸਫ਼ਾਈ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇ।

ਮੀਡੀਆ ਨਾਲ ਗੱਲਬਾਤ ਕਰਦਿਆਂ ਸੁਸ਼ੀਲ ਕੁਮਾਰ ਮਲਹੋਤਰਾ ਨੇ ਕਿਹਾ ਕਿ ਲਗਾਤਾਰ ਹੋ ਰਹੀ ਭਾਰੀ ਬਰਸਾਤ ਕਾਰਨ ਸ਼ਹਿਰ ਦੀਆਂ ਕਈ ਸੜਕਾਂ ਵਿੱਚ ਡੂੰਘੇ ਖੱਡੇ ਪੈ ਗਏ ਹਨ, ਕਈ ਥਾਵਾਂ 'ਤੇ ਸੜਕਾਂ ਧੱਸ ਗਈਆਂ ਹਨ ਅਤੇ ਆਵਾਜਾਈ ਲਈ ਖ਼ਤਰਨਾਕ ਬਣ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਬੰਦ ਪਏ ਡਰੇਨਾਂ ਅਤੇ ਸੀਵਰੇਜ ਕਾਰਨ ਗੰਦਾ ਪਾਣੀ ਸੜਕਾਂ 'ਤੇ ਇਕੱਠਾ ਹੋ ਰਿਹਾ ਹੈ, ਜਿਸ ਨਾਲ ਨਾ ਸਿਰਫ਼ ਟ੍ਰੈਫ਼ਿਕ ਪ੍ਰਭਾਵਿਤ ਹੋ ਰਿਹਾ ਹੈ, ਸਗੋਂ ਲੋਕਾਂ ਨੂੰ ਗੰਭੀਰ ਸਿਹਤ ਅਤੇ ਸੁਰੱਖਿਆ ਸੰਬੰਧੀ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ।

ਉਨ੍ਹਾਂ ਮੰਗ ਕੀਤੀ ਕਿ ਨਗਰ ਨਿਗਮ ਵੱਲੋਂ ਸ਼ਹਿਰ ਦੀਆਂ ਸਾਰੀਆਂ ਖਰਾਬ ਸੜਕਾਂ ਦੀ ਤੁਰੰਤ ਪੈਚਵਰਕ ਕਰਵਾਈ ਜਾਵੇ ਅਤੇ ਸੜਕਾਂ ਦੇ ਨਾਲ ਲੱਗੇ ਡਰੇਨਾਂ, ਸਟਾਰਮ ਵਾਟਰ ਗਰੇਟਾਂ ਅਤੇ ਸੀਵਰੇਜ ਇਨਲੈਟਾਂ ਦੀ ਸਫ਼ਾਈ ਕਰਕੇ ਮੀਂਹ ਦੇ ਪਾਣੀ ਦੀ ਨਿਕਾਸੀ ਨੂੰ ਸੁਚਾਰੂ ਬਣਾਇਆ ਜਾਵੇ।

ਮਲਹੋਤਰਾ ਨੇ ਖ਼ਾਸ ਤੌਰ 'ਤੇ ਸ਼ਾਸਤਰੀ ਨਗਰ, ਗਿੱਲ ਰੋਡ, ਮਾਡਲ ਟਾਊਨ ਐਕਸਟੈਂਸ਼ਨ (ਏ, ਬੀ ਅਤੇ ਡੀ ਬਲਾਕ), ਮਾਡਲ ਟਾਊਨ, ਸਿਵਲ ਲਾਈਨਜ਼ ਅਤੇ ਸ਼ਹਿਰ ਦੇ ਹੋਰ ਕਈ ਇਲਾਕਿਆਂ ਦੀਆਂ ਸੜਕਾਂ ਦੀ ਮਾੜੀ ਹਾਲਤ ਵੱਲ ਧਿਆਨ ਦਿਵਾਇਆ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਪੁਲਾਂ ਅਤੇ ਫਲਾਈਓਵਰਾਂ ਦੀਆਂ ਸੜਕਾਂ ਵੀ ਖਸਤਾਹਾਲ ਹੋ ਚੁੱਕੀਆਂ ਹਨ, ਜਿਸ ਕਾਰਨ ਹਾਦਸਿਆਂ ਦਾ ਖ਼ਤਰਾ ਲਗਾਤਾਰ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਖਰਾਬ ਸੜਕਾਂ ਕਾਰਨ ਸਕੂਲੀ ਬੱਚੇ, ਬਜ਼ੁਰਗ, ਪੈਦਲ ਯਾਤਰੀ, ਦੋਪਹੀਆ ਵਾਹਨ ਚਾਲਕ, ਸਾਈਕਲ ਸਵਾਰ ਅਤੇ ਰੋਜ਼ਾਨਾ ਆਉਣ-ਜਾਣ ਵਾਲੇ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ।

# ਰਾਜਪੁਰਾ ਬਲਾਕ ਦੇ ਪਿੰਡ ਚੰਦੂਮਾਜਰਾ ਅਤੇ ਬਲਸੂਆਂ ਵਿੱਚ ਦਿਖਾਈ ਗਈ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਸ਼ੇਸ਼ ਦਸਤਾਵੇਜ਼ੀ

**ਰਾਜਪੁਰਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਤਹਿਤ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਐਲ.ਈ.ਡੀ. ਸਕਰੀਨਾਂ ਰਾਹੀਂ 30 ਮਿੰਟ ਦੀ ਦਸਤਾਵੇਜ਼ੀ ਦਿਖਾਈ ਗਈ। ਰਾਜਪੁਰਾ ਬਲਾਕ ਦੇ ਪਿੰਡ ਚੰਦੂਮਾਜਰਾ ਅਤੇ ਬਲਸੂਆਂ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਦਾ ਲਾਹਾ ਲਿਆ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਇਹ ਦਸਤਾਵੇਜ਼ੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫ਼ੇ ਅਤੇ ਸਮਾਨਤਾ, ਸਮਾਜਿਕ ਨਿਆਂ, ਪ੍ਰਭੂ ਭਗਤੀ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਉਪਰਾਲਾ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਹਰੇਕ ਪਿੰਡ ਵਿੱਚ ਇਹ ਦਸਤਾਵੇਜ਼ੀ ਦਿਖਾਈ ਜਾ ਰਹੀ ਹੈ ਤਾਂ ਜੋ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਜਾਣੂ ਹੋ ਸਕੇ।

ਦਸਤਾਵੇਜ਼ੀ ਦੇਖਣ ਉਪਰੰਤ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਸੱਚੀ ਸ਼ਰਧਾਂਜਲੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਗੁਰੂ ਸਾਹਿਬ ਦਾ ਸਮਾਨਤਾ, ਭਾਈਚਾਰੇ ਅਤੇ ਭੇਦਭਾਵ ਰਹਿਤ ਸਮਾਜ ਦਾ ਸੰਦੇਸ਼ ਅੱਜ ਵੀ ਉਤਨਾ ਹੀ ਪ੍ਰਸੰਗਿਕ ਹੈ ਅਤੇ ਅਜਿਹੀਆਂ ਪਹਿਲਕਦਮੀਆਂ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਆਦਰਸ਼ਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ। ਇਸ ਮੌਕੇ ਪਿੰਡਾਂ ਦੇ ਪੰਚਾਇਤੀ ਨੁਮਾਇੰਦੇ, ਸਮਾਜ ਸੇਵੀ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਜ਼ਿਲ੍ਹਾ ਯੁਵਾ ਸਾਂਝ ਕਮੇਟੀ ਦਾ ਮੁੱਖ ਮਕਸਦ ਕੁਰਾਹੇ ਪਏ ਨੌਜਵਾਨਾਂ ਨੂੰ ਕਾਊਂਸਲਿੰਗ ਕਰਕੇ ਸਹੀ ਰਸਤੇ ਤੇ ਲੈ ਕੇ ਆਉਣਾ: ਆਲਮਜੀਤ ਸਿੱਧੂ, ਡਾਕਟਰ ਇੰਦਰਪ੍ਰੀਤ ਸੰਧੂ

**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**





ਜ਼ਿਲ੍ਹਾ ਪਟਿਆਲਾ ਪੁਲਿਸ ਸਾਝ ਕੇਂਦਰ ਵੱਲੋਂ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਅਤੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਮਿਊਨਟੀ ਅਫੇਅਰ ਡਵੀਜ਼ਨ ਪੰਜਾਬ ਮੈਡਮ ਗੁਰਪ੍ਰੀਤ ਕੌਰ ਦਿਉ , ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ,ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਐਸ ਪੀ ਹੈਡਕੁਆਰਟਰ -ਕਮ-ਜ਼ਿਲ੍ਹਾ ਕਾਮਊਨਟੀ ਅਫੇਅਰ ਅਫਸਰ ਵੈਭਵ ਚੌਧਰੀ, ਡੀ ਐਸ ਪੀ ਹੈਡਕੁਆਰਟਰ -ਕਮ- ਨੋਡਲ ਅਫਸਰ ਯੁਵਾ ਸਾਂਝ ਕਮੇਟੀ ਨੇਹਾ ਅਗਰਵਾਲ ਦੇ ਦਿਸਾ ਨਿਰਦੇਸ਼ਾਂ ਅਨੁਸਾਰ ਪੁਲਿਸ ਲਾਈਨ ਪਟਿਆਲਾ ਵਿਖੇ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਦੇ ਮੈਂਬਰਾਂ ਵੱਲੋਂ ਕੁਰਾਹੇ ਪਏ ਨੌਜਵਾਨਾ ਦੀ ਕੋਸਲਿੰਗ ਕਰਨ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਇੰਸਪੈਕਟਰ ਆਲਮਜੀਤ ਸਿੰਘ ਸਿੱਧੂ ਆਰ ਆਈ ਪੁਲਿਸ ਲਾਈਨ ਪਟਿਆਲਾ -ਕਮ- ਇੰਚਾਰਜ ਜ਼ਿਲ੍ਹਾ ਯੁਵਾ ਸਾਂਝ ਕੇਂਦਰ ਪਟਿਆਲਾ ਅਤੇ ਡਾਕਟਰ ਇੰਦਰਪ੍ਰੀਤ ਸੰਧੂ ਐਸੋਸੀਏਟ ਪ੍ਰੋਫੈਸਰ ਮਨੋਵਿਗਿਆਨਕ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਮੈਬਰ ਯੁਵਾ ਸਾਂਝ ਕਮੇਟੀ ਪਟਿਆਲਾ ਨੇ ਕੀਤੀ। ਇਸ ਮੀਟਿੰਗ ਵਿੱਚ ਜ਼ਿਲ੍ਹਾ ਯੁਵਾ ਸਾਝ ਕਮੇਟੀ ਪਟਿਆਲਾ ਦੇ ਮੈਂਬਰ ਸਟੇਟ ਐਵਾਰਡੀ ਪਰਮਿੰਦਰ ਭਲਵਾਨ , ਜ਼ਿਲ੍ਹਾ ਸਾਝ ਕੇਂਦਰ ਪਟਿਆਲਾ ਪੁਲਿਸ ਤੋਂ ਵਰਿੰਦਰ ਖਰੋੜ ਡੈਟਾ ਅਪਰੇਟਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਵਰਿੰਦਰ ਸਿੰਘ ਸੋਸ਼ਲ ਮੀਡੀਆ ਸੈਲ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਇੰਸਪੈਕਟਰ ਆਲਮਜੀਤ ਸਿੰਘ ਸਿੱਧੂ ਅਤੇ ਡਾਕਟਰ ਇੰਦਰਪ੍ਰੀਤ ਸੰਧੂ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਨੋਜਵਾਨਾ ਦੀ ਕੋਸਲਿੰਗ ਕੀਤੀ ਜਿੰਨਾ ਨੇ ਕੁਝ ਸਮਾਂ ਪਹਿਲਾਂ ਸੌਸਲ ਮੀਡੀਆ ਤੇ ਭੜਕਾਊ ਵੀਡੀਓ ਪਾਈ ਸੀ ਅਤੇ ਉਹਨਾਂ ਨੂੰ ਦੱਸਿਆ ਕਿ ਤੁਹਾਡੇ ਵੱਲੋਂ ਅਨਜਾਣੇ ਪਾਈ ਭੜਕਾਊ ਵੀਡੀਓ ਤੁਹਾਨੂੰ ਜੇਲ ਯਾਤਰਾ ਕਰਵਾ ਸਕਦੀ ਹੈ। ਇਸ ਮੌਕੇ ਉਹਨਾਂ ਨੋਜਵਾਨਾ ਨੇ ਯੁਵਾ ਸਾਂਝ ਕਮੇਟੀ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਉਹੋ ਕਦੇ ਵੀ ਸੌਸਲ ਮੀਡੀਆ ਉਪਰ ਭੜਕਾਊ ਵੀਡੀਓ ਨਹੀਂ ਪਾਉਣਗੇ ਨਾ ਹੀ ਕੋਈ ਭੜਕਾਊ ਵੀਡੀਓ ਸ਼ੇਅਰ ਕਰਨਗੇ। ਉਹਨਾਂ ਕਿਹਾ ਕਿਹਾ ਕਿ ਯੁਵਾ ਸਾਝ ਕਮੇਟੀਆਂ ਦਾ ਮੁੱਖ ਮਕਸਦ ਕੁਰਾਹੇ ਪੈ ਗਏ ਨੌਜਵਾਨਾਂ ਨੂੰ ਕੋਸਲਿੰਗ ਕਰਕੇ ਸਹੀ ਰਸਤੇ ਤੇ ਲੈ ਕੇ ਆਉਣਾ ਅਤੇ ਸਵੈ ਰੁਜ਼ਗਾਰ ਚਲਾਉਣ ਲਈ ਉਹਨਾਂ ਨੌਜਵਾਨਾਂ ਦੀ ਮਦਦ ਕਰਨੀ ਹੈ । ਇਸ ਤੋਂ ਇਲਾਵਾ ਨੌਜਵਾਨਾਂ ਨੂੰ ਬੇਰੁਜ਼ਗਾਰੀ ਤੋਂ ਬਾਹਰ ਕਢਣ ਲਈ ਨੌਜਵਾਨਾਂ ਨੂੰ ਵੱਧ ਤੋਂ ਵੱਧ ਹੱਥੀ ਕਿਰਤ ਲਈ ਪ੍ਰੇਰਿਤ ਕਰਨਾ ਹੈ ਅਤੇ ਨੌਜਵਾਨਾਂ ਵਿਚ ਵੱਧ ਤੋਂ ਵੱਧ ਸਵੈਸਕਤੀ ਪੈਦਾ ਕਰਨਾ ਹੈ। ਉਹਨਾਂ ਕਿਹਾ ਕਿ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਅੱਗੇ ਆ ਕੇ ਪਹਿਲ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ ਵੱਲੋਂ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਸਕੂਲਾਂ , ਕਾਲਜਾਂ, ਯੂਨੀਵਰਸਿਟੀਆ ਵਿੱਚ ਜਾਂ ਕੇ ਵਿਦਿਆਰਥੀਆਂ ਅਤੇ ਨੋਜਵਾਨਾ ਨੂੰ ਸੌਸਲ ਮੀਡੀਆ ਉਪਰ ਕਿਸੇ ਵੀ ਭੜਕਾਊ ਪੋਸਟ ਨਾ ਪਾਉਣ, ਕਿਸੇ ਵੀ ਭੜਕਾਊ ਪੋਸਟ ਨੂੰ ਅੱਗੇ ਨਾ ਸ਼ੇਅਰ ਕਰਨ ਦੇ ਨਾਲ ਨਸ਼ਿਆਂ ਵਿਰੁੱਧ ਰੈਲੀਆਂ, ਨੁੱਕੜ ਨਾਟਕ, ਸੈਮੀਨਾਰ, ਵਿਚਾਰ ਚਰਚਾ ਆਦਿ ਲੜੀਵਾਰ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਪੁਲਿਸ ਵੱਲੋਂ ਵਲੋਂ ਭਰਪੂਰ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਸਾਰੇ ਆਏਂ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

# ਮੋਹਿੰਦਰ ਭਗਤ ਵੱਲੋਂ ਮਧੂ ਮੱਖੀ ਪਾਲਣ, ਰੇਸ਼ਮ ਪਾਲਣ ਅਤੇ ਖੁੰਭ ਉਤਪਾਦਨ ਨਾਲ ਸਬੰਧਤ ਯੋਜਨਾਵਾਂ ਦੀ ਪ੍ਰਗਤੀ ਦਾ ਜਾਇਜ਼ਾ



**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਬਾਗ਼ਬਾਨੀ ਨੂੰ ਪ੍ਰਫੁੱਲਤ ਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਇਸੇ ਮੰਤਵ ਦੀ ਪੂਰਤੀ ਲਈ ਬਾਗਬਾਨੀ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਅੱਜ ਚੰਡੀਗੜ੍ਹ ਵਿਖੇ ਮਧੂ ਮੱਖੀ ਪਾਲਣ, ਰੇਸ਼ਮ ਪਾਲਣ ਅਤੇ ਖੁੰਭ ਉਤਪਾਦਨ ਨਾਲ ਸਬੰਧਤ ਯੋਜਨਾਵਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਸੀਨੀਅਰ ਅਧਿਕਾਰੀਆਂ ਨਾਲ ਅਹਿਮ ਸਮੀਖਿਆ ਮੀਟਿੰਗ ਕੀਤੀ। ਇਸ ਮੌਕੇ ਬਾਗ਼ਬਾਨੀ ਸਕੱਤਰ ਸ੍ਰੀ ਅਰਸ਼ਦੀਪ ਸਿੰਘ ਥਿੰਦ ਅਤੇ ਵਧੀਕ ਸਕੱਤਰ, ਬਾਗ਼ਬਾਨੀ, ਸ੍ਰੀ ਲਤੀਫ ਅਹਿਮਦ ਹਾਜ਼ਰ ਸਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਮਧੂ ਮੱਖੀ ਪਾਲਣ, ਰੇਸ਼ਮ ਪਾਲਣ ਅਤੇ ਖੁੰਭ ਉਤਪਾਦਨ ਨਾਲ ਸਬੰਧਤ ਯੋਜਨਾਵਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਆਮਦਨ ਵਿੱਚ ਟਿਕਾਊ ਵਾਧੇ ਲਈ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮਧੂ ਮੱਖੀ ਪਾਲਣ, ਰੇਸ਼ਮ ਪਾਲਣ ਅਤੇ ਖੁੰਭ ਉਤਪਾਦਨ ਵਰਗੀਆਂ ਸਹਾਇਕ ਗਤੀਵਿਧੀਆਂ ਕਿਸਾਨਾਂ ਲਈ ਆਮਦਨ ਦੇ ਵਾਧੂ ਸਰੋਤ ਸਾਬਤ ਹੋਣ ਦੇ ਨਾਲ-ਨਾਲ ਬਾਗ਼ਬਾਨੀ ਨੂੰ ਹੋਰ ਲਾਭਕਾਰੀ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਕੈਬਨਿਟ ਮੰਤਰੀ ਨੇ ਵਿਭਾਗ ਵਿੱਚ ਭਰਤੀ ਪ੍ਰਕਿਰਿਆ ਨੂੰ ਜਲਦ ਮੁਕੰਮਲ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਲੋੜੀਂਦਾ ਸਟਾਫ਼ ਉਪਲਬਧ ਹੋਣ ਨਾਲ ਵਿਭਾਗ ਦੀ ਕਾਰਗੁਜ਼ਾਰੀ ਹੋਰ ਪ੍ਰਭਾਵਸ਼ਾਲੀ ਬਣੇਗੀ। ਉਨ੍ਹਾਂ ਵਿਭਾਗ ਨਾਲ ਸਬੰਧਤ ਵੱਖ-ਵੱਖ ਅਹਿਮ ਪ੍ਰਸ਼ਾਸਕੀ ਮਾਮਲਿਆਂ ਦੀ ਵੀ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਕਿਸਾਨ-ਹਿੱਤ ਨਾਲ ਜੁੜੇ ਸਾਰੇ ਕੰਮ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

# ਮਾਨ ਸਰਕਾਰ ਨੇ ਮੈਰਿਟ ਅਧਾਰਤ ਸਰਕਾਰੀ ਭਰਤੀ ਵਿੱਚ ਨੌਜਵਾਨਾਂ ਦਾ ਭਰੋਸਾ ਕੀਤਾ ਬਹਾਲ: ਬਰਿੰਦਰ ਕੁਮਾਰ ਗੋਇਲ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੀ ਭਰਤੀ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆ ਕੇ ਬਿਨਾਂ ਕਿਸੇ ਪੈਸੇ, ਸਿਫ਼ਾਰਸ਼ ਜਾਂ ਸਿਆਸੀ ਰਸੂਖ਼ ਤੋਂ ਨਿਰੋਲ ਮੈਰਿਟ ਦੇ ਅਧਾਰ 'ਤੇ ਸਰਕਾਰੀ ਨੌਕਰੀਆਂ ਯਕੀਨੀ ਬਣਾਉਣ ਦੀ ਨਵੀਂ ਪਿਰਤ ਪਾਈ ਹੈ।

ਪੰਜਾਬ ਵਿਧਾਨ ਸਭਾ ਵਿੱਚ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ ਸੂਬਾ ਸਰਕਾਰ ਦੇ ਯਤਨਾਂ ਬਾਰੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਵੱਲੋਂ ਲਿਆਂਦੇ ਮਤੇ 'ਤੇ ਚਰਚਾ ਵਿੱਚ ਭਾਗ ਲੈਂਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪਾਰਦਰਸ਼ੀ ਭਰਤੀ ਪ੍ਰਕਿਰਿਆ ਨੇ ਪੰਜਾਬ ਦੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਰਕਾਰੀ ਪ੍ਰਣਾਲੀ ਵਿੱਚ ਭਰੋਸਾ ਬਹਾਲ ਕੀਤਾ ਹੈ।

ਉਨ੍ਹਾਂ ਕਿਹਾ," ਸਾਲ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ, ਸਰਕਾਰੀ ਨੌਕਰੀ ਲੈਣਾ ਸਿਆਸੀ ਰਸੂਖ, ਨਿੱਜੀ ਸਿਫ਼ਾਰਸ਼ ਅਤੇ ਪੈਸੇ 'ਤੇ ਨਿਰਭਰ ਪ੍ਰਕਿਰਿਆ ਮੰਨਿਆ ਜਾਂਦਾ ਸੀ। ਬਿਨੈਕਾਰਾਂ ਦੇ ਪਰਿਵਾਰਾਂ ਨੂੰ ਰਸੂਖ਼ਦਾਰ ਵਿਅਕਤੀਆਂ ਦੀ ਮਦਦ ਲੈਣ ਜਾਂ ਪੈਸੇ ਦਾ ਪ੍ਰਬੰਧ ਕਰਨ ਲਈ ਮਜਬੂਰ ਹੋਣਾ ਪੈਂਦਾ ਸੀ, ਜਦਕਿ ਹੱਕਦਾਰ ਅਤੇ ਯੋਗ ਉਮੀਦਵਾਰਾਂ ਨੂੰ ਆਪਣਾ ਭਵਿੱਖ ਹਨੇਰੇ ਵਿੱਚ ਜਾਪਦਾ ਸੀ।"

ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਹੱਕਦਾਰ ਅਤੇ ਯੋਗ ਨੌਜਵਾਨਾਂ ਨੂੰ ਅਕਸਰ ਉਨ੍ਹਾਂ ਦੇ ਜਾਇਜ਼ ਹੱਕਾਂ ਤੋਂ ਵਾਂਝੇ ਰੱਖਿਆ ਜਾਂਦਾ ਸੀ, ਜਿਸ ਨਾਲ ਉਨ੍ਹਾਂ ਵਿੱਚੋਂ ਬਹੁਤ ਸਾਰੇ ਨਿਰਾਸ਼ ਹੋ ਕੇ ਹੌਸਲਾ ਛੱਡ ਜਾਂਦੇ ਸਨ ਪਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਭਰਤੀ ਪ੍ਰਕਿਰਿਆ ਨੂੰ ਪੂਰਨ ਰੂਪ ਵਿੱਚ ਪਾਰਦਰਸ਼ੀ ਬਣਾ ਦਿੱਤਾ ਹੈ। ਹੁਣ ਬਿਨਾਂ ਪੈਸੇ ਦਿੱਤੇ ਜਾਂ ਸਿਆਸੀ ਸਿਫ਼ਾਰਸ਼ ਤੋਂ ਸਰਕਾਰੀ ਨੌਕਰੀਆਂ ਲਈਆਂ ਜਾ ਸਕਦੀਆਂ ਹਨ।

ਸ੍ਰੀ ਗੋਇਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਨੁਕਸਦਾਰ ਅਮਲਾਂ ਨੇ ਅਨੇਕਾਂ ਨੌਜਵਾਨਾਂ ਨੂੰ ਨਿਰਾਸ਼ਾ ਦੇ ਆਲਮ ਵਿੱਚ ਧੱਕ ਦਿੱਤਾ ਸੀ। ਵਿਰੋਧੀ ਧਿਰ ਹੁਣ ਕਹਿ ਰਹੀ ਹੈ ਕਿ ਪੰਜਾਬ ਦੇ ਨੌਜਵਾਨ ਵਿਦੇਸ਼ਾਂ ਵੱਲ ਜਾਣ



ਲਈ ਮਜਬੂਰ ਹਨ ਪਰ ਸੱਚਾਈ ਇਹ ਹੈ ਕਿ ਮਾਨ ਸਰਕਾਰ ਨੇ ਉਨ੍ਹਾਂ ਨੂੰ ਰੋਜ਼ਗਾਰ ਮੌਕੇ ਮੁਹੱਈਆ ਕਰਵਾਏ ਹਨ ਅਤੇ ਉਨ੍ਹਾਂ ਨੂੰ ਪੰਜਾਬ ਵਿੱਚ ਹੀ ਆਪਣਾ ਭਵਿੱਖ ਬਣਾਉਣ ਲਈ ਉਤਸ਼ਾਹਿਤ ਕੀਤਾ ਹੈ।

ਉਨ੍ਹਾਂ ਅੱਗੇ ਕਿਹਾ, "ਅਸੀਂ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦੇ ਵਧ ਰਹੇ ਰੁਝਾਨ ਨੂੰ ਮੋੜਾ ਪਾਉਣ ਵਿੱਚ ਕਾਫ਼ੀ ਹੱਦ ਤੱਕ ਸਫ਼ਲ ਰਹੇ ਹਾਂ ਅਤੇ ਉਨ੍ਹਾਂ ਨੂੰ ਸਿੱਖਿਆ ਅਤੇ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਵੱਲ ਮੁੜਨ ਲਈ ਪ੍ਰੇਰਿਆ ਹੈ।"

ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਰਸੂਖ਼ਦਾਰ ਜਾਂ ਵਿੱਤੀ ਤੌਰ 'ਤੇ ਮਜ਼ਬੂਤ ਉਮੀਦਵਾਰਾਂ ਨੂੰ ਲਾਭ ਪਹੁੰਚਾਉਣ ਲਈ ਯੋਗ ਅਤੇ ਸਮਰੱਥ ਨੌਜਵਾਨਾਂ ਦੇ ਹੱਕਾਂ ਨਾਲ ਖਿਲਵਾੜ ਨਹੀਂ ਕੀਤਾ ਜਾਵੇਗਾ। ਆਪਣੇ ਪਹਿਲੇ ਸਾਲ ਦੌਰਾਨ ਹੀ ਮਾਨ ਸਰਕਾਰ ਨੇ 20000 ਨੌਕਰੀਆਂ ਦਿੱਤੀਆਂ ਅਤੇ ਉਸ ਤੋਂ ਬਾਅਦ ਇੱਕ ਪਾਰਦਰਸ਼ੀ ਅਤੇ ਮੈਰਿਟ-ਆਧਾਰਤ ਭਰਤੀ ਪ੍ਰਕਿਰਿਆ ਰਾਹੀਂ 68000 ਤੋਂ ਵੱਧ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ।

ਕੈਬਨਿਟ ਮੰਤਰੀ ਨੇ ਕਿਹਾ, "68,000 ਤੋਂ ਵੱਧ ਸਰਕਾਰੀ ਨੌਕਰੀਆਂ ਦੇ ਕੇ ਮਾਨ ਸਰਕਾਰ ਨੇ ਨਾ ਸਿਰਫ਼ ਰੋਜ਼ਗਾਰ ਦਿੱਤਾ ਹੈ, ਸਗੋਂ ਉਸ ਪੀੜ੍ਹੀ ਦੇ ਭਰੋਸੇ ਨੂੰ ਵੀ ਬਹਾਲ ਕੀਤਾ ਹੈ ਜਿਸ ਨੇ ਇਹ ਮੰਨਣਾ ਸ਼ੁਰੂ ਕਰ ਦਿੱਤਾ ਸੀ ਕਿ ਪੈਸੇ ਜਾਂ ਸਿਫ਼ਾਰਸ਼ ਤੋਂ ਬਿਨਾਂ ਸਰਕਾਰੀ ਨੌਕਰੀਆਂ ਮਿਲ ਹੀ ਨਹੀਂ ਸਕਦੀਆਂ।"

ਉਨ੍ਹਾਂ ਕਿਹਾ ਕਿ ਪਾਰਦਰਸ਼ੀ ਭਰਤੀ ਨੀਤੀ ਨੇ ਵਿਦਿਆਰਥੀਆਂ ਨੂੰ ਸਿੱਖਿਆ ਅਤੇ ਮੁਕਾਬਲਾ ਪ੍ਰੀਖਿਆਵਾਂ 'ਤੇ ਧਿਆਨ ਕੇਂਦਰਿਤ ਕਰਨ ਲਈ ਉਤਸ਼ਾਹਿਤ ਕੀਤਾ ਹੈ। ਮੈਰਿਟ ਵਿੱਚ ਬਹਾਲ ਹੋਏ ਇਸ ਭਰੋਸੇ ਨਾਲ ਵਿਦਿਆਰਥੀਆਂ ਵਿੱਚ ਸਰਕਾਰੀ ਸਕੂਲਾਂ ਤੋਂ ਮਿਆਰੀ ਸਿੱਖਿਆ ਹਾਸਲ ਕਰਨ ਦਾ ਰੁਝਾਨ ਵੀ ਵਧਿਆ ਹੈ।

ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਬਿਹਤਰ ਅਕਾਦਮਿਕ ਕਾਰਗੁਜ਼ਾਰੀ ਦਾ ਹਵਾਲਾ ਦਿੰਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ 882 ਵਿਦਿਆਰਥੀਆਂ ਨੇ ਨੀਟ ਦੀ ਪ੍ਰੀਖਿਆ ਪਾਸ ਕੀਤੀ ਹੈ, ਜੋ ਸੂਬੇ ਦੀ ਜਨਤਕ ਸਿੱਖਿਆ ਪ੍ਰਣਾਲੀ ਵਿੱਚ ਵਿਦਿਆਰਥੀਆਂ ਅਤੇ ਮਾਪਿਆਂ ਦੇ ਵਧ ਰਹੇ ਭਰੋਸੇ ਦਾ ਪ੍ਰਤੱਖ ਪ੍ਰਮਾਣ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਦੀਆਂ ਰੋਜ਼ਗਾਰ ਪਹਿਲਕਦਮੀਆਂ ਨੇ ਬਹੁਤ ਸਾਰੇ ਨੌਜਵਾਨਾਂ ਨੂੰ ਬਿਹਤਰ ਰੋਜ਼ਗਾਰ ਲਈ ਵਿਦੇਸ਼ ਜਾਣ ਦੀ ਬਜਾਏ ਪੰਜਾਬ ਵਿੱਚ ਹੀ ਆਪਣਾ ਭਵਿੱਖ ਬਣਾਉਣ ਲਈ ਪ੍ਰੇਰਿਆ ਹੈ।

ਆਪਣੇ ਹਲਕੇ ਦੇ ਪਿੰਡ ਹਮੀਰਗੜ੍ਹ ਦੀ ਉਦਾਹਰਣ ਦਿੰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਵਿਦੇਸ਼ ਜਾਣ ਲਈ ਵੀਜ਼ਾ ਸਬੰਧੀ ਕਾਰਵਾਈ ਪੂਰੀ ਕਰਕੇ ਹਵਾਈ ਟਿਕਟਾਂ ਖ਼ਰੀਦ ਚੁੱਕੀ ਇੱਕ ਲੜਕੀ ਨੇ ਪਟਵਾਰੀ ਵਜੋਂ ਚੁਣੇ ਜਾਣ ਤੋਂ ਬਾਅਦ ਵਿਦੇਸ਼ ਜਾਣ ਦਾ ਇਰਾਦਾ ਛੱਡ ਦਿੱਤਾ ਅਤੇ ਹੁਣ ਉਹ ਪੰਜਾਬ ਵਿੱਚ ਸੇਵਾ ਨਿਭਾਅ ਰਹੀ ਹੈ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਨੌਜਵਾਨਾਂ ਨੂੰ ਅਜੇ ਤੱਕ ਰੋਜ਼ਗਾਰ ਨਹੀਂ ਮਿਲਿਆ ਹੈ, ਉਨ੍ਹਾਂ ਨੇ ਵੀ ਆਸ ਨਹੀਂ ਛੱਡੀ ਅਤੇ ਨਾ ਹੀ ਉਹ ਨਿਰਾਸ਼ਾ ਵਿੱਚ ਡੁੱਬੇ ਹਨ। ਇਸ ਦੀ ਥਾਂ ਉਹ ਦ੍ਰਿੜ੍ਹ ਇਰਾਦੇ ਅਤੇ ਪੂਰੇ ਆਤਮ-ਵਿਸ਼ਵਾਸ ਨਾਲ ਮੁਕਾਬਲਾ ਪ੍ਰੀਖਿਆਵਾਂ ਵਿੱਚ ਭਾਗ ਲੈ ਰਹੇ ਹਨ ਅਤੇ ਆਸਵੰਦ ਹਨ ਕਿ ਇਮਾਨਦਾਰੀ ਨਾਲ ਕੀਤੀ ਮਿਹਨਤ ਅਤੇ ਮੈਰਿਟ ਹੀ ਉਨ੍ਹਾਂ ਦੇ ਭਵਿੱਖ ਨੂੰ ਉਜਲ ਬਣਾਏਗੀ।

ਉਨ੍ਹਾਂ ਅੱਗੇ ਕਿਹਾ ਕਿ ਜਿੱਥੇ ਭਰਤੀ ਸਬੰਧੀ ਵਿਵਾਦਾਂ ਅਤੇ ਪੇਪਰ ਲੀਕ ਹੋਣ ਦੀਆਂ ਘਟਨਾਵਾਂ ਨੇ ਕੌਮੀ ਪੱਧਰ 'ਤੇ ਵਿਦਿਆਰਥੀਆਂ ਦੇ ਵਿਸ਼ਵਾਸ ਨੂੰ ਵੱਡੀ ਢਾਅ ਲਾਈ ਹੈ, ਉਥੇ ਹੀ ਪੰਜਾਬ ਸਰਕਾਰ ਨੇ ਪਾਰਦਰਸ਼ੀ ਅਤੇ ਜਵਾਬਦੇਹ ਭਰਤੀ ਢਾਂਚਾ ਸਥਾਪਿਤ ਕੀਤਾ ਹੈ, ਜੋ ਯੋਗ ਉਮੀਦਵਾਰਾਂ ਦੇ ਹਿੱਤਾਂ ਦੀ ਰਾਖੀ ਕਰਕੇ ਸਭ ਲਈ ਬਰਾਬਰ ਮੌਕੇ ਯਕੀਨੀ ਬਣਾਉਂਦਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੱਖਪਾਤ, ਵਿੱਤੀ ਅਤੇ ਸਿਆਸੀ ਰਸੂਖ਼ ਦੇ ਪੁਰਾਣੇ ਸੱਭਿਆਚਾਰ ਨੂੰ ਖ਼ਤਮ ਕਰਕੇ ਮਾਨ ਸਰਕਾਰ ਨੇ ਭਰਤੀ ਪ੍ਰਣਾਲੀ ਵਿੱਚ ਸੂਬੇ ਦੇ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਭਰੋਸਾ ਬਹਾਲ ਕੀਤਾ ਹੈ। ਅੱਜ, ਲੋਕਾਂ ਨੂੰ ਵਿਸ਼ਵਾਸ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਇਮਾਨਦਾਰੀ ਨਾਲ ਅਤੇ ਨਿਰੋਲ ਮੈਰਿਟ 'ਤੇ ਸਰਕਾਰੀ ਨੌਕਰੀਆਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

# ਮੁੱਖ ਮੰਤਰੀ ਨੇ ਕੰਢੀ ਅਤੇ ਸਰਹੱਦੀ ਖੇਤਰਾਂ ਦੇ ਵਿਕਾਸ ਵਿੱਚ ਤੇਜ਼ੀ ਲਿਆਉਣ ਦੀ ਵਚਨਬੱਧਤਾ ਦੁਹਰਾਈ

**➢ ਪੰਜਾਬ ਸਰਕਾਰ ਕੰਢੀ ਖੇਤਰ ਨੂੰ ਵੱਡੇ ਸੈਰ-ਸਪਾਟਾ ਕੇਂਦਰ ਵਜੋਂ ਉਤਸ਼ਾਹਿਤ ਕਰੇਗੀ ➢ ਸਾਡੀ ਸਰਕਾਰ ਕੰਢੀ ਅਤੇ ਸਰਹੱਦੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ, ਸੈਰ-ਸਪਾਟੇ ਅਤੇ ਆਰਥਿਕ ਵਿਕਾਸ ਦੇ ਕੰਮਾਂ 'ਤੇ ਧਿਆਨ ਕੇਂਦਰਿਤ ਕਰ ਰਹੀ**

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਦੇ ਕੰਢੀ ਅਤੇ ਸਰਹੱਦੀ ਖੇਤਰਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਆਪਣੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਦੁਹਰਾਈ। ਬਾਰਡਰ ਅਤੇ ਕੰਢੀ ਏਰੀਆ ਡਿਵੈਲਪਮੈਂਟ ਬੋਰਡ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਕੰਢੀ ਖੇਤਰ ਵਿੱਚ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਅਤੇ ਇਨ੍ਹਾਂ ਖੇਤਰਾਂ ਦੇ ਸਮੁੱਚੇ ਵਿਕਾਸ ਵਿੱਚ ਤੇਜ਼ੀ ਲਿਆਉਣ ਲਈ ਸਾਂਝੇ ਯਤਨ ਕਰਨ ਦੇ ਨਿਰਦੇਸ਼ ਦਿੱਤੇ।

ਕੰਢੀ ਖੇਤਰ ਵਿੱਚ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਠੋਸ ਯਤਨਾਂ ਦਾ ਸੱਦਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਕੰਢੀ ਖੇਤਰ ਦੇ ਇੱਕ ਬਿਹਤਰੀਨ ਸੈਰ-ਸਪਾਟਾ ਕੇਂਦਰ ਵਜੋਂ ਉੱਭਰਨ ਦੀ ਅਥਾਹ ਸਮਰੱਥਾ ਹੈ, ਜੋ ਦੁਨੀਆ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਖੇਤਰ ਦੇ ਵਿਕਾਸ 'ਚ ਤੇਜ਼ੀ ਲਿਆਉਣ ਅਤੇ ਇਸ ਦੀਆਂ ਵਿਸ਼ਾਲ ਸੈਰ-ਸਪਾਟਾ ਸੰਭਾਵਨਾਵਾਂ ਦਾ ਲਾਭ ਉਠਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਇਸ ਖੇਤਰ ਦੀਆਂ ਅਣਵਰਤੀਆਂ ਸੰਭਾਵਨਾਵਾਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਨੇ ਕਿਹਾ, ਪਿਛਲੀਆਂ ਸਰਕਾਰਾਂ ਦੀ ਨਲਾਇਕੀ ਅਤੇ ਅਣਦੇਖੀ ਕਾਰਨ ਕੰਢੀ ਖੇਤਰ ਵਿਕਾਸ ਦੀ ਰਫ਼ਤਾਰ ਵਿੱਚ ਪਿੱਛੇ ਰਹਿ ਗਿਆ ਸੀ। ਉਨ੍ਹਾਂ ਕਿਹਾ ਕਿ ਹਾਲਾਂਕਿ ਸਾਡੀ ਸਰਕਾਰ ਨੇ ਇਸ ਖੇਤਰ ਦੀਆਂ ਅਥਾਹ ਸੈਰ-ਸਪਾਟਾ ਸੰਭਾਵਨਾਵਾਂ ਨੂੰ ਉਜਾਗਰ ਕਰਨ ਅਤੇ ਸੈਲਾਨੀਆਂ ਨੂੰ ਇਸ ਦੀ ਕੁਦਰਤੀ ਸੁੰਦਰਤਾ ਵੱਲ ਆਕਰਸ਼ਿਤ ਕਰਨ ਲਈ ਸਖ਼ਤ ਉਪਰਾਲੇ ਕੀਤੇ ਹਨ। ਇਹ ਖੇਤਰ ਕੁਦਰਤੀ ਸਰੋਤਾਂ ਨਾਲ ਭਰਪੂਰ ਹੈ ਜੋ ਦੁਨੀਆ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰ ਸਕਦਾ ਹੈ।

ਸਰਕਾਰ ਦੇ ਵਿਕਾਸ ਏਜੰਡੇ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸੂਬਾ ਸਰਕਾਰ ਲੋਕਾਂ ਦੇ ਜੀਵਨ ਨੂੰ ਬਦਲਣ ਲਈ ਇਸ ਖਿੱਤੇ ਵਿੱਚ ਆਰਥਿਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ 'ਤੇ ਵਿਸ਼ੇਸ਼ ਜ਼ੋਰ ਦੇ ਰਹੀ ਹੈ। ਉਹ ਦਿਨ ਦੂਰ ਨਹੀਂ ਜਦੋਂ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਤੋਂ ਬਾਅਦ ਇਹ ਖੇਤਰ ਦੇਸ਼ ਦੇ ਇੱਕ ਵੱਡੇ ਸੈਰ-ਸਪਾਟਾ ਕੇਂਦਰ ਵਜੋਂ ਉੱਭਰੇਗਾ। ਉਨ੍ਹਾਂ ਕਿਹਾ ਕਿ ਇਸ ਖੇਤਰ ਦੇ ਵਿਕਾਸ ਅਤੇ ਇਸ ਦੇ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਉਨ੍ਹਾਂ ਕਿਹਾ, ਸੂਬਾ ਸਰਕਾਰ ਸਰਹੱਦੀ ਜ਼ਿਲ੍ਹਿਆਂ ਦੇ ਵਿਕਾਸ ਲਈ ਵੀ ਸਖ਼ਤ ਯਤਨ ਕਰ ਰਹੀ ਹੈ। ਇਨ੍ਹਾਂ ਜ਼ਿਲ੍ਹਿਆਂ ਦੇ ਵਸਨੀਕ ਬਹਾਦਰ ਲੋਕ ਹਨ ਜਿਨ੍ਹਾਂ ਨੇ ਹਮੇਸ਼ਾ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਕੀਤੀ ਹੈ। ਇਸ ਧਰਤੀ ਨੂੰ ਮਹਾਨ ਗੁਰੂਆਂ ਦੀ ਬਖਸ਼ਿਸ਼ ਪ੍ਰਾਪਤ ਹੈ ਅਤੇ ਇੱਥੇ ਮਿਹਨਤੀ ਅਤੇ ਸੂਰਬੀਰ ਲੋਕ ਵੱਸਦੇ ਹਨ।

ਸਰਹੱਦੀ ਨਿਵਾਸੀਆਂ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਖੇਤਰ 'ਚ ਜਨਮੇ ਮਹਾਨ ਦੇਸ਼ ਭਗਤਾਂ ਅਤੇ ਰਾਸ਼ਟਰਵਾਦੀਆਂ ਦੇ ਦੇਸ਼ ਪ੍ਰਤੀ ਵਡਮੁੱਲੇ ਯੋਗਦਾਨ ਦੇ ਬਾਵਜੂਦ ਪਿਛਲੀਆਂ ਸਰਕਾਰਾਂ ਵੱਲੋਂ ਇਸ ਖੇਤਰ ਵਿੱਚ ਉਸ ਪੱਧਰ ਦਾ ਵਿਕਾਸ ਦੇਖਣ ਨੂੰ ਨਹੀਂ ਮਿਲਿਆ ਜਿਸ ਦਾ ਇਹ ਹੱਕਦਾਰ ਸੀ। ਸਾਡੀ ਸਰਕਾਰ ਨੇ ਇਸ ਖੇਤਰ ਦੇ ਵਿਕਾਸ ਨੂੰ ਵੱਡਾ ਹੁਲਾਰਾ ਦੇਣ ਲਈ ਹਰ ਸੰਭਵ ਯਤਨ ਕੀਤਾ ਹੈ। ਅਸੀਂ ਸਰਹੱਦੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ, ਜੋ ਸੱਚੇ ਦੇਸ਼ ਭਗਤ ਹਨ ਅਤੇ ਹਮੇਸ਼ਾ ਦੇਸ਼ ਅਤੇ ਇਸ ਦੇ ਲੋਕਾਂ ਦੇ ਨਾਲ ਖੜ੍ਹੇ ਰਹੇ ਹਨ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# ਅੰਮ੍ਰਿਤਸਰ ਵਿੱਚ 10 ਕਿੱਲੋ ਹੈਰੋਇਨ ਸਮੇਤ ਦੋ ਵਿਅਕਤੀ ਗ੍ਰਿਫ਼ਤਾਰ; ਗ੍ਰਿਫ਼ਤਾਰ ਮੁਲਜ਼ਮ ਸਰਹੱਦ-ਪਾਰ ਦੇ ਨਸ਼ਾ ਤਸਕਰੀ ਨੈੱਟਵਰਕ ਨਾਲ ਸਬੰਧਤ: ਡੀ.ਜੀ.ਪੀ. ਗੌਰਵ ਯਾਦਵ

**ਅੰਮ੍ਰਿਤਸਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ 10 ਕਿੱਲੋ ਹੈਰੋਇਨ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰਲੇ ਨਸ਼ਾ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਸਬੀਰ ਸਿੰਘ ਉਰਫ਼ ਮੋਨੂ ਅਤੇ ਅੰਮ੍ਰਿਤਪਾਲ ਸਿੰਘ ਉਰਫ਼ ਮੋਟਾ ਵਜੋਂ ਹੋਈ ਹੈ, ਜੋ ਦੋਵੇਂ ਅੰਮ੍ਰਿਤਸਰ ਦੇ ਰਣਗੜ੍ਹ ਦੇ ਰਹਿਣ ਵਾਲੇ ਹਨ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ, ਜਿਸ ਦੀ ਵਰਤੋਂ ਉਹ ਨਸ਼ਾ ਤਸਕਰੀ ਲਈ ਕਰਦੇ ਸਨ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਸ਼ਾਮਲ ਸਾਰੇ ਸਹਿਯੋਗੀਆਂ ਦੀ ਪਛਾਣ ਅਤੇ ਪੂਰੀ ਸਪਲਾਈ ਚੇਨ ਦਾ ਖਾਤਮਾ ਕਰਨ ਲਈ ਅਗਲੇ-ਪਿਛਲੇ ਸਬੰਧਾਂ ਦੀ ਜਾਂਚ ਕੀਤੀ ਜਾ ਜਾਰੀ ਹੈ।




ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਸੁਪਰਡੰਟ ਆਫ਼ ਪੁਲਿਸ (ਐੱਸ.ਐੱਸ.ਪੀ.) ਅੰਮ੍ਰਿਤਸਰ ਦਿਹਾਤੀ ਕੰਵਲਪ੍ਰੀਤ ਸਿੰਘ ਚਾਹਲ ਨੇ ਦੱਸਿਆ ਕਿ ਪੁਲਿਸ ਟੀਮਾਂ ਨੂੰ ਪੁਖ਼ਤਾ ਇਤਲਾਹ ਮਿਲੀ ਸੀ ਕਿ ਸਰਹੱਦ-ਪਾਰ ਦੇ ਨਸ਼ਾ ਤਸਕਰੀ ਨੈੱਟਵਰਕ ਨਾਲ ਸਬੰਧਤ ਦੋ ਵਿਅਕਤੀਆਂ ਨੇ ਹੈਰੋਇਨ ਦੀ ਇੱਕ ਵੱਡੀ ਖੇਪ ਪ੍ਰਾਪਤ ਕੀਤੀ ਹੈ, ਜਿਸਨੂੰ ਉਹ ਘਰਿੰਡਾ ਖੇਤਰ ਵਿੱਚ ਸਪਲਾਈ ਕਰਨ ਵਾਲੇ ਹਨ।

ਉਨ੍ਹਾਂ ਦੱਸਿਆ ਕਿ ਪ੍ਰਾਪਤ ਜਾਣਕਾਰੀ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਇਲਾਕੇ 'ਚ ਨਾਕਾਬੰਦੀ ਕਰਕੇ ਜਸਬੀਰ ਉਰਫ਼ ਮੋਨੂ ਅਤੇ ਅੰਮ੍ਰਿਤਪਾਲ ਉਰਫ਼ ਮੋਟੂ ਨੂੰ ਉਸ ਸਮੇਂ ਕਾਬੂ ਕਰ ਲਿਆ, ਜਦੋਂ ਉਹ ਆਪਣੇ ਮੋਟਰਸਾਈਕਲ 'ਤੇ ਜਾ ਰਹੇ ਸਨ। ਉਨ੍ਹਾਂ ਦੱਸਿਆ ਕਿ ਤਲਾਸ਼ੀ ਦੌਰਾਨ ਉਨ੍ਹਾਂ ਦੇ ਕਬਜ਼ੇ 'ਚੋਂ 10.03 ਕਿੱਲੋ ਹੈਰੋਇਨ ਬਰਾਮਦ ਹੋਈ।

ਐੱਸ.ਐੱਸ.ਪੀ. ਨੇ ਕਿਹਾ ਕਿ ਜਾਂਚ ਅੱਗੇ ਵਧਣ ਨਾਲ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧੀ ਥਾਣਾ ਘਰਿੰਡਾ, ਅੰਮ੍ਰਿਤਸਰ ਦਿਹਾਤੀ ਵਿਖੇ ਐੱਨ.ਡੀ.ਪੀ.ਐੱਸ. ਐਕਟ ਦੀ ਧਾਰਾ 21 ਤਹਿਤ ਐੱਫ.ਆਈ.ਆਰ. ਨੰਬਰ 339 ਮਿਤੀ 4/8/2026 ਦਰਜ ਕੀਤੀ ਗਈ ਹੈ।

# ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਤਕਨਾਲੋਜੀ ਦੀ ਮਦਦ ਨਾਲ ਆਪਣੀ ਬੱਚਤ ਲਾਗਤ-ਤੋਂ-ਪ੍ਰੀਮੀਅਮ ਅਨੁਪਾਤ ਘਟ ਕਰ ਰਹੀ ਹੈ

**ਅੰਮ੍ਰਿਤਸਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ ਆਟੋਮੇਸ਼ਨ ਰਾਹੀਂ ਤਕਨਾਲੋਜੀ ਅਤੇ ਹੋਰ ਲਾਗਤ-ਘਟਾਉਣ ਦੇ ਉਪਾਵਾਂ ਵਿੱਚ ਲਗਾਤਾਰ ਨਿਵੇਸ਼ ਕੀਤਾ ਹੈ। ਨਤੀਜੇ ਵਜੋਂ, ਵਿੱਤੀ ਸਾਲ 2027 ਦੀ ਪਹਿਲੀ ਤਿਮਾਹੀ ਵਿੱਚ ਬੱਚਤ ਕਾਰੋਬਾਰ ਲਈ ਇਸਦਾ ਲਾਗਤ-ਤੋਂ-ਪ੍ਰੀਮੀਅਮ ਅਨੁਪਾਤ ਘੱਟ ਕੇ 13.6% ਹੋ ਗਿਆ। ਕੰਪਨੀ ਦੇ ਕਾਰੋਬਾਰੀ ਵਾਧੇ ਦੇ ਬਾਵਜੂਦ, ਇਹ ਪਿਛਲੇ ਸਾਲ ਦੇ ਮੁਕਾਬਲੇ 50 ਬੇਸਿਸ ਪੁਆਇੰਟ ਘੱਟ ਗਿਆ। ਇਸ ਵਿਕਾਸ 'ਤੇ ਟਿੱਪਣੀ ਕਰਦੇ ਹੋਏ, ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਦੇ ਮੁੱਖ ਤਕਨਾਲੋਜੀ ਅਧਿਕਾਰੀ ਸ਼੍ਰੀ ਗਣੇਸ਼ਨ ਸੌਂਦਿਰਮ ਨੇ ਕਿਹਾ, ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਵਿਖੇ, ਕੰਪਨੀ ਦੇ ਡਿਜੀਟਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੀਤੇ ਗਏ ਨਿਵੇਸ਼ਾਂ ਨੇ ਨਾ ਸਿਰਫ਼ ਸਾਡੇ ਗਾਹਕਾਂ ਨੂੰ ਸਸ਼ਕਤ ਬਣਾਇਆ ਹੈ, ਸਗੋਂ ਪਾਲਿਸੀ ਯਾਤਰਾ ਦੌਰਾਨ ਉਨ੍ਹਾਂ ਨੂੰ ਬਿਹਤਰ ਅਨੁਭਵ ਪ੍ਰਦਾਨ ਕਰਨ ਵਿੱਚ ਵੀ ਸਾਡੀ ਮਦਦ ਕੀਤੀ ਹੈ। ਅਸੀਂ ਗਾਹਕ ਪ੍ਰਾਪਤੀ, ਵਿਤਰਕ ਸਮਰੱਥਾ, ਸੇਵਾ ਡਿਲੀਵਰੀ ਅਤੇ ਸੰਚਾਲਨ ਕੁਸ਼ਲਤਾਵਾਂ ਨੂੰ ਬਿਹਤਰ ਬਣਾਉਣ ਲਈ ਏਆਈ, ਵਿਸ਼ਲੇਸ਼ਣ ਅਤੇ ਆਈਸੀਆਈਸੀਆਈ ਪ੍ਰੂ ਪਾਰਟਨਰ ਸਟੈਕ ਅਤੇ ਆਈਪੀਆਰਯੂ ਐਜ ਵਰਗੇ ਪਲੇਟਫਾਰਮਾਂ ਦਾ ਲਾਭ ਉਠਾ ਰਹੇ ਹਾਂ। ਜਦੋਂ ਅਸੀਂ ਆਪਣਾ ਤਕਨਾਲੋਜੀ ਸਟੈਕ ਬਣਾਇਆ, ਤਾਂ ਸਾਡਾ ਟੀਚਾ ਸਿਰਫ਼ ਆਟੋਮੇਸ਼ਨ ਨਹੀਂ ਸੀ। ਸਾਡਾ ਟੀਚਾ ਮੈਨੂਅਲ ਪ੍ਰਕਿਰਿਆਵਾਂ ਦੇ ਰਗੜ ਅਤੇ ਲਾਗਤਾਂ ਨੂੰ ਘਟਾਉਣਾ ਸੀ, ਇਸ ਤਰ੍ਹਾਂ ਗਾਹਕਾਂ ਨੂੰ ਬੱਚਤ ਨੂੰ ਬਿਹਤਰ ਢੰਗ ਨਾਲ ਪਾਸ ਕਰਨਾ ਅਤੇ ਤੇਜ਼ ਅਤੇ ਆਸਾਨ ਸੇਵਾ ਪ੍ਰਦਾਨ ਕਰਨਾ ਸੀ। ਇਹ ਪਹੁੰਚ ਹੁਣ ਸੰਚਾਲਨ ਕੁਸ਼ਲਤਾਵਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਰਹੀ ਹੈ। ਇਹ ਕੁਸ਼ਲਤਾਵਾਂ ਮੁੱਖ ਤੌਰ 'ਤੇ ਇਸ ਗੱਲ 'ਤੇ ਧਿਆਨ ਕੇਂਦਰਿਤ ਕਰਨ ਤੋਂ ਆਈਆਂ ਹਨ ਕਿ ਨੀਤੀ ਪ੍ਰਕਿਰਿਆ ਅਰਜ਼ੀ ਤੋਂ ਜਾਰੀ ਕਰਨ ਤੱਕ ਕਿਵੇਂ ਅੱਗੇ ਵਧਦੀ ਹੈ। ਵਿੱਤੀ ਸਾਲ 2027 ਦੀ ਪਹਿਲੀ ਤਿਮਾਹੀ ਵਿੱਚ, ਲਗਭਗ 58% ਪਾਲਿਸੀਆਂ ਡਿਜੀਟਲ ਕੇਵਾਈਸੀ ਦੀ ਵਰਤੋਂ ਕਰਕੇ ਜਾਰੀ ਕੀਤੀਆਂ ਗਈਆਂ ਸਨ, ਅਤੇ ਲਗਭਗ 54% ਬੱਚਤ ਪਾਲਿਸੀਆਂ ਉਸੇ ਦਿਨ ਜਾਰੀ ਕੀਤੀਆਂ ਗਈਆਂ ਸਨ। ਕੰਪਨੀ ਡਿਜੀਟਲ ਕਲੇਮ ਰਜਿਸਟ੍ਰੇਸ਼ਨ, ਵਟਸਐਪ ਰਾਹੀਂ ਰੀਅਲ-ਟਾਈਮ ਟਰੈਕਿੰਗ, ਅਤੇ ਏਆਈ-ਅਧਾਰਤ ਪ੍ਰੀ-ਕਲੇਮ ਅਸੈਸਮੈਂਟ ਅਤੇ ਪ੍ਰੋਸੈਸਿੰਗ ਰਾਹੀਂ ਤੇਜ਼ੀ ਨਾਲ ਕਲੇਮ ਸੈਟਲਮੈਂਟ ਦੀ ਸਹੂਲਤ ਦਿੰਦੀ ਹੈ।

ਏਆਈ-ਅਧਾਰਤ ਮਾਡਲ ਜੋ ਅੰਡਰਰਾਈਟਿੰਗ ਫੈਸਲਿਆਂ ਦਾ ਸਮਰਥਨ ਕਰਦੇ ਹਨ, ਪਾਲਿਸੀ ਨਿਰੰਤਰਤਾ ਦੀ ਭਵਿੱਖਬਾਣੀ ਕਰਨ ਅਤੇ ਦਾਅਵਿਆਂ ਦਾ ਮੁਲਾਂਕਣ ਕਰਨ ਲਈ ਵੀ ਵਰਤੇ ਜਾਂਦੇ ਹਨ। ਇਸ ਨਾਲ ਉਦਯੋਗ-ਮੋਹਰੀ ਕਲੇਮ ਸੈਟਲਮੈਂਟ ਅਨੁਪਾਤ 99.3% ਹੋ ਗਿਆ ਹੈ, ਜਿਸ ਵਿੱਚ ਵਿੱਤੀ ਸਾਲ 2027 ਦੀ ਪਹਿਲੀ ਤਿਮਾਹੀ ਦੌਰਾਨ ਇੱਕ ਗੈਰ-ਪ੍ਰਮਾਣਿਤ ਵਿਅਕਤੀਗਤ ਦਾਅਵੇ ਲਈ ਔਸਤਨ ਟਰਨਅਰਾਊਂਡ ਸਮਾਂ ਸਿਰਫ ਇੱਕ ਦਿਨ ਹੈ। ਰੋਜ਼ਾਨਾ ਸੇਵਾ ਦਾ ਇੱਕ ਮਹੱਤਵਪੂਰਨ ਹਿੱਸਾ ਕੰਪਨੀ ਦੇ ਏਆਈ-ਅਧਾਰਤ ਚੈਟਬੋਟ, ਆਸਕ ਖੁਸ਼ਮਨੀ ਦੁਆਰਾ ਸੰਭਾਲਿਆ ਜਾਂਦਾ ਹੈ। ਇਸ ਦੌਰਾਨ, ਨਵੀਨੀਕਰਨ ਰੀਮਾਈਂਡਰ ਇੱਕ ਬਹੁ-ਭਾਸ਼ਾਈ ਵੌਇਸ ਅਸਿਸਟੈਂਟ ਦੁਆਰਾ ਭੇਜੇ ਜਾਂਦੇ ਹਨ ਜੋ ਇੱਕ ਘੰਟੇ ਵਿੱਚ 50,000 ਗਾਹਕਾਂ ਤੱਕ ਪਹੁੰਚ ਸਕਦੇ ਹਨ। ਭਾਰਤੀ ਬੀਮਾ ਖੇਤਰ ਵਿੱਚ ਅਜਿਹੀਆਂ ਵਿਸ਼ੇਸ਼ਤਾਵਾਂ ਬਹੁਤ ਘੱਟ ਹਨ। ਵੰਡ ਦੇ ਮੋਰਚੇ 'ਤੇ, ਕੰਪਨੀ ਦੇ ਸਲਾਹਕਾਰ IPRU Edge ਸਲਾਹਕਾਰ ਐਪ ਵਰਗੇ ਸਾਧਨਾਂ ਦੀ ਵਰਤੋਂ ਕਰਦੇ ਹਨ। ਇਹ ਉਹਨਾਂ ਨੂੰ ਆਪਣੇ ਕਾਰੋਬਾਰ ਨੂੰ ਤੇਜ਼ੀ ਨਾਲ ਵਧਾਉਣ, ਕਾਰਜਾਂ ਦਾ ਪ੍ਰਬੰਧਨ ਕਰਨ, ਅਰਜ਼ੀ ਦੇ ਉਸੇ ਦਿਨ ਨੀਤੀਆਂ ਜਾਰੀ ਕਰਨ ਅਤੇ ਇੱਕ ਵਧੀਆ ਗਾਹਕ ਅਨੁਭਵ ਪ੍ਰਦਾਨ ਕਰਨ ਵਿੱਚ ਮਦਦ ਕਰਦਾ ਹੈ। ਜਿਵੇਂ ਕਿ ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਗਾਹਕ ਸੇਵਾ ਦੇ 25 ਸਾਲ ਮਨਾ ਰਹੀ ਹੈ, ਇਹ ਤਕਨਾਲੋਜੀ-ਅਧਾਰਤ ਪਹੁੰਚ ਆਉਣ ਵਾਲੇ ਸਾਲਾਂ ਵਿੱਚ ਕੰਪਨੀ ਦੀ ਮੁਨਾਫ਼ੇ ਵਿੱਚ ਵਾਧਾ ਕਰਨ ਦੀ ਰਣਨੀਤੀ ਲਈ ਮਹੱਤਵਪੂਰਨ ਬਣੀ ਹੋਈ ਹੈ।

# 68228 ਯੋਗਤਾ ਅਧਾਰਤ ਸਰਕਾਰੀ ਨੌਕਰੀਆਂ ਅਤੇ 1.83 ਲੱਖ ਕਰੋੜ ਰੁਪਏ ਦੇ ਨਿਵੇਸ਼ ਲਈ ਪੰਜਾਬ ਸਰਕਾਰ ਦੀ ਸ਼ਲਾਘਾ ਵਿੱਚ ਇਤਿਹਾਸਕ ਮਤਾ ਪਾਸ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਵੱਲੋਂ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਰੁਜ਼ਗਾਰ ਪੈਦਾ ਕਰਨ, ਪਾਰਦਰਸ਼ੀ ਸ਼ਾਸਨ ਅਤੇ ਵੱਡੇ ਪੱਧਰ 'ਤੇ ਉਦਯੋਗਿਕ ਵਿਕਾਸ ਵਿੱਚ ਇਤਿਹਾਸਕ ਪ੍ਰਾਪਤੀਆਂ ਲਈ, ਸ਼ਲਾਘਾ ਵਜੋਂ ਇੱਕ ਇਤਿਹਾਸਕ ਮਤਾ ਪਾਸ ਕੀਤਾ ਗਿਆ।

ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਪੇਸ਼ ਕੀਤੇ ਗਏ ਮਤੇ ਵਿੱਚ ਸੂਬਾ ਸਰਕਾਰ ਦੀ ਸਫਲ ਦੋ-ਨੁਕਾਤੀ ਰਣਨੀਤੀ ਦੀ ਸ਼ਲਾਘਾ ਕੀਤੀ ਗਈ। ਇਸ ਨੀਤੀ ਦਾ ਉਦੇਸ਼ ਸਰਕਾਰੀ ਭਰਤੀਆਂ ਵਿੱਚ ਪੂਰੀ ਪਾਰਦਰਸ਼ਤਾ ਬਹਾਲ ਕਰਨਾ ਅਤੇ ਨਿੱਜੀ ਖੇਤਰ ਦੀਆਂ ਸਥਾਈ ਨੌਕਰੀਆਂ ਪੈਦਾ ਕਰਨ ਲਈ ਮੈਗਾ ਉਦਯੋਗਿਕ ਨਿਵੇਸ਼ਾਂ ਨੂੰ ਆਕਰਸ਼ਿਤ ਕਰਨਾ ਹੈ।

ਭਰਤੀ ਪ੍ਰਣਾਲੀ ਦੇ ਇਤਿਹਾਸਕ ਸੁਧਾਰ 'ਤੇ ਬੋਲਦਿਆਂ, ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਰਕਾਰੀ ਨੌਕਰੀਆਂ ਦੇਣ ਵਿੱਚ ਦਹਾਕਿਆਂ ਪੁਰਾਣੇ ਸਿਫ਼ਾਰਸ਼ੀ, ਰਾਜਨੀਤਿਕ ਦਖਲ ਅਤੇ ਭ੍ਰਿਸ਼ਟਾਚਾਰ ਦੇ ਅਮਲ ਨੂੰ ਸਥਾਈ ਤੌਰ 'ਤੇ ਖਤਮ ਕਰ ਦਿੱਤਾ ਹੈ। ਪੱਖਪਾਤ ਨਾਲੋਂ ਯੋਗਤਾ ਨੂੰ ਤਰਜੀਹ ਦੇ ਕੇ, ਸਰਕਾਰ ਨੇ ਲੱਖਾਂ ਪੰਜਾਬੀ ਨੌਜਵਾਨਾਂ ਦਾ ਭਰੋਸਾ ਬਹਾਲ ਕੀਤਾ ਹੈ।

1 ਅਪ੍ਰੈਲ, 2022 ਤੋਂ, ਪੰਜਾਬ ਸਰਕਾਰ ਨੇ ਪੂਰੀ ਪਾਰਦਰਸ਼ਤਾ, ਭ੍ਰਿਸ਼ਟਾਚਾਰ ਮੁਕਤ ਅਤੇ ਯੋਗਤਾ-ਅਧਾਰਤ ਪ੍ਰਕਿਰਿਆ ਰਾਹੀਂ 68,228 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਮੁੱਖ ਸਰਕਾਰੀ ਭਰਤੀਆਂ ਵਿੱਚ ਸਕੂਲ ਸਿੱਖਿਆ ਵਿਭਾਗ ਵਿੱਚ ਭਰਤੀ ਕੀਤੇ ਗਏ 16,316 ਨੌਜਵਾਨ, ਗ੍ਰਹਿ ਵਿਭਾਗ ਵਿੱਚ ਭਰਤੀ ਕੀਤੇ ਗਏ 14,723 ਨੌਜਵਾਨ, ਬਿਜਲੀ ਵਿਭਾਗ ਵਿੱਚ ਭਰਤੀ ਕੀਤੇ ਗਏ 8,706 ਨੌਜਵਾਨ, ਸਥਾਨਕ ਸਰਕਾਰਾਂ ਵਿਭਾਗ ਵਿੱਚ ਭਰਤੀ ਕੀਤੇ ਗਏ 5,681 ਵਿਅਕਤੀ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ ਭਰਤੀ ਕੀਤੇ ਗਏ 4,758 ਵਿਅਕਤੀ ਸ਼ਾਮਲ ਹਨ। ਮਾਲੀਆ, ਡਾਕਟਰੀ ਸਿੱਖਿਆ, ਜਲ ਸਰੋਤ, ਖੇਤੀਬਾੜੀ ਅਤੇ ਹੋਰਾਂ ਸਮੇਤ ਮਹੱਤਵਪੂਰਨ ਖੇਤਰਾਂ ਵਿੱਚ ਹਜ਼ਾਰਾਂ ਵਾਧੂ ਨਿਯੁਕਤੀਆਂ ਵੀ ਕੀਤੀਆਂ ਗਈਆਂ। ਬੇਮਿਸਾਲ ਉਦਯੋਗਿਕ ਅਤੇ ਨਿੱਜੀ ਖੇਤਰ ਦੇ ਵਾਧੇ ਨੂੰ ਕਬੂਲਦਿਆਂ ਮਤੇ ਨੇ ਨੀਤੀ ਸਥਿਰਤਾ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਰਾਹੀਂ ਨਿੱਜੀ ਨਿਵੇਸ਼ ਨੂੰ ਆਕਰਸ਼ਿਤ ਕਰਨ ਵਿੱਚ ਰਾਜ ਦੀ ਸ਼ਾਨਦਾਰ ਸਫਲਤਾ ਨੂੰ ਉਜਾਗਰ ਕੀਤਾ। 16 ਮਾਰਚ, 2022 ਅਤੇ 31 ਜੁਲਾਈ, 2026 ਦੇ ਵਿਚਕਾਰ, ਪੰਜਾਬ ਨੇ 1,83,837 ਕਰੋੜ ਰੁਪਏ ਦੇ 9,899 ਨਿਵੇਸ਼ ਪ੍ਰਸਤਾਵ ਪ੍ਰਾਪਤ ਕੀਤੇ। ਇਨ੍ਹਾਂ ਪ੍ਰੋਜੈਕਟਾਂ ਤੋਂ ਰਾਜ ਭਰ ਦੇ ਨੌਜਵਾਨਾਂ ਲਈ 6,16,436 ਰੁਜ਼ਗਾਰ ਦੇ ਮੌਕੇ ਪੈਦਾ ਹੋਏ ਹਨ।

ਟਾਟਾ ਸਟੀਲ, ਐਚਐਮਈਐਲ ਆਰਗੈਨਿਕਸ, ਸੇਲ ਸੋਲਰ, ਅੰਬੂਜਾ ਸੀਮਿੰਟਸ, ਹੈਪੀ ਫੋਰਜਿੰਗਜ਼, ਵਰਧਮਾਨ ਸਪੈਸ਼ਲ ਸਟੀਲਜ਼, ਨੈਸਲੇ ਇੰਡੀਆ ਅਤੇ ਹੋਰਾਂ ਸਮੇਤ ਪ੍ਰਮੁੱਖ ਗਲੋਬਲ ਅਤੇ ਰਾਸ਼ਟਰੀ ਕਾਰਪੋਰੇਟ ਕੰਪਨੀਆਂ ਨੇ ਵੱਡੇ ਵਿਸਥਾਰ ਪ੍ਰੋਜੈਕਟਾਂ ਲਈ ਪੰਜਾਬ ਨੂੰ ਚੁਣਿਆ ਹੈ। ਇਹ ਨਿਵੇਸ਼ ਨਿਰਮਾਣ, ਸਟੀਲ, ਨਵਿਆਉਣਯੋਗ ਊਰਜਾ, ਫਾਰਮਾਸਿਊਟੀਕਲ, ਫੂਡ ਪ੍ਰੋਸੈਸਿੰਗ, ਆਈਟੀ, ਸਿਹਤ ਸੰਭਾਲ, ਲੌਜਿਸਟਿਕਸ ਅਤੇ ਸਿੱਖਿਆ ਵਰਗੇ ਮਹੱਤਵਪੂਰਨ ਉੱਚ-ਵਿਕਾਸ ਵਾਲੇ ਖੇਤਰਾਂ ਵਿੱਚ ਫੈਲੇ ਹੋਏ ਹਨ।

ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦਾ ਦੂਰਦਰਸ਼ੀ ਸ਼ਾਸਨ ਪੰਜਾਬ ਦੇ ਨੌਜਵਾਨਾਂ ਨੂੰ ਸਸ਼ਕਤ ਬਣਾਉਂਦਾ ਹੈ ਅਤੇ ਵਿਦੇਸ਼ਾਂ ਲਈ ਹੋ ਰਹੇ ਪ੍ਰਵਾਸ ਨੂੰ ਘਟਾਉਂਦਾ ਹੈ।

# ਅਖਿਲ ਭਾਰਤੀਆਂ ਰਵਿਦਾਸੀਆ ਧਰਮ ਸੰਗਠਨ ਦੀ ਹੋਈ ਮੀਟਿੰਗ



**ਮਾਛੀਵਾੜਾ ਸਾਹਿਬ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਖਿਲ ਭਾਰਤੀਆ ਰਵਿਦਾਸੀਆ ਧਰਮ ਸੰਗਠਨ (ਰਜਿ) ਭਾਰਤ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਪਰਮਿੰਦਰ ਰੱਲ ਦੀ ਅਗਵਾਈ ਹੇਠ ਪਿੰਡ ਲੱਖੋਵਾਲ ਕਲਾਂ ਵਿਖੇ ਹੋਈ। ਜਿਸ ਵਿੱਚ ਨਵੀਂ ਲੱਗੀ ਯੂਨਿਟ ਸਮਰਾਲਾ ਅਤੇ ਮਾਛੀਵਾੜਾ ਸਾਹਿਬ ਦੇ ਸਮੂਹ ਮੈਂਬਰਾਂ ਤੇ ਅਹੁਦੇਦਾਰਾਂ ਨੇ ਸਮੂਲੀਅਤ ਕੀਤੀ। ਪ੍ਰਧਾਨ ਪਰਮਿੰਦਰ ਰੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੀਟਿੰਗ ਵਿੱਚ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ ਅਤੇ ਉਨ੍ਹਾਂ ਨੂੰ ਪਿੰਡਾਂ ਅੰਦਰ ਨਵੀਆਂ ਯੂਨਿਟਾਂ ਲਾਉਣ ਲਈ ਪ੍ਰੇਰਿਤ ਵੀ ਕੀਤਾ ਗਿਆ।

ਉਹਨਾਂ ਨੇ ਕਿਹਾ ਕਿ ਅਖਿਲ ਭਾਰਤੀਆ ਰਵਿਦਾਸੀਆ ਸੰਗਠਨ ਦਾ ਮੁੱਖ ਮਕਸਦ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਘਰ ਘਰ ਤੱਕ ਪਹੁੰਚਾਉਣਾ ਹੈ। ਉਹਨਾਂ ਨੇ ਕਿਹਾ ਕਿ 2027 ਵਿੱਚ ਭਾਰਤ ਸਰਕਾਰ ਵੱਲੋਂ ਜੋ ਜਨਗਣਨਾ ਕਰਵਾਈ ਜਾ ਰਹੀ ਹੈ,ਉਸ ਵਿੱਚ ਰਵਿਦਾਸੀਆ ਧਰਮ ਦਾ ਕਾਲਮ ਬਣਿਆ ਹੋਵੇਗਾ ਤੇ ਰਵਿਦਾਸੀਆ ਧਰਮ ਹੀ ਲਿਖਾਉਣਾ ਹੈ। ਇਸ ਤੋਂ ਇਲਾਵਾ ਉਹਨਾਂ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਵਿਸ਼ਵ ਅੰਦਰ ਵੱਡੇ ਪੱਧਰ ਤੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸੇ ਤਹਿਤ ਉਹਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਪ੍ਰਕਾਸ਼ ਪੁਰਬ ਵਾਲੇ ਦਿਨ ਸੰਗਤਾਂ ਆਪਣੇ ਘਰਾਂ ਨੂੰ ਸਜਾਉਣ ਅਤੇ ਰਾਤ ਸਮੇਂ ਦੀ ਸਜਾਵਟ ਵੀ ਕਰਨ ਅਤੇ ਦੀਵੇ ਵੀ ਰਾਤ ਸਮੇਂ ਜਗਾਉਣ । ਉਨਾਂ ਨੇ ਇਲਾਕੇ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਸਾਡੀ ਇਸ ਸੰਸਥਾ ਨਾਲ ਜੁੜੋ। ਜਿਸ ਦਾ ਬਰਾਂਚ ਆਫਿਸ ਸੱਚਖੰਡ ਬੱਲਾਂ ਜਲੰਧਰ ਵਿਖੇ ਸੰਤ ਸ੍ਰੀ ਨਿਰੰਜਣ ਦਾਸ ਜੀ ਦੀ ਅਗਵਾਈ ਹੇਠ ਚੱਲ ਰਿਹਾ ਹੈ। ਅਖੀਰ ਇਸ ਮੀਟਿੰਗ ਵਿੱਚ ਪਹੁੰਚੇ ਸਾਰੇ ਪਤਵੰਤੇ ਸੱਜਣਾਂ ਦਾ ਉਪ ਪ੍ਰਧਾਨ ਕ੍ਰਿਸ਼ਨ ਲਾਲ ਤੇ ਗੁਰਪ੍ਰੀਤ ਮਰਾੜ ਨੇ ਧੰਨਵਾਦ ਕੀਤਾ। ਇਸ ਮੌਕੇ ਸਤੀਸ਼ ਕੁਮਾਰ, ਹਰਮੇਸ਼ ਕੁਮਾਰ, ਜਸਵੀਰ ਸਿੰਘ, ਦਲਵੀਰ ਚੰਦ, ਹਰਜਿੰਦਰ ਸਿੰਘ, ਕ੍ਰਿਸ਼ਨ ਸਿੰਘ,ਪਾਲ ਚੰਦ, ਸੁੱਖੀ ਰਾਮ, ਗੁਰਮੁਖ ਰਾਮ, ਦਿੱਗ ਵਿਜੇ, ਸੁਖਦੇਵ ਸਿੰਘ, ਸ਼ੀਤਲ ਰਾਮ,ਸੋਹਣ ਲਾਲ, ਗੁਰਦੀਪ ਸਿੰਘ,ਰਾਹੁਲ, ਪਰਮਿੰਦਰ ਰਾਮ ਤਿਲਕ ਰਾਮ ਆਦਿ ਮੌਜੂਦ ਸਨ।

# ਝਾੜ ਸਾਹਿਬ ਕਾਲਜ ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਧਾਰਮਿਕ ਸਮਾਗਮ ਨਾਲ ਕੀਤੀ ਗਈ





**ਮਾਛੀਵਾੜਾ ਸਾਹਿਬ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਵਿੱਚ ਕੇਵਲ ਲੜਕੀਆਂ ਲਈ ਸਫ਼ਲਤਾਪੂਰਵਕ ਚੱਲ ਰਹੀ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ ਵੱਲੋਂ ਨਵੇਂ ਵਿੱਦਿਅਕ ਸੈਸ਼ਨ 2026-27 ਦੀ ਆਰੰਭਤਾ ਕਾਲਜ ਪ੍ਰਿੰਸੀਪਲ ਡਾ.ਰਜਿੰਦਰ ਕੌਰ ਅਤੇ ਬੀਬੀ ਬਲਜਿੰਦਰ ਕੌਰ, ਧਾਰਮਿਕ ਅਧਿਆਪਕ ਦੀ ਅਗਵਾਈ ਹੇਠ ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾ ਕੇ ਕੀਤੀ ਗਈ। ਗੁਰਦੁਆਰਾ ਸ੍ਰੀ ਝਾੜ ਸਾਹਿਬ ਵਿਖੇ ਕਰਵਾਏ ਗਏ ਸਮਾਗਮ ਵਿੱਚ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਕਾਲਜ ਦੇ ਸੰਗੀਤ ਵਿਭਾਗ ਦੇ ਪ੍ਰੋਫੈਸਰ ਡਾ.ਅਮਨਪ੍ਰੀਤ ਕੌਰ ਕੰਗ ਅਤੇ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ.ਰਜਿੰਦਰ ਕੌਰ ਨੇ ਦਾਖਲਾ ਲੈਣ ਵਾਲੀਆਂ ਸਾਰੀਆਂ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ ਤੇ ਅਕਾਦਮਿਕ ਖੇਤਰ ਵਿੱਚ ਨਾਮਣਾ ਖੱਟਣ ਵਾਲੀਆਂ ਵਿਦਿਆਰਥਣਾਂ ਦੀ ਪ੍ਰਸ਼ੰਸਾ ਕਰਦੇ ਹੋਏ ਹੋਣਹਾਰ ਵਿਦਿਆਰਥਣਾਂ ਦਾ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਪਟਿਆਲਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਵਿਸ਼ੇਸ਼ ਸਨਮਾਨ ਕਰਨ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਉਹਨਾਂ ਕਿਹਾ ਕਿ ਵਿਦਿਆਰਥੀ ਜੀਵਨ ਵਿੱਚ ਸਖ਼ਤ ਮਿਹਨਤ ਕਰਦਿਆਂ ਹੀ ਮੰਜ਼ਿਲਾਂ ਨੂੰ ਹਾਸਲ ਕੀਤਾ ਜਾ ਸਕਦਾ ਹੈ ਜਿਸ ਦੀ ਸ਼ੁਰੂਆਤ ਸਕੂਲੀ ਪੜ੍ਹਾਈ ਤੋਂ ਹੁੰਦੀ ਹੈ ਪਰ ਸੁਪਨਿਆਂ ਨੂੰ ਖੰਭ ਕਾਲਜ ਵਿੱਚ ਆ ਕੇ ਲਗਦੇ ਹਨ। ਉਹਨਾਂ ਅੰਦਰਲੇ ਵਿਕਾਰਾਂ ਨੂੰ ਤਿਆਗ ਕੇ ਸਦਗੁਣ ਅਪਨਾਉਣ ਦਾ ਸੁਨੇਹਾ ਵੀ ਦਿੱਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਪਰਮਜੀਤ ਸਿੰਘ ਢਿੱਲੋਂ ਹਲਕਾ ਇੰਚਾਰਜ ਸਮਰਾਲਾ ਸ਼੍ਰੋਮਣੀ ਅਕਾਲੀ ਦਲ ਅਤੇ ਮੈਂਬਰ ਕਾਲਜ ਲੋਕਲ ਮੈਨੇਜਮੈਂਟ ਕਮੇਟੀ ਨੇ ਵਿਦਿਆਰਥਣਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੇ ਹੋਏ ਉਹਨਾਂ ਨੂੰ ਹਰ ਖੇਤਰ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਉਹਨਾਂ ਕਿਹਾ ਕਿ ਸਿੱਖਿਆ ਸਿਰਫ਼ ਡਿਗਰੀ ਪ੍ਰਾਪਤ ਕਰਨ ਦਾ ਸਾਧਨ ਨਹੀ ਸਗੋਂ ਚੰਗੇ ਚਰਿੱਤਰ ਨਿਰਮਾਣ, ਸੋਚ ਅਤੇ ਸਮਾਜ ਸੇਵਾ ਦਾ ਆਧਾਰ ਹੈ। ਉਹਨਾਂ ਇਮਾਨਦਾਰੀ, ਨਿਮਰਤਾ,ਸਤਿਕਾਰ ਅਤੇ ਜ਼ਿੰਮੇਵਾਰੀ ਵਰਗੇ ਗੁਣਾਂ ਨੂੰ ਜੀਵਨ ਵਿੱਚ ਅਪਣਾਉਣ ਦੀ ਪ੍ਰੇਰਨਾ ਦਿੱਤੀ।

ਬੀਬੀ ਪਰਮਜੀਤ ਕੌਰ ਕੰਗ ਸਾਬਕਾ ਕੌਂਸਲਰ ਸਮਰਾਲਾ ਵੱਲੋਂ ਕਾਲਜ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦੇ ਹੋਏ ਕਾਲਜ ਵਿਦਿਆਰਥਣਾਂ, ਪ੍ਰਿੰਸੀਪਲ, ਸਟਾਫ਼ ਅਤੇ ਮੈਨੇਜਮੈਂਟ ਦੇ ਅਣਥੱਕ ਯਤਨਾਂ ਨੂੰ ਵਡਿਆਇਆ ਗਿਆ। ਸਾਹਰ ਕੌਰ ਸਿੱਧੂ ਪ੍ਰਧਾਨ, ਇਸਤਰੀ ਵਿੰਗ ਸ਼੍ਰੋਮਣੀ ਅਕਾਲੀ ਦਲ, ਸਮਰਾਲਾ ਨੇ ਵਿਦਿਆਰਥਣਾਂ ਨੂੰ ਜੀਵਨ ਵਿੱਚ ਚੰਗੇ ਮੁਕਾਮ ਹਾਸਲ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਕਾਲਜ, ਮਾਪਿਆਂ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਲਈ ਹੱਲਾਸ਼ੇਰੀ ਦਿੱਤੀ। ਕਾਲਜ ਦੀ ਲੋਕਲ ਕਮੇਟੀ ਦੇ ਆਨਰੇਰੀ ਐਡੀਸ਼ਨਲ ਸਕੱਤਰ ਹਰਜਤਿੰਦਰ ਸਿੰਘ ਬਾਜਵਾ ਨੇ ਸਮਾਗਮ ਵਿੱਚ ਪੁੱਜੀਆਂ ਸਖ਼ਸ਼ੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਾਲਜ ਵਿਖੇ ਕਿਸੇ ਵੀ ਕਾਰਜ ਦਾ ਆਰੰਭ ਗੁਰੂ ਸਾਹਿਬ ਦਾ ਓਟ ਆਸਰਾ ਲੈ ਕੇ ਕੀਤਾ ਜਾਂਦਾ ਹੈ 'ਤੇ ਅੱਜ ਦੇ ਸਮਾਗਮ ਵੀ ਨਵੇਂ ਸੈਸ਼ਨ ਦੀ ਆਰੰਭਤਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸ਼ੀਰਵਾਦ ਪ੍ਰਾਪਤ ਕਰਨ ਤੇ ਕਾਲਜ ਦੀ ਚੜ੍ਹਦੀ ਕਲਾ ਲਈ ਆਯੋਜਿਤ ਕੀਤੇ ਗਏ ਹਨ। ਇਸ ਮੌਕੇ ਅਵਤਾਰ ਸਿੰਘ ਰਿਆ ਸਾਬਕਾ ਜੂਨੀਅਰ ਪ੍ਰਧਾਨ ਅਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ ਦੇ ਮੀਤ ਪ੍ਰਧਾਨ .ਹਰਦੀਪ ਸਿੰਘ ਬਹਿਲੋਲਪੁਰ, ਅਮਰੀਕ ਸਿੰਘ ਹੇੜੀਆਂ, ਚਰਨਜੀਤ ਸਿੰਘ ਲੱਖੇਵਾਲ ਮੈਂਬਰ ਲੋਕਲ ਮੈਨੇਜਮੈਂਟ ਕਮੇਟੀ ਸੁਰਿੰਦਰ ਕੌਰ, ਪ੍ਰਕਾਸ਼ ਕੌਰ (ਸਾਬਕਾ ਕੌਂਸਲਰ ਸਮਰਾਲਾ) ਤੇਜਿੰਦਰ ਕੌਰ ਢਿੱਲੋਂ, ਅਮਨਦੀਪ ਸਿੰਘ ਰਾਜੂ ਕੌਂਸਲਰ ਸਮਰਾਲਾ ਅਤੇ ਇਲਾਕੇ ਵਿੱਚੋਂ ਹੋਰ ਪਤਵੰਤੇ ਸੱਜਣਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਸ੍ਰੀ ਝਾੜ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਜਗਤਾਰ ਸਿੰਘ, ਕਾਲਜ ਸਟਾਫ਼ ਅਤੇ ਵਿਦਿਆਰਥਣਾਂ ਵੀ ਇਸ ਸਮਾਗਮ ਵਿੱਚ ਸ਼ਾਮਿਲ ਹੋਈਆਂ। ਡਾ.ਮਨਦੀਪ ਕੌਰ ਵੱਲੋਂ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ ਗਈ।

# ਮਾਛੀਵਾੜਾ ਪੁਲਿਸ ਵੱਲੋਂ ਹੈਰੋਇਨ ਸਮੇਤ 2 ਕਾਬੂ

**ਮਾਛੀਵਾੜਾ ਸਾਹਿਬ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਪੁਲਸ ਵਲੋਂ 2 ਵੱਖ-ਵੱਖ ਮਾਮਲਿਆਂ ਵਿਚ ਹੈਰੋਇਨ ਸਮੇਤ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜਮਾਂ ਦੀ ਪਹਿਚਾਣ ਸਵਰਨ ਸਿੰਘ ਵਾਸੀ ਚੌਂਤਾ ਅਤੇ ਦਿਲਪ੍ਰੀਤ ਸਿੰਘ ਵਾਸੀ ਰਾਣਵਾਂ ਵਜੋਂ ਹੋਈ ਹੈ। ਥਾਣਾ ਮੁਖੀ ਚਰਨਜੀਤ ਸਿੰਘ ਨੇ ਦੱਸਿਆ ਕਿ ਪੁਲਸ ਵਲੋਂ ਗਸ਼ਤ ਕੀਤੀ ਜਾ ਰਹੀ ਸੀ ਕਿ ਥਾਣਾ ਨੇੜ੍ਹੇ ਇੱਕ ਵਿਅਕਤੀ ਪੁਲਸ ਨੂੰ ਦੇਖ ਕੇ ਸ਼ੱਕੀ ਹਾਲਤ ਵਿਚ ਮੁੜਨ ਲੱਗਾ। ਪੁਲਸ ਵਲੋਂ ਜਦੋਂ ਉਸ ਨੂੰ ਕਾਬੂ ਕੀਤਾ ਤਾਂ ਉਸਨੇ ਆਪਣਾ ਨਾਮ ਦਿਲਪ੍ਰੀਤ ਸਿੰਘ ਦੱਸਿਆ ਜਿਸ ਪਾਸੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ। ਦੂਸਰੇ ਮਾਮਲੇ ਵਿਚ ਵੀ ਪੁਲਸ ਪਾਰਟੀ ਵਲੋਂ ਗਸ਼ਤ ਦੌਰਾਨ ਪਿੰਡ ਭੱਟੀਆਂ ਨੇੜ੍ਹੇ ਇੱਕ ਵਿਅਕਤੀ ਨੂੰ ਸ਼ੱਕ ਦੇ ਅਧਾਰ 'ਤੇ ਰੋਕਿਆ ਜਿਸ ਦੀ ਪਹਿਚਾਣ ਸਵਰਨ ਸਿੰਘ ਵਜੋਂ ਹੋਈ ਅਤੇ ਤਲਾਸ਼ੀ ਦੌਰਾਨ ਉਸ ਕੋਲੋਂ 11 ਗ੍ਰਾਮ 200 ਮਿਲੀਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਮੁਖੀ ਅਨੁਸਾਰ ਉਕਤ ਦੋਵੇਂ ਕਥਿਤ ਦੋਸ਼ੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਕਿਸਾਨ ਮਜ਼ਦੂਰ ਐਸੋਸੀਏਸ਼ਨ ਪੰਜਾਬ ਦਾ ਪੱਕਾ ਮੋਰਚਾ 31ਵੇਂ ਦਿਨ ਵਿੱਚ ਦਾਖਲ



**ਸੰਗਰੂਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭੱਠਾ ਮਜ਼ਦੂਰਾਂ ਨੂੰ ਕਿਰਤ ਵਿਭਾਗ ਵੱਲੋਂ ਜਾਰੀ ਕਾਨੂੰਨੀ ਉਜਰਤਾਂ ਲਾਗੂ ਕਰਵਾਉਣ, Code on Wages, 2019 ਦੀ ਪਾਲਣਾ ਯਕੀਨੀ ਬਣਾਉਣ ਅਤੇ ਭੱਠਾ ਮਾਲਕਾਂ ਤੋਂ ਕਾਨੂੰਨੀ ਲਿਖਤੀ ਮੈਮੋਰੈਂਡਮ ਕਰਵਾਉਣ ਦੀ ਮੰਗ ਨੂੰ ਲੈ ਕੇ ਕਿਸਾਨ ਮਜ਼ਦੂਰ ਐਸੋਸੀਏਸ਼ਨ ਪੰਜਾਬ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਸੰਗਰੂਰ ਅੱਗੇ ਲਗਾਇਆ ਗਿਆ ਪੱਕਾ ਮੋਰਚਾ ਅੱਜ 31ਵੇਂ ਦਿਨ ਵਿੱਚ ਦਾਖਲ ਹੋ ਗਿਆ।

ਇਸ ਮੌਕੇ ਸੂਬਾ ਪ੍ਰਧਾਨ ਕੁਲਦੀਪ ਸਿੰਘ ਨੀਟੂ ਕੋਟ ਧਰਮੂੰ ਅਤੇ ਜ਼ਿਲ੍ਹਾ ਪ੍ਰਧਾਨ ਦਿਲਵਰ ਖ਼ਾਂ ਨੇ ਕਿਹਾ ਕਿ ਪਿਛਲੇ ਛੇ ਮਹੀਨਿਆਂ ਤੋਂ ਮਜ਼ਦੂਰ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਕਿਰਤ ਵਿਭਾਗ, ਜ਼ਿਲ੍ਹਾ ਪ੍ਰਸ਼ਾਸਨ ਅਤੇ ਹੋਰ ਸਬੰਧਤ ਅਧਿਕਾਰੀਆਂ ਕੋਲ ਲਗਾਤਾਰ ਗੁਹਾਰ ਲਗਾ ਰਹੇ ਹਨ।

ਪਿਛਲੇ 31 ਦਿਨਾਂ ਤੋਂ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਸ਼ਾਂਤਮਈ ਪੱਕਾ ਮੋਰਚਾ ਜਾਰੀ ਹੋਣ ਦੇ ਬਾਵਜੂਦ ਵੀ ਕਿਰਤ ਵਿਭਾਗ ਅਤੇ ਪ੍ਰਸ਼ਾਸਨ ਵੱਲੋਂ ਕੋਈ ਠੋਸ ਹੱਲ ਨਹੀਂ ਕੀਤਾ ਗਿਆ।

ਆਗੂਆਂ ਨੇ ਕਿਹਾ ਕਿ ਕਿਰਤ ਵਿਭਾਗ ਵੱਲੋਂ ਜਾਰੀ ਉਜਰਤ ਦਰਾਂ ਅਨੁਸਾਰ ਭੱਠਾ ਮਜ਼ਦੂਰਾਂ ਨੂੰ ਪ੍ਰਤੀ ਹਜ਼ਾਰ ਇੱਟ 360 ਰੁਪਏ ਬਣਦੇ ਹਨ, ਪਰ ਸੂਬੇ ਦੇ ਬਹੁਤੇ ਭੱਠਿਆਂ 'ਤੇ ਅੱਜ ਵੀ ਸਿਰਫ਼ 240 ਤੋਂ 260 ਰੁਪਏ ਹੀ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇੱਕ ਪਾਸੇ ਇੱਟਾਂ ਦੇ ਭਾਅ ਵਿੱਚ ਹਜ਼ਾਰਾਂ ਰੁਪਏ ਦਾ ਵਾਧਾ ਹੋ ਚੁੱਕਾ ਹੈ, ਪਰ ਦੂਜੇ ਪਾਸੇ ਮਜ਼ਦੂਰਾਂ ਨੂੰ ਉਨ੍ਹਾਂ ਦਾ ਕਾਨੂੰਨੀ ਹੱਕ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਜਿਸ ਕਾਰਨ Code on Wages ਦੀ ਵੱਡੇ ਪੱਧਰ 'ਤੇ ਉਲੰਘਣਾ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਹੁਣ ਵੀ ਮਜ਼ਦੂਰਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸੇ ਤਹਿਤ ਕਿਸਾਨ ਮਜ਼ਦੂਰ ਐਸੋਸੀਏਸ਼ਨ ਪੰਜਾਬ ਨੇ ਐਲਾਨ ਕੀਤਾ ਕਿ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜੱਦੀ ਪਿੰਡ ਸਤੌਜ ਵਿਖੇ ਭੱਠਾ ਮਜ਼ਦੂਰ ਵੱਡੀ ਗਿਣਤੀ ਵਿੱਚ ਪਹੁੰਚ ਕੇ ਸੱਥ ਲਗਾਉਣਗੇ ਅਤੇ ਪੰਜਾਬ ਸਰਕਾਰ ਦਾ ਧਿਆਨ ਆਪਣੇ ਲੰਬੇ ਸਮੇਂ ਤੋਂ ਲਟਕਦੇ ਮਸਲੇ ਵੱਲ ਖਿੱਚਣਗੇ।

ਆਗੂਆਂ ਨੇ ਕਿਹਾ ਕਿ ਜਥੇਬੰਦੀ ਦਾ ਸੰਘਰਸ਼ ਪੂਰੀ ਤਰ੍ਹਾਂ ਸ਼ਾਂਤਮਈ ਅਤੇ ਲੋਕਤੰਤਰੀ ਢੰਗ ਨਾਲ ਚੱਲ ਰਿਹਾ ਹੈ ਅਤੇ ਜਦੋਂ ਤੱਕ ਭੱਠਾ ਮਜ਼ਦੂਰਾਂ ਨੂੰ ਉਨ੍ਹਾਂ ਦੇ ਬਣਦੇ ਕਾਨੂੰਨੀ ਹੱਕ ਅਤੇ ਸਰਕਾਰ ਵੱਲੋਂ ਨਿਰਧਾਰਤ ਉਜਰਤਾਂ ਨਹੀਂ ਮਿਲਦੀਆਂ, ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ।

ਇਸ ਮੌਕੇ ਵੱਡੀ ਗਿਣਤੀ ਵਿੱਚ ਭੱਠਾ ਮਜ਼ਦੂਰ ਹਾਜ਼ਰ ਸਨ।

# ਬੀਮਾ ਕਰਾਓ ਬੇਫ਼ਿਕਰ ਰਹੋ

ਹਾਊਸਹੋਲਡ ਇੰਸ਼ੋਰੈਂਸ ਪਾਲਿਸੀ ’ਚ ਘਰ ਅਤੇ ਉਸ ’ਚ ਰੱਖੇ ਹਰ ਤਰ੍ਹਾਂ ਦੇ ਸਾਮਾਨ ਦਾ ਬੀਮਾ ਸ਼ਾਮਿਲ ਹੁੰਦਾ ਹੈ। ਇਸ ’ਚ 10 ਸੈਕਸ਼ਨ ਦਿੱਤੇ ਗਏ ਹਨ। ਅੱਗ, ਚੋਰੀ, ਫਿਸਫੋਟ, ਹੜ੍ਹ, ਤੂਫ਼ਾਨ, ਭੂਚਾਲ ਅਤੇ ਦੂਜੀਆਂ ਕੁਦਰਤੀ ਆਫ਼ਤਾਂ ਤੋਂ ਹੋਣ ਵਾਲੇ ਨੁਕਸਾਨ ਦੀ ਭਰਪਾਈ ਵੀ ਇਸ ਤਹਿਤ ਹੁੰਦਾ ਹੈ। ਇਹ ਪਾਲਿਸੀ ਲੈਣ ਵਾਲੇ ’ਤੇ ਨਿਰਭਰ ਕਰਦਾ ਹੈ ਕਿ ਉਹ ਘਰ ’ਚ ਰੱਖੀਆਂ ਕਿਹੜੀਆਂ-ਕਿਹੜੀਆਂ ਚੀਜ਼ਾਂ ਦਾ ਬੀਮਾ ਕਰਵਾਉਣਾ ਚਾਹੁੰਦਾ ਹੈ। ਘਰ ’ਚ ਰੱਖੇ ਹਰ ਸਾਮਾਨ ਨੂੰ ਇਸ ਪਾਲਿਸੀ ’ਚ ਕਵਰ ਕੀਤਾ ਜਾ ਸਕਦਾ ਹੈ। ਜੋ ਚੀਜ਼ਾਂ ਤੁਹਾਨੂੰ ਤੋਹਫ਼ੇ ’ਚ ਮਿਲੀਆਂ ਹਨ, ਉਨ੍ਹਾਂ ਦਾ ਵੀ ਇੰਸ਼ੋਰੈਂਸ ਕਰਾ ਸਕਦੇ ਹੋ। ਕਿਰਾਏਦਾਰ ਨੂੰ ਵੀ ਆਪਣੇ ਹਰ ਸਾਮਾਨ ਦਾ ਇੰਸ਼ੋਰੈਂਸ ਕਰਵਾਉਣਾ ਚਾਹੀਦਾ ਹੈ। ਘਰ ਛੱਡ ਕੇ ਉਹ ਹਰ ਸਾਮਾਨ ਦਾ ਬੀਮਾ ਕਰਵਾ ਸਕਦਾ ਹੈ।

ਘਰ ’ਚ ਰੱਖੇ ਸਾਮਾਨ ਦੀ ਕੀਮਤ ਦਾ ਅੰਦਾਜ਼ਾ ਖ਼ੁਦ ਵੀ ਲਗਾ ਸਕਦੇ ਹੋ। ਸਭ ਤੋਂ ਪਹਿਲਾਂ ਘਰ ’ਚ ਰੱਖੀਆਂ ਹਰ ਚੀਜ਼ਾਂ ਦੀ ਲਿਸਟ ਬਣਾਓ, ਜਿਸ ਦਾ ਤੁਸੀਂ ਬੀਮਾ ਕਰਵਾਉਣਾ ਚਾਹੁੰਦੇ ਹੋ। ਸਾਮਾਨ ਦੀ ਕੀਮਤ ਦਾ ਮੂਲਾਂਕਣ ਉਸ ਦੀ ਮੌਜੂਦਾ ਬਾਜ਼ਾਰ ਕੀਮਤ ’ਤੇ ਹੁੰਦਾ ਹੈ। ਇਸ ਨੂੰ ਰਿਪਲੇਸਮੈਂਟ ਵੈਲਿਊ ਕਹਿੰਦੇ ਹਨ। ਇਸ ਤੋਂ ਭਾਵ ਹੈ ਕਿ ਜੇ ਇਸ ਸਾਮਾਨ ਦੇ ਨੁਕਸਾਨ ਲਈ ਕਲੇਮ ਕੀਤਾ ਜਾਂਦਾ ਹੈ ਤਾਂ ਉਸ ਸਾਮਾਨ ਦੇ ਨਵੇ ਸੈੱਟ ਦੀ ਕੀਮਤ ਤੋਂ ਡੇਪਰੀਸੀਏਸ਼ਨ ਰਕਮ ਘਟਾ ਕੇ ਜੋ ਰਾਸ਼ੀ ਬਚੇਗੀ, ਉਸ ਦੀ ਪੇਮੈਂਟ ਹੋਵੇਗੀ।

ਉਦਾਹਰਨ ਲਈ ਤੁਸੀਂ ਟੀ.ਵੀ ਦਾ ਇੰਸ਼ੋਰੈਂਸ ਕਰਵਾਇਆ ਹੈ। ਮੰਨ ਲਓ, ਇਸ ਦੀ ਵਰਤਮਾਨ ਕੀਮਤ ਕਰੀਬ 20 ਹਜ਼ਾਰ ਰੁਪਏ ਹੈ ਤਾਂ ਤੁਸੀਂ ਇਸ ਰਕਮ ਦੇ ਹਿਸਾਬ ਨਾਲ ਹੀ ਪ੍ਰੀਮੀਅਣ ਭਰੋਗੇ। ਪ੍ਰੀਮੀਅਮ ਕੀ ਹੁੰਦਾ ਹੈ, ਇਹ ਕੰਪਨੀ ’ਤੇ ਨਿਰਭਰ ਹੈ। ਹੁਣ ਮੰਨ ਲਓ ਕਿ ਟੀ.ਵੀ ਤਿੰਨ ਸਾਲ ਬਾਅਦ ਚੋਰੀ ਹੋ ਗਿਆ ਤਾਂ ਤਿੰਨ ਸਾਲ ਦਾ ਡੇਪਰੀਸੀਏਸ਼ਨ ਘਟਾਉਣ ਬਾਅਦ ਕੰਪਨੀ ਕਲੇਮ ਦਿੰਦੀ ਹੈ। ਡੇਪਰੀਸੀਏਸ਼ਨ ਫਿਕਸਡ ਹੁੰਦਾ ਹੈ ਅਤੇ ਇਹ ਸਾਮਾਨ ਦੀ ਉਮਰ ਦੇ ਆਧਾਰ ’ਤੇ ਘੱਟਦਾ ਜਾਂਦਾ ਹੈ। •

## ਪਾਲਿਸੀ ਲੈਣ ਸਮੇਂ ਰੱਖੋ ਧਿਆਨ

- ਹੋਮ ਇੰਸ਼ੋਰੈਂਸ ਪਾਲਿਸੀ ਲੈਣ ਤੋਂ ਪਹਿਲਾਂ ਪਤਾ ਕਰ ਲਓ ਕਿ ਪਲਾਨ ਤਹਿਤ ਤੁਹਾਡੇ ਘਰ ਦੀਆਂ ਕਿਹੜੀਆਂ-ਕਿਹੜੀਆਂ ਚੀਜ਼ਾਂ ਕਵਰ ਹੋ ਰਹੀਆਂ ਹਨ।
- ਇੰਸ਼ੋਰੈਂਸ ਲੈਂਦੇ ਸਮੇਂ ਕਲੇਮ ਦਾ ਤਰੀਕਾ ਸਮਝਣਾ ਜ਼ਰੂਰੀ ਹੈ ਇਸ ਲਈ ਇਹ ਜਾਣੋ ਕਿ ਕੰਪਨੀ ਜਿੰਨੀ ਪੈਸਾ ਦੱਸ ਰਹੀ ਹੈ, ਉਹ ਸਾਰਾ ਪੈਸਾ ਕਲੇਮ ਦੇ ਰੂਪ ’ਚ ਮਿਲੇਗਾ ਜਾਂ ਉਸ ਦਾ ਕੁਝ ਹੀ ਹਿੱਸਾ ਮਿਲੇਗਾ।
- ਇਹ ਨਿਸ਼ਚਿਤ ਕਰੋ ਕਿ ਇੰਸ਼ੋਰੈਂਸ ਕੰਪਨੀ ਜਾਂਚ ਕਰਦੀ ਹੈ ਕਿ ਜਿਸ ਚੀਜ਼ ਦਾ ਤੁਹਾਨੂੰ ਨੁਕਸਾਨ ਹੋਇਆ ਹੈ, ਉਹ ਅਸਲ ’ਚ ਤੁਹਾਡੀ ਸੀ ਜਾਂ ਨਹੀ? ਇਸ ਲਈ ਪਾਲਿਸੀ ਕਰਾਉਂਦੇ ਸਮੇਂ ਜੋ ਵੀ ਸਾਮਾਨ ਕਵਰਡ ਕਰਵਾ ਰਹੇ ਹੋ, ਉਸ ਦੀ ਵੀਡੀਓ ਜ਼ਰੂਰ ਬਣਾਓ।
- ਬੀਮਾ ਕਰਵਾਉਂਦੇ ਸਮੇਂ ਸਾਮਾਨ ਦੀ ਜੋ ਕੀਮਤ ਦੱਸੀ ਸੀ, ਉਹ ਸਹੀ ਹੈ ਜਾਂ ਗ਼ਲਤ, ਇਸ ਦਾ ਸਬੂਤ ਪਾਸ ਹੋਣਾ ਚਾਹੀਦਾ ਹੈ।





# ਜੇ ਚਾਹੁੰਦੇ ਹੋ ਘਰ ’ਚ ਖ਼ੁਸ਼ਹਾਲੀ

ਵਾਸਤੂ ਦੇ ਇਨ੍ਹਾਂ ਨਿਯਮਾਂ ਨੂੰ ਅਪਣਾ ਕੇ ਪਰਿਵਾਰ ’ਚ ਸੁੱਖ, ਸ਼ਾਂਤੀ ਤੇ ਵਪਾਰਕ ਸੰਸਥਾਵਾਂ ਨੂੰ ਵਧੀਆ ਬਣਾਇਆ ਜਾ ਸਕਦਾ ਹੈ।

- ਸ਼ਿਵਲਿੰਗ ਦੀ ਪੂਜਾ ਕਰੋ। ਇਹ ਅਸਲੀ ਹੋਈ ਤਾਂ ਉਸ ਦਾ ਪ੍ਰਭਾਵ ਜ਼ਿਆਦਾ ਪਵੇਗਾ।
- ਘਰ ਬਣਾਉਂਦੇ ਸਮੇਂ ਦਰਵਾਜ਼ੇ ਤੇ ਖਿੜਕੀਆਂ ਦਾ ਖ਼ਾਸ ਧਿਆਨ ਰੱਖੋ।- ਬਾਥਰੂਮ ਤੇ ਰਸੋਈ ਦਾ ਦਰਵਾਜ਼ਾ ਆਹਮਣੇ-ਸਾਹਮਣੇ ਨਾ ਹੋਵੇ।
- ਗਣੇਸ਼ ਜੀ ਦੀ ਇਕ ਤੋਂ ਜ਼ਿਆਦਾ ਮੂਰਤੀ ਹੋਵੇ ਤਾਂ ਕੋਈ ਫ਼ਰਕ ਨਹੀਂ ਪਰ ਪੂਜਾ ਇਕ ਹੀ ਗਣੇਸ਼ ਦੀ ਹੋਵੇ।
- ਘਰ ਦੇ ਬਾਹਰ ਜਾਂ ਅੰਦਰ ਦੇਵੀ ਦੇਵਤਿਆਂ ਦੀ ਮੂਰਤੀ ਜ਼ਰੂਰ ਲਗਾਏ।
- ਘਰ ਦੇ ਡ੍ਰਾਇੰਗਰੂਮ ’ਚ ਮੋਰ, ਬਾਂਦਰ, ਗਾਂ ਆਦਿ ਦੇ ਲਈ ਚਿੱਤਰ ਜਾਂ ਮੂਰਤੀ ਦੇ ਰੂਪ ’ਚ ਕਿਸੇ ਇਕ ਦਾ ਜੋੜਾ ਰੱਖੋ ਜਿਸ ਦਾ ਮੂੰਹ ਘਰ ਦੇ ਅੰਦਰ ਹੋਵੇਗਾ ਤਾਂ ਬਹੁਤ ਹੀ ਸ਼ੁੱਭ ਹੋਵੇਗਾ।
- ਆਪਣੀ ਧਨ ਵਾਲੀ ਪੇਟੀ ’ਚ ਤਿੰਨ ਸਿੱਕੇ ਰੱਖੋ ਇਹ ਰੱਖਣ ਨਾਲ ਤੁਹਾਨੂੰ ਬਹੁਤ ਫ਼ਾਇਦਾ ਮਿਲੇਗਾ।
- ਆਪਣੇ ਘਰ ਦੀ ਸੁੱਖ ਸ਼ਾਂਤੀ ਲਈ ਆਪਣੀ ਬੈਠਕ ’ਚ ਪੀਰਾਮਿਡ ਨੂੰ ਉੱਤਰ-ਪੂਰਵ ’ਚ ਰੱਖੋ। •

***ਵਸੀਅਤ ਨੂੰ ਜੀਵਨ ਦਾ ਹਿੱਸਾ ਬਣਾਉਣਾ ਜ਼ਰੂਰੀ ਹੈ। ਜੇ ਤੁਸੀਂ ਵਸੀਅਤ ਬਣਾ ਲੈਂਦੇ ਹੋ ਤਾਂ ਤੁਹਾਡੇ ਜਾਣ ਤੋਂ ਬਾਅਦ ਪ੍ਰਾਪਰਟੀ ਨੂੰ ਲੈ ਕੇ ਪਰਿਵਾਰ ’ਚ ਲੜਾਈ-ਝਗੜਾ ਨਹੀਂ ਹੁੰਦਾ। ਇਸ ਨਾਲ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਸਹੀ ਹੱਕ ਮਿਲ ਜਾਂਦਾ ਹੈ। ਵਸੀਅਤ ਬਣਾਉਣਾ ਕੋਈ ਮੁਸ਼ਕਿਲ ਕੰਮ ਨਹੀਂ ਹੈ। ਕਈ ਲੋਕ ਸੋਚਦੇ ਹਨ ਕਿ ਅਜੇ ਤਾਂ ਬਹੁਤ ਸਮਾਂ ਹੈ ਹੁਣ ਤੋਂ ਹੀ ਵਸੀਅਤ ਬਣਾਉਣਾ ਕਿਉਂ ਜ਼ਰੂਰੀ ਹੈ? ਆਓ ਜਾਣੀਏ....***




ਕਿਸੇ ਵਿਅਕਤੀ ਦੇ ਜਿਉਂਦੇ ਜੀ ਉਸ ਦੇ ਜਾਣ ਤੋਂ ਬਾਅਦ ਜਾਇਦਾਦ ਦੇ ਇਸਤੇਮਾਲ ਦਾ ਹੱਕ ਕਿਸੇ ਹੋਰ ਵਿਅਕਤੀ ਨੂੰ ਦੇਣ ਦਾ ਫ਼ੈਸਲਾ ਵਸੀਅਤ ਕਹਾਉਂਦਾ ਹੈ। ਵਸੀਅਤ ਕਰਨ ਵਾਲਾ ਵਿਅਕਤੀ ਇਸ ਕਾਨੂੰਨੀ ਦਸਤਾਵੇਜ਼ ’ਚ ਇਹ ਨਿਰਧਾਰਿਤ ਕਰਦਾ ਹੈ ਕਿ ਇਸ ਦੀ ਮੌਤ ਤੋਂ ਬਾਅਦ ਜਾਇਦਾਦ ਦਾ ਕਿੰਨਾ ਹਿੱਸਾ ਕਿਸ ਨੂੰ ਮਿਲੇਗਾ। ਕੁਝ ਲੋਕ ਇਸ ਗ਼ਲਤਫਹਿਮੀ ਦਾ ਸ਼ਿਕਾਰ ਹੁੰਦੇ ਹਨ ਕਿ ਉਨ੍ਹਾਂ ਤੋਂ ਬਾਅਦ ਸਾਰੀ ਜਾਇਦਾਦ ਉਨ੍ਹਾਂ ਦੇ ਜੀਵਨਸਾਥੀ ਵਜੋਂ ਆਪਣੇ ਆਪ ਟ੍ਰਾਂਸਫਰ ਹੋ ਜਾਵੇਗੀ ਪਰ ਇਹ ਸੋਚ ਸਹੀ ਨਹੀਂ ਹੈ। ਜੇ ਕਿਸੇ ਵਿਅਕਤੀ ਨੇ ਵਸੀਅਤ ਲਿਖੀ ਹੈ ਤਾਂ ਉਸ ਦੀ ਜਾਇਦਾਦ ਦੀ ਵੰਡ ਉਸ ਦੀ ਇੱਛਾ ਅਨੁਸਾਰ ਹੁੰਦੀ ਹੈ ਅਤੇ ਜੋ ਕੋਈ ਵਿਅਕਤੀ ਬਿਨਾ ਵਸੀਅਤ ਬਣਾਏ ਇਸ ਦੁਨੀਆ ਤੋਂ ਚਲਿਆ ਜਾਂਦਾ ਹੈ ਤਾਂ ਵਿਅਕਤੀ ਦੀ ਜਾਇਦਾਦ ਦੀ ਵੰਡ ਕਾਨੂੰਨ ਅਨੁਸਾਰ ਹੁੰਦੀ ਹੈ।

ਜੇ ਮਰ ਚੁੱਕਿਆ ਮਾਲਕ ਹਿੰਦੂ ਹੈ ਤਾਂ ਹਿੰਦੂ ਉਤਰਾਧਿਕਾਰ ਐਕਟ ਮੁਤਾਬਕ ਉਸ ਦੀ ਜਾਇਦਾਦ ਦੀ ਵੰਡ ਕੀਤੀ ਜਾਂਦੀ ਹੈ ਅਤੇ ਜੇ ਉਹ ਮੁਸਲਿਮ ਹੈ ਤਾਂ ਅਜਿਹੀ ਸਥਿਤੀ ’ਚ ‘ਮੁਸਲਿਮ ਪਰਸਨਲ ਲਾਅ’ ਦੇ ਹਿਸਾਬ ਨਾਲ ਵੰਡ ਕੀਤੀ ਜਾਵੇਗੀ। ਉਦਾਹਰਨ ਲਈ ‘ਹਿੰਦੂ ਲਾਅ’ ’ਚ ਬੇਟੀ ਦਾ ਵੀ ਪਿਤਾ ਦੀ ਜਾਇਦਾਦ ’ਚ ਸਮਾਨ ਅਧਿਕਾਰ ਹੁੰਦਾ ਹੈ। ਇਸ ਲਈ ਜੇ ਕਿਸੇ ਹਿੰਦੂ ਦੀ ਮੌਤ ਹੁੰਦੀ ਹੈ ਅਤੇ ਉਸ ਦੀ ਕੋਈ ਵਸੀਅਤ ਨਹੀਂ ਹੈ ਤਾਂ ਉਸ ਦੀ ਜਾਇਦਾਦ ’ਚ ਬੇਟੀ ਦਾ ਹੱਕ ਬਣਦਾ ਹੈ। ਕਈ ਵਾਰ ਵਸੀਅਤ ਨਾ ਹੋਣ ’ਤੇ ਪਰਿਵਾਰਿਕ ਝਗੜੇ ਦੀ ਸਥਿਤੀ ’ਚ ਮਕਾਨ ਜਾਂ ਹੋਰ ਜਾਇਦਾਦ ਇਸ ਲਈ ਵੇਚਣੀ ਪੈਂਦੀ ਹੈ ਕਿ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਉਸ ’ਚ ਹਿੱਸਾ ਦਿੱਤਾ ਜਾ ਸਕੇ।

**• ਵਸੀਅਤ ਕੌਣ ਬਣਾ ਸਕਦਾ ਹੈ?**

ਤੰਦਰੁਸਤ ਦਿਮਾਗ਼ ਵਾਲਾ ਕੋਈ ਵੀ ਵਿਅਕਤੀ ਜਿਸ ਦੀ ਉਮਰ 18 ਸਾਲ ਤੋਂ ਜ਼ਿਆਦਾ ਹੋਵੇ, ਕਰ ਸਕਦੀ ਹੈ।

**• ਵਸੀਅਤ ਕਦੋਂ ਬਣਾਈਏ?**

ਵਸੀਅਤ ਕਦੇ ਵੀ ਬਣਵਾਈ ਜਾ ਸਕਦੀ ਹੈ। ਆਮਤੌਰ ’ਤੇ ਲੋਕ 50 ਸਾਲ ਦੀ ਉਮਰ ’ਚ ਵਸੀਅਤ ਬਣਾਉਂਦੇ ਹਨ। ਜੇ ਤੁਹਾਡੇ ਕੋਲ ਜਾਇਦਾਦ ਹੈ, ਜਿਸ ਜੇ ਇਕ ਤੋਂ ਜ਼ਿਆਦਾ ਹਿੱਸੇਦਾਰ ਹਨ ਤਾਂ ਵਸੀਅਤ ਫੌਰਨ ਬਣਵਾਉਣੀ ਚਾਹੀਦੀ ਹੈ।

## ਕੁਝ ਖ਼ਾਸ ਹਾਲਾਤ ’ਚ

ਜੇ ਵਸੀਅਤ ਕਰਨ ਵਾਲੇ ਵਿਅਕਤੀ ਤੋਂ ਪਹਿਲਾਂ ਕਿਸੇ ਗਵਾਹ ਦੀ ਮੌਤ ਹੋ ਜਾਵੇ ਤਾਂ ਵਸੀਅਤ ਦੁਬਾਰਾ ਬਣਵਾਉਣੀ ਚਾਹੀਦੀ ਹੈ। ਅਜਿਹਾ ਕਰਦੇ ਸਮੇਂ ਪਹਿਲੀ ਵਸੀਅਤ ਕੈਂਸਲ ਕੀਤੇ ਜਾਣ ਦਾ ਜ਼ਿਕਰ ਜ਼ਰੂਰ ਕਰੋ। ਵਸੀਅਤ ਜੇ ਗੁਆਚ ਜਾਵੇ ਤਾਂ ਵੀ ਦੁਬਾਰਾ ਵਸੀਅਤ ਕਰਵਾਓ। ਬਿਹਤਰ ਹੈ ਕਿ ਉਸ ’ਚ ਥੋੜ੍ਹਾ ਫੇਰਬਦਲ ਕਰੋ, ਤਾਂ ਕਿ ਪਹਿਲੀ ਵਸੀਅਤ ਕੈਂਸਲ ਮੰਨ ਲਈ ਜਾਵੇ। ਜੇ ਵਸੀਅਤ ਕਰਨ ਵਾਲੇ ਦੀ ਮੌਤ ਅਤੇ ਗਵਾਹ ਦੀ ਮੌਤ ਇਕੋ ਸਮੇਂ ਹੋ ਜਾਵੇ ਤਾਂ ਵਸੀਅਤ ਕਰਨ ਵਾਲੇ ਅਤੇ ਗਵਾਹ ਦੀ ਲਿਖਾਈ ਹੀ ਉਸ ਦਾ ਸਬੂਤ ਹੈ।

- ਵਸੀਅਤ ’ਤੇ ਜੇ ਕੋਈ ਸਵਾਲ ਨਹੀਂ ਉਠਾਉਂਦਾ ਤਾਂ ਠੀਕ ਹੈ ਪਰ ਜੇ ਇਸ ਮਾਮਲੇ ’ਚ ਕੋਈ ਅਦਾਲਤ ਦਾ ਦਰਵਾਜ਼ਾ ਖੜਕਾਉਂਦਾ ਹੈ ਤਾਂ ਕਾਨੂੰਨਨ ਪੂਰੇ ਮਾਮਲੇ ਦੀ ਪੜਤਾਲ ਕੀਤੀ ਜਾਵੇ।

## ਟੈਕਸ ਪਲਾਨਿੰਗ

*ਜੇ ਵਸੀਅਤ ਬਣਾਉਂਦੇ ਸਮੇਂ ਤੁਸੀਂ ਆਪਣੇ ਸਲਾਹਕਾਰ ਦੀ ਸਹਾਇਤਾ ਲੈਂਦੇ ਹੋ ਤਾਂ ਵਸੀਅਤ ਨਾਲ ਟੈਕਸ ਪਲਾਨਿੰਗ ਕੀਤੀ ਜਾ ਸਕਦੀ ਹੈ। ਉਦਾਹਰਨ ਲਈ ਐਚਯੂਐਫ (ਸੰਯੁਕਤ ਹਿੰਦੂ ਪਰਿਵਾਰ) ਨੂੰ ਜਾਇਦਾਦ ਟ੍ਰਾਂਸਫਰ ਕਰ ਕੇ ਉਸ ਜਾਇਦਾਦ ਤੋਂ ਹੋਣ ਵਾਲੀ ਕਿਰਾਏ ਦੀ ਆਮਦਨ ਨੂੰ ਐਚਯੂਐਫ ਦੇ ਹੱਥਾਂ ’ਚ ਟੈਕਸੇਬਲ ਕੀਤਾ ਜਾ ਸਕਦਾ ਹੈ। ਵਸੀਅਤ ਜ਼ਰੀਏ ਜਾਇਦਾਦ ਨੂੰ ਜੇ ਕੋਈ ਵਿਅਕਤੀ ਪਰਿਵਾਰ ਦੀ ਕਿਸੇ ਔਰਤ ਮੈਂਬਰ ਦੇ ਨਾਂ ’ਤੇ ਟ੍ਰਾਂਸਫਰ ਕਰ ਸਕਦਾ ਹੈ ਤਾਂ ਮੌਤ ਤੋਂ ਬਾਅਦ ਉਸ ਤੋਂ ਹੋਣ ਵਾਲੀ ਕਿਰਾਏ ਦੀ ਆਮਦਨ ਉਸ ਔਰਤ ਕਰਦਾਤਾ ਦੇ ਹੱਥ ’ਚ ਕਰ ਯੋਗ ਹੋਵੇਗੀ। ਵਸੀਅਤ ਇਸ ਤਰ੍ਹਾਂ ਲਿਖੀ ਜਾਵੇ ਕਿ ਉੱਤਰਾਧਿਕਾਰੀਆਂ ਨੂੰ ਭਵਿੱਖ ’ਚ ਹੋਣ ਵਾਲੀ ਆਮਦਨ ’ਤੇ ਘੱਟ ਤੋਂ ਘੱਟ ਟੈਕਸ ਲੱਗੇ।*

## ਰੱਖੋ ਧਿਆਨ

- ਵਸੀਅਤ ਸਿੱਧੀ ਅਤੇ ਸਰਲ ਭਾਸ਼ਾ ’ਚ ਲਿਖਣੀ ਚਾਹੀਦੀ ਹੈ ਤਾਂ ਕਿ ਵਸੀਅਤ ਕਰਤਾ ਦਾ ਉਦੇਸ਼ ਸਪੱਸ਼ਟ ਹੋ ਜਾਵੇ ਤੇ ਭਵਿੱਖ ’ਚ ਕਿਸੇ ਤਰ੍ਹਾਂ ਦੀ ਮੁਸ਼ਕਿਲ ਦੀ ਸਥਿਤੀ ਨਾ ਬਣੇ।
- ਵਸੀਅਤ ਕਰਨ ਵਾਲੇ ਵਿਅਕਤੀ ਨੂੰ ਇਸ ਦੇ ਹਰ ਪੇਜ ’ਤੇ ਦਸਤਖ਼ਤ ਕਰਨੇ ਜ਼ਰੂਰੀ ਹੁੰਦੇ ਹਨ ਤੇ ਨਾਲ ਹੀ ਜੇ ਵਸੀਅਤ ਸਾਧਾਰਨ ਪੇਪਰ ’ਤੇ ਲਿਖੀ ਗਈ ਹੈ ਤਾਂ ਇਹ ਵਧੀਆ ਹੋਵੇਗਾ ਕਿ ਗਵਾਹਾਂ ਦੇ ਦਸਤਖ਼ਤ ਵੀ ਹਰ ਪੇਜ ’ਤੇ ਹੋਣ।
- ਵਸੀਅਤ ’ਚ ਦੋ ਗਵਾਹ ਹੋਣੇ ਬਹੁਤ ਜ਼ਰੂਰੀ ਹਨ। ਗਵਾਹ ਜਾਣਕਾਰ ਵਿਅਕਤੀਆਂ ਨੂੰ ਹੀ ਬਣਾਉਣਾ ਚਾਹੀਦਾ ਹੈ ਜੋ ਸਮੇਂ ’ਤੇ ਮੌਜੂਦ ਹੋ ਸਕੇ। ਇਸ ਮਾਮਲੇ ’ਚ ਇਹ ਮਹੱਤਵਪੂਰਨ ਹੈ ਕਿ ਗਵਾਹ ਅਜਿਹਾ ਵਿਅਕਤੀ ਨਾ ਹੋਵੇ, ਜਿਸ ਨੂੰ ਖ਼ੁਦ ਵਸੀਅਤ ’ਚ ਕੋਈ ਜਾਇਦਾਦ ਜਾਂ ਹਿੱਸਾ ਮਿਲ ਰਿਹਾ ਹੋਵੇ।
- ਤੁਸੀਂ ਆਨ-ਲਾਈਨ ਵੀ ਵਸੀਅਤ ਬਣਾ ਸਕਦੇ ਹੋ। ਅੱਜ-ਕੱਲ੍ਹ ਕਈ ਕੰਪਨੀਆਂ ਆਨ-ਲਾਈਨ ਵਸੀਅਤ ਬਣਾਉਣ ਦੀ ਸਰਵਿਸ ਦੇ ਰਹੀ ਹੈ।
- ਤੁਸੀਂ ਜਿਸ ਨੂੰ ਆਪਣਾ ਗਵਾਹ ਬਣਾ ਰਹੇ ਹੋ ਕੋਸ਼ਿਸ਼ ਕਰੋ ਕਿ ਉਹ ਤੁਹਾਡੇ ਪੱਖ ਲੈਣ ਵਾਲਾ ਹੋਵੇ।
- ਕਈ ਲੋਕ ਵਸੀਅਤ ਦੇ ਸਥਾਨ ’ਤੇ ਤੋਹਫ਼ੇ ਜਾਂ ਦਾਨ ਪੱਤਰ ਕਰ ਦਿੰਦੇ ਹਨ। ਅਜਿਹਾ ਭੁੱਲ ਕੇ ਵੀ ਨਾ ਕਰੋ ਨਹੀਂ ਤਾਂ ਤੁਸੀਂ ਖ਼ੁਦ ਦੀ ਜਾਇਦਾਦ ਤੋਂ ਬੇਦਖ਼ਲ ਹੋ ਸਕਦੇ ਹੋ।
- ਰਜਿਸਟਰਡ ਵਸੀਅਤ ’ਚ ਤਬਦੀਲੀ ਬਹੁਤ ਮੁਸ਼ਕਿਲ ਹੁੰਦੀ ਹੈ। ਜੇ ਤੁਸੀਂ ਇਸ ’ਚ ਤਬਦੀਲੀ ਕਰਵਾਓਗੇ ਤਾਂ ਦੁਬਾਰਾ ਵਸੀਅਤ ਨੂੰ ਰਜਿਸਟਰ ਕਰਵਾਉਣਾ ਹੋਵੇਗਾ।

**• ਕਿਹੜੀ ਜਾਇਦਾਦ ਸ਼ਾਮਿਲ ਕਰੀਏ?**

ਸਭ ਤੋਂ ਪਹਿਲਾਂ ਤੁਹਾਨੂੰ ਆਪਣੀ ਪੂਰੀ ਜਾਇਦਾਦ ਅਤੇ ਦੇਣਦਾਰੀ ਦੀ ਲਿਸਟ ਬਣਾ ਲੈਣੀ ਚਾਹੀਦੀ ਹੈ। ਇਸ ’ਚ ਸਾਰੀਆਂ ਚੱਲ-ਅਚੱਲ ਜਾਇਦਾਦਾਂ, ਨਿਵੇਸ਼ ਅਤੇ ਸ਼ੇਅਰਜ਼ ਸ਼ਾਮਿਲ ਕਰੋ ਕਿਉਂਕਿ ਵਸੀਅਤ ’ਚ ਜੇ ਸਾਰੀ ਜਾਇਦਾਦ ਸ਼ਾਮਿਲ ਨਹੀਂ ਹੋਵੇਗੀ ਜਾਂ ਜਿਸ ਜਾਇਦਾਦ ਦਾ ਜ਼ਿਕਰ ਵਸੀਅਤ ’ਚ ਨਹੀਂ ਹੋਵੇਗਾ, ਉਸ ਦੀ ਵੰਡ ਕਾਨੂੰਨ ਮੁਤਾਬਕ ਹੋਵੇਗੀ। ਵਸੀਅਤ ’ਚ ਅਜਿਹੇ ਸਾਰੇ ਰਿਸ਼ਤੇਦਾਰਾਂ ਜਾਂ ਪਰਿਵਾਰ ਦੇ ਮੈਂਬਰਾਂ ਦੀ ਲਿਸਟ ਹੋਣੀ ਚਾਹੀਦੀ ਹੈ, ਜਿਸ ਦੇ ਹੱਕ ’ਚ ਵਸੀਅਤ ਲਿਖਣ ਦੀ ਇੱਛਾ ਹੋਵੇ। ਵਸੀਅਤ ਬਣਵਾਉਂਦੇ ਸਮੇਂ ਕਿਸੇ ਮੈਂਬਰ ਨੂੰ ਕਿਹੜੀ ਜਾਇਦਾਦ ਅਤੇ ਕਿਸ ਅਨੁਪਾਤ ’ਚ ਦੇਣੀ ਚਾਹੀਦੀ ਹੈ, ਇਸ ਗੱਲ ਦਾ ਜ਼ਿਕਰ ਜ਼ਰੂਰ ਹੋਣਾ ਚਾਹੀਦਾ ਹੈ।

## ਕਿਸ ਫਾਰਮੈਟ ’ਚ ਬਣਾਉਣੀ ਚਾਹੀਦੀ ਹੈ?

ਵਸੀਅਤ ਦਾ ਕੋਈ ਫਿਕਸ ਫਾਰਮੈਟ ਨਹੀਂ ਹੈ ਤੇ ਨਾਲ ਹੀ ਵਸੀਅਤ ਦਾ ਰਜਿਸਟਰਡ ਹੋਣਾ ਜ਼ਰੂਰੀ ਨਹੀਂ ਹੈ। ਇਹ ਇਕ ਸਾਧਾਰਨ ਪਲੇਨ ਪੇਪਰ ’ਤੇ ਵੀ ਲਿਖੀ ਜਾ ਸਕਦੀ ਹੈ। ਇਸ ਨੂੰ ਕਿਸੇ ਸਟੈਂਪ ਪੇਪਰ ’ਤੇ ਜਾਂ ਲੀਗਲ ਪੇਪਰ ’ਤੇ ਲਿਖਣਾ ਜ਼ਰੂਰੀ ਨਹੀਂ ਹੁੰਦਾ। ਇਕ ਸਾਧਾਰਨ ਵਸੀਅਤ ਵੀ ਰਜਿਸਟਰਡ ਵਸੀਅਤ ਜਿੰਨਾ ਹੀ ਮਹੱਤਵ ਰੱਖਦੀ ਹੈ ਪਰ ਸੁਝਾਅ ਹੈ ਕਿ ਵਸੀਅਤ ਜੇ ਸਟੈਂਪ ਪੇਪਰ ’ਤੇ ਹੋਵੇ ਤਾਂ ਭਵਿੱਖ ’ਚ ਜੇ ਕੋਈ ਵਿਅਕਤੀ ਇਹ ਕਲੇਮ ਕਰਦਾ ਹੈ ਕਿ ਵਸੀਅਤ ਮਰਨ ਤੋਂ ਬਾਅਦ ਲਿਖੀ ਗਈ ਹੈ ਤਾਂ ਸਟੈਂਪ ਜਾਰੀ ਕਰਨ ਦੀ ਤਰੀਕ ਇਹ ਸਾਬਿਤ ਕਰਨ ’ਚ ਮਦਦਗਾਰ ਹੋ ਸਕਦੀ ਹੈ। ਜੇ ਵਸੀਅਤ ਨੂੰ ਰਜਿਸਟਰ ਕੀਤਾ ਜਾਂਦਾ ਹੈ ਅਤੇ ਹੋਰ ਵੀ ਇੱਛਾ ਹੈ। ਇਸ ਨੂੰ ਰਜਿਸਟਰ ਕਰਨ ਦੀ ਲਾਗਤ ’ਚ ਘੱਟ ਤੋਂ ਘੱਟ ਹੁੰਦੀ ਹੈ ਅਤੇ ਇਹ ਕੰਮ ਰਜਿਸਟਰ ਆਫ਼ਿਸ ’ਚ ਹੁੰਦਾ ਹੈ। ਜੇ ਵਸੀਅਤ ਗੁਆਚ ਜਾਵੇ ਤਾਂ ਇਸ ਦੀ ਕਾਪੀ ਰਜਿਸਟਰ ਆਫ਼ਿਸ ਤੋਂ ਲਈ ਜਾ ਸਕਦੀ ਹੈ। •




## ਉਸਾਰੀ

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫ਼ੇਅਰ ਬੋਰਡ ਦਾ ਗਠਨ ਪੰਜਾਬ ਸਰਕਾਰ ਨੇ ਮਿਤੀ 30.4.2009 ਨੂੰ ਕੀਤਾ ਹੈ। ਬੋਰਡ ਦਾ ਮੁੱਖ ਮੰਤਵ ਪੰਜਾਬ ਰਾਜ ਵਿਚ ਉਸਾਰੀ ਦੇ ਕੰਮਾਂ ਵਿਚ ਲੱਗੇ ਕਿਰਤੀਆਂ ਨੂੰ ਰਜਿਸਟਰ ਕਰਨਾ ਹੈ ਅਤੇ ਉਹਨਾਂ ਨੂੰ ਸਮਾਜ ਭਲਾਈ ਸਕੀਮਾਂ ਦਾ ਲਾਭ ਦੁਆਉਣਾ ਹੈ। ਕੋਈ ਵੀ ਕਿਰਤੀ 25 ਰੁਪਏ ਦੀ ਰਜਿਸਟਰੇਸ਼ਨ ਫੀਸ ਫਾਰਮ ਨੰਬਰ 28 ਨਾਲ ਲਗਾ ਕੇ ਜ਼ਿਲ੍ਹਾ ਲੇਬਰ ਇੰਸਪੈਕਟਰ ਕੋਲ ਜਮ੍ਹਾਂ ਕਰਵਾ ਕੇ ਇਸ ਦਾ ਮੈਂਬਰ ਬਣ ਸਕਦਾ ਹੈ।

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰ ਵੈਲਫ਼ੇਅਰ ਬੋਰਡ ਦੀਆਂ ਸਕੀਮਾਂ ਲਈ ਹੇਠ ਲਿਖੇ ਫਾਰਮ ਵਰਤੇ ਜਾਂਦੇ ਹਨ। ਫਾਰਮਾਂ ਦੀ ਕਾਪੀ ਲੇਬਰ ਜ਼ਿਲ੍ਹਾ ਕਮਿਸ਼ਨਰ/ਜ਼ਿਲ੍ਹਾ ਲੇਬਰ ਇੰਸਪੈਕਟਰ ਦੇ ਆਫ਼ਿਸ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਫਾਰਮ ਨੰ. 26- ਮੈਂਬਰ ਰਜਿਸਟਰ ਕਰਨ ਲਈ ਅਰਜ਼ੀ ਫਾਰਮ, 29- ਪਰਿਵਾਰਕ ਮੈਂਬਰਾਂ ਦੀ ਰਜਿਸਟਰੇਸ਼ਨ ਲਈ, 34- ਬੱਚਿਆਂ ਦੇ ਵਜ਼ੀਫ਼ੇ ਪ੍ਰਾਪਤ ਕਰਨ ਲਈ, 34 ਏ- ਸਾਇਕਲ ਸਕੀਮ ਦਾ ਲਾਭ ਲੈਣ ਲਈ, 35- ਸ਼ਗਨ ਸਕੀਮ ਦਾ ਲਾਭ ਲੈਣ ਲਈ, 36- ਮੁਫ਼ਤ ਧਾਰਮਿਕ ਯਾਤਰਾ ਦਾ ਲਾਭ ਲੈਣ ਲਈ, 37- ਕਿਰਤੀ ਦੀ ਮੌਤ ਹੋਣ ਤੇ ਬੀਮਾ ਲਾਭ ਲਈ, 37- ਕਿਰਤੀ ਦੀ ਮੌਤ ਹੋਣ ਤੇ ਬੀਮਾ ਲਾਭ ਲਈ, 38- ਕੰਮ ਦੌਰਾਨ ਲੱਗੀ ਬਿਮਾਰੀ ਦੇ ਮੁਫ਼ਤ ਇਲਾਜ ਲਈ, 39- ਕਿਰਤੀ ਦੀ ਮੌਤ ਹੋਣ ਦੇ ਅੰਤਿਮ ਕ੍ਰਿਆ ਤੇ ਹੋਣ ਵਾਲੇ ਖ਼ਰਚੇ ਦਾ ਪੈਸੇ ਲੈਣ ਲਈ ਸਰਜਰੀ ਦਾ ਖ਼ਰਚਾ ਪ੍ਰਾਪਤ ਕਰਨ ਲਈ, 42,42ਏ, 42 ਬੀ- ਪੈਨਸ਼ਨ ਲਗਾਉਣ ਲਈ, 46- ਬੱਚਾ ਪੈਦਾ ਹੋਣ ਤੇ ਵਿੱਤੀ ਸਹਾਇਤਾ ਲਈ, 47- ਟੂਲ ਕਿਟ ਖ਼ਰੀਦਣ ਲਈ, 49- ਲੜਕੀ ਪੈਦਾ ਹੋਣ ਤੇ 51,000/- ਰੁ. ਦੀ ਸਰਕਾਰੀ ਐਫ.ਡੀ.ਦਾ ਲਾਭ ਲੈਣ ਲਈ

**ਕੌਣ ਬਣ ਸਕਦਾ ਹੈ ਲਾਭਪਾਤਰੀ?**

ਹਰੇਕ ਕਿਰਤੀ ਬੋਰਡ ਦਾ ਲਾਭਪਾਤਰੀ ਬਣ ਸਕਦਾ ਹੈ ਜੇਕਰ ਉਹ :

- ਰਾਜ ਮਿਸਤਰੀ/ਇੱਟਾਂ/ਸੀਮਿੰਟ ਪਕੜਾਉਣ ਵਾਲੇ ਮਜ਼ਦੂਰ, ਪਲੰਬਰ, ਤਰਖਾਣ, ਵੈਲਡਰ, ਇਲੈਕਟ੍ਰੀਸ਼ਨ, ਸੀਵਰਮੈਨ, ਮਾਰਬਲ/ਟਾਇਲਾਂ ਲਗਾਉਣ ਵਾਲੇ, ਫਰਸ ਰਗੜਾਈ ਵਾਲੇ, ਪੇਂਟਰ, ਪੀ.ਓ.ਪੀ. ਕਰਨ ਵਾਲੇ, ਸੜਕਾਂ ਬਣਾਉਣ, ਉਸਾਰੀ ਕੰਮ ਨਾਲ ਸੰਬੰਧਿਤ ਤਕਨੀਕੀ/ਕਲੈਰੀਕਲ ਕੰਮ ਆਦਿ ਕਰਨ ਵਾਲੇ ਹੋ ਅਤੇ ਕਿਸੇ ਸਰਕਾਰੀ ਅਰਧ ਸਰਕਾਰੀ ਜਾਂ ਪ੍ਰਾਈਵੇਟ ਅਦਾਰੇ ਵਿਚ ਇਮਾਰਤਾਂ, ਸੜਕਾਂ, ਨਹਿਰਾਂ, ਬਿਜਲੀ ਦੇ ਉਤਪਾਦਨ ਵੰਡ, ਸਿੰਚਾਈ, ਪਾਣੀਆਂ ਦੀ ਵੰਡ ਜਾਂ ਨਿਕਾਸੀ, ਟੈਲੀਫ਼ੋਨ, ਤਾਰ, ਰੇਡੀਓ, ਰੇਲ, ਹਵਾਈ ਅੱਡੇ ਆਦਿ ਵਿਖੇ ਉਸਾਰੀ ਮੁਰੰਮਤ, ਰੱਖ ਰਖਾਵ ਜਾਂ ਤੋੜਫੋੜ ਦੇ ਕੰਮ ਲਈ ਕੁਸ਼ਲ, ਅਰਧ-ਕੁਸ਼ਲ ਕਾਰੀਗਰ ਜਾਂ ਸੁਪਰਵਾਈਜ਼ਰ ਦੇ ਤੌਰ ’ਤੇ ਤਨਖਾਹ ਜਾਂ ਮਿਹਨਤਾਨਾ ਲੈ ਕੇ ਕੰਮ ਕਰਦਾ ਹੈ, ਭੱਠਿਆਂ ਤੇ ਪਥੇਰ, ਕੱਚੀ ਇੱਟ ਦੀ ਭਰਾਈ ਕਰਨ, ਟੈਂਟ ਲਗਾਉਣ ਦਾ ਕੰਮ, ਹੋਰਡਿੰਗ, ਬੈਨਰ ਬਣਾਉਣ ਦਾ ਕੰਮ ਅਤੇ ਮਨਰੇਗਾ ਸਕੀਮ ਦੀ ਉਸਾਰੀ ਦਾ ਕੰਮ ਕਰਦਾ ਹੋਵੇ;
- ਜੇਕਰ ਉਸ ਦੀ ਉਮਰ 18 ਤੋਂ 60 ਸਾਲ ਦੇ ਵਿਚਕਾਰ ਹੈ ਅਤੇ ਪਿਛਲੇ 12 ਮਹੀਨਿਆਂ ਦੌਰਾਨ ਪੰਜਾਬ ਵਿੱਚ 90 ਦਿਨ ਬਤੌਰ ਉਸਾਰੀ ਕਿਰਤੀ (ਮਨਰੇਗਾ ਕਿਰਤੀ ਵਜੋਂ ਉਸਾਰੀ ਕੰਮਾਂ ਵਿਚ ਸਾਲ ਦੌਰਾਨ 50 ਦਿਨ) ਕੰਮ ਕੀਤਾ ਹੋਵੇ :
- ਕਿਰਤੀ ਆਪਣੀ ਅਰਜ਼ੀ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ ਜਾਂ ਕਿਰਤ ਇੰਸਪੈਕਟਰ ਨੂੰ ਦੇਵੇ ਜਿਸ ਨਾਲ 25/- ਰੁ. ਰਜਿਸਟ੍ਰੇਸ਼ਨ ਫੀਸ (ਕੇਵਲ ਇਕ ਵਾਰ), ਅੰਸ਼ਦਾਨ 10/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ, ਆਧਾਰ ਕਾਰਡ ਦੀ ਕਾਪੀ ਅਤੇ ਬੈਂਕ ਡਿਟੇਲ ਆਦਿ ਲਗਾਈ ਹੋਵੇ।

### ੲ) ਵਿਅਕਤੀਗਤ ਲਾਭ ਸਕੀਮਾਂ

1. **ਵਜ਼ੀਫ਼ਾ ਸਕੀਮ** : ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਪਹਿਲੀ ਕਲਾਸ ਤੋਂ ਡਿਗਰੀ ਕਲਾਸਾਂ ਅਤੇ ਉਚੇਰੀ ਸਿੱਖਿਆ ਲਈ 3,000/-ਰੁ. ਤੋਂ ਲੈ ਕੇ 70,000/-ਰੁ. ਸਾਲਾਨਾ ਵਜ਼ੀਫ਼ਾ ਸਕੀਮ।

**ਨੋਟ** : ਜੇ ਲਾਭਪਾਤਰੀ ਵਜ਼ੀਫ਼ਾ ਸਕੀਮ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

2. **ਐਲ.ਟੀ.ਸੀ ਸਕੀਮ** : ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਧਾਰਮਿਕ/ਇਤਿਹਾਸਿਕ/ਹੋਮਟਾਊਨ ਜਾਣ ਲਈ 2,000/- ਰੁਪਏ ਦੀ ਐਲ.ਟੀ.ਸੀ. ਦੀ ਰਾਸ਼ੀ ਹਰ ਦੋ ਸਾਲ ਬਾਅਦ ਦਿੱਤੀ ਜਾਂਦੀ ਹੈ।
3. **ਐਕਸਗ੍ਰੇਸ਼ੀਆ ਸਕੀਮ** : 1. ਪੰਜੀਕ੍ਰਿਤ ਲਾਭ ਦੀ ਪੂਰਨ ਅਪੰਗਤਾ (100%) ਹੋਣ ਤੇ ਜਾਂ ਦੁਰਘਟਨਾ ਵਿਚ ਮੌਤ ਹੋਣ ਦੀ ਸੂਰਤ ਵਿਚ 5 ਲੱਖ ਰੁਪਏ ਦੀ ਰਾਸ਼ੀ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਦਿਤੀ ਜਾਂਦੀ ਹੈ।

2. ਕੁਦਰਤੀ ਮੌਤ ਹੋਣ ਦੀ ਸੂਰਤ ਵਿਚ 3 ਲੱਖ ਰੁਪਏ ਦੀ ਐਕਸਗ੍ਰੇਸ਼ੀਆ ਮਦਦ ਦਿਤੀ ਜਾਂਦੀ ਹੈ।

3. ਆਂਸ਼ਿਕ ਅਪੰਗਤਾ ਹੋਣ ਤੇ ਪੰਜੀਕ੍ਰਿਤ ਲਾਭਪਾਤਰੀ ਇਸ ਸਕੀਮ ਤਹਿਤ ਮਿਲਣ ਵਾਲੀ ਰਾਸ਼ੀ ਹਰੇਕ ਇਕ ਪ੍ਰਤੀਸ਼ਤ ਅਪੰਗਤਾ ਦੀ ਰਾਸ਼ੀ 4000/- ਰੁਪਏ ਹੋਵੇਗੀ ਜੋ 4 ਲੱਖ ਤੱਕ ਜਾ ਸਕਦੀ ਹੈ।

4. **ਸ਼ਗਨ ਸਕੀਮ** : ਰਜਿਸਟਰਡ ਉਸਾਰੀ ਕਿਰਤੀਆਂ ਦੀਆਂ 2 ਲੜਕੀਆਂ ਤੱਕ ਦੀ ਸ਼ਾਦੀ ਲਈ ਹਰੇਕ ਲੜਕੀ ਦੀ ਸ਼ਾਦੀ ਦੇ ਮੌਕੇ ਤੇ 31,000/- ਰੁਪਏ ਸ਼ਗਨ ਦੀ ਰਾਸ਼ੀ ਦਿੱਤੀ ਜਾਵੇਗੀ। ਜੇਕਰ ਲੜਕੀ ਖ਼ੁਦ ਵੀ ਰਜਿਸਟਰਡ ਲਾਭਪਾਤਰੀ ਹੈ ਤਾਂ ਉਸ ਦੀ ਆਪਣੀ ਸ਼ਾਦੀ ਲਈ ਵੀ ਇਸ ਸਕੀਮ ਅਧੀਨ ਸ਼ਗਨ ਦੀ ਰਾਸ਼ੀ ਦਿੱਤੀ ਜਾਵੇਗੀ।

**ਨੋਟ** : ਜੇਕਰ ਲਾਭਪਾਤਰੀ ਵੀਜ਼ਫ਼ਾ ਸਕੀਮ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

5. ਦਾਹ ਸੰਸਕਾਰ ਅਤੇ ਅੰਤਮ ਕ੍ਰਿਆ ਕ੍ਰਮ ਲਈ ਵਿੱਤੀ ਸਹਾਇਤਾ: ਉਸਾਰੀ ਕਿਰਤੀਆਂ ਅਤੇ ਪ੍ਰੀਵਾਰਕ ਮੈਂਬਰਾਂ ਲਈ ਪੰਜਾਬ ਰਾਜ ਵਿਚ ਦਾਹ ਸੰਸਕਾਰ ਅਤੇ ਕ੍ਰਿਆ ਕ੍ਰਮ ਕਰਨ ਲਈ 20,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।
6. **ਜਨਰਲ ਸਰਜਰੀ** : ਬੋਰਡ ਦੇ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਜਨਰਲ ਸਰਜਰੀ ਸਕੀਮ ਅਧੀਨ 50,000/- ਰੁਪਏ ਤੱਕ ਵਿੱਤੀ ਸਹਾਇਤਾ।
7. **ਬਿਮਾਰੀਆਂ ਲਈ ਵਿੱਤੀ ਸਹਾਇਤਾ** : ਉਸਾਰੀ ਕੰਮਾਂ ਵਿਚ ਲੱਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਨਿਰਧਾਰਿਤ 16 ਖਤਰਨਾਕ ਬਿਮਾਰੀਆਂ ਦੇ ਇਲਾਜ ਦੇ ਖਰਚੇ ਸੰਬੰਧੀ 1,00,000/- ਤੱਕ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

**ਨੋਟ** : ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ 50,000/- ਰੁਪਏ ਦਾ ਲਾਭ ਖਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

8. **ਪ੍ਰਸੂਤਾ ਲਾਭ ਸਕੀਮ** : ਉਸਾਰੀ ਕੰਮਾਂ ਵਿਚ ਲੱਗੇ ਪੰਜੀਕ੍ਰਿਤ ਲਾਭਪਾਤਰੀ ‘ਇਸਤਰੀ ਕਿਰਤੀ’ ਨੂੰ ਹਰੇਕ ਜਨੇਪੇ ਦੇ ਸਮੇਂ 21,000/- ਰੁਪਏ ਅਤੇ ਪੁਰਸ਼ ਲਾਭਪਾਤਰੀ ਨੂੰ ਉਸਦੀ ਇਸਤਰੀ ਦੇ ਜਨੇਪੇ ਸਮੇਂ 5,000/- ਰੁਪਏ ਪ੍ਰਤੀ ਜਨੇਪਾ (ਵੱਧ ਤੋਂ ਵੱਧ ਦੋ ਜਨੇਪਿਆਂ ਲਈ) ਦੇ ਹਿਸਾਬ ਨਾਲ ਪ੍ਰਸੂਤਾ ਲਾਭ ਦਿੱਤਾ ਜਾਂਦਾ ਹੈ।
9. **ਐਨਕ /ਦੰਦ ਅਤੇ ਸੁਣਨਯੰਤਰ ਲਈ ਵਿੱਤੀ ਸਹਾਇਤਾ ਸਕੀਮ** : ਲਾਭਪਾਤਰੀ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਲਈ ਅਨੈਕਾਂ, ਦੰਦ ਅਤੇ ਸੁਣਨ ਯੰਤਰ ਲਗਾਉਣ ਲਈ ਕ੍ਰਮਵਾਰ (800/-, 5000/- ਅਤੇ 6000/-) ਰੁਪਏ ਦੀ ਵਿੱਤੀ ਸਹਾਇਤਾ।
10. **ਉਸਾਰੀ ਕਿਰਤੀਆਂ ਲਈ ਮੁਫ਼ਤ ਸਾਇਕਲ ਸਕੀਮ** : ਹਰੇਕ ਲਾਭਪਾਤਰੀ ਜੋ ਬੋਰਡ ਪਾਸ ਘੱਟੋ-ਘੱਟ ਇਕ ਸਾਲ ਤੋਂ ਰਜਿਸਟਰਡ ਹੈ, ਨੂੰ ਬੋਰਡ ਵਲੋਂ ਮੁਫਤ ਇਕ ਸਾਇਕਲ ਦਿੱਤਾ ਜਾਂਦਾ ਹੈ। ਇਹ ਸਾਇਕਲ ਉਸ ਨੂੰ ਹਰ ਪੰਜ ਸਾਲ ਦੀ ਮੈਂਬਰਸ਼ਿਪ ਉਪਰੰਤ ਮਿਲੇਗਾ।
11. **ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਮੁਫ਼ਤ ਸਾਇਕਲ ਸਕੀਮ** : ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿਚ 9ਵੀਂ 12ਵੀਂ ਜਮਾਤ ਤੱਕ ਪੜ੍ਹਾਈ ਦੌਰਾਨ ਮੁਫ਼ਤ ਸਾਇਕਲ ਦਿੱਤੀ ਜਾਂਦੀ ਹੈ।

**ਨੋਟ** : ਜੇ ਲਾਭਪਾਤਰੀ ਵਜ਼ੀਫ਼ਾ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

12. **ਮਾਨਸਿਕ ਰੋਗ ਨਾਲ ਪੀੜਤ ਬੱਚਿਆਂ ਲਈ ਵਿੱਤੀ ਸਹਾਇਤਾ ਸਕੀਮ** : ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆ (ਪੁੱਤਰ/ਪੁੱਤਰੀ) ਦੀ ਸਾਂਭ ਸੰਭਾਲ ਵਾਸਤੇ 20,000/- ਰੁਪਏ ਸਾਲਾਨਾ ਵਿੱਤੀ ਸਹਾਇਤਾ ਸਕੀਮ।
13. **ਔਜ਼ਾਰ ਖ਼ਰੀਦਣ (ਟੂਲ ਕਿਟ) ਲਈ ਸਕੀਮ** : ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜ਼ਾਰ) ਖ਼ਰੀਦਣ ਲਈ 5000/- ਰੁਪਏ ਦੀ ਵਿੱਤੀ ਸਹਾਇਤਾ ਸਕੀਮ ਬਸ਼ਰਤੇ ਕਿ ਉਸਨੇ ਸਕਿਲ ਅਪਗ੍ਰੇਡੇਸ਼ਨ ਜਾਂ ਆਰ.ਪੀ.ਐਲ. ਅਧੀਨ ਟ੍ਰੇਨਿੰਗ ਲਈ ਹੋਵੇ। ਉਸਾਰੀ ਕਿਰਤ ਹਰ ਤਿੰਨ ਸਾਲ ਦੀ ਮੈਂਬਰਸ਼ਿਪ ਬਾਦ ਮੁੜ ਟੂਲ ਕਿਟ ਸਕੀਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।
14. **ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ** : ਇਸ ਸਕੀਮ ਅਧੀਨ ਲਾਭਪਾਤਰੀ ਅਤੇ ਉਸਦੇ ਪ੍ਰੀਵਾਰ ਦੇ ਮੈਂਬਰਾਂ (ਪ੍ਰੀਵਾਰ ਦੇ ਮੈਂਬਰਾਂ ਦੀ ਗਿਣਤੀ ਨਿਸ਼ਚਿਤ ਨਹੀਂ) ਲਈ ਹਰ ਸਾਲ 50,000/- ਰੁ. ਤੱਕ ਦੇ ਮੁਫਤ ਇਲਾਜ ਦੀ ਸੁਵਿਧਾ ਹੈ ਅਤੇ ਲਾਭਪਾਤਰੀ ਦੀ ਦੁਰਘਟਨਾ ਕਾਰਨ ਮੌਤ ਹੋ ਜਾਣ ਜਾਂ ਪੂਰਨ ਤੌਰ (100%) ਤੇ ਅਪੰਗ ਹੋ ਜਾਣ ਦੀ ਸੂਰਤ ਵਿਚ 5.00 ਲੱਖ ਰੁਪਏ ਦੇ ਬੀਮੇ ਦੀ ਸਹੂਲਤ ਵੀ ਦਿੱਤੀ ਜਾਵੇਗੀ।

### ਗਰੁੱਪ ਲਾਭ ਸਕੀਮ

15. **ਸਕਿਲ ਡਿਵੈਲਪਮੈਂਟ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ** : ਬੋਰਡ ਵਲੋਂ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਤਹਿਤ ਹੇਠ ਲਿਖੇ ਕਦਮ ਚੁੱਕੇ ਗਏ ਹਨ :

*ੳ) ਉਸਾਰੀ ਕਿਰਤੀਆਂ ਦੇ ਜਿਹੜੇ ਬੱਚੇ ਆਈ.ਟੀ.ਆਈ./ਪਾਲੀਟੈਕਨਿਕ ਸੰਸਥਾਵਾਂ ਵਿਚ ਸਕਿਲ ਹੁਨਰ ਕਰਦੇ ਹਨ ਉਨ੍ਹਾਂ ਦੇ ਪੂਰੇ ਕੋਰਸ ਦੀ ਫੀਸ ਅਤੇ ਉਨ੍ਹਾਂ ਦੀ ਖ਼ੁਰਾਕ ਅਤੇ ਰਿਹਾਇਸ਼ (Boarding/lodging) ਦਾ ਖਰਚਾ ਬੋਰਡ ਵਲੋਂ ਦਿੱਤਾ ਜਾਂਦਾ ਹੈ।

*ਅ) ਬੋਰਡ ਵਲੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੋਹਾਲੀ ਵਿਖੇ 4 ਸਕਿਲ ਡਿਵੈਲਪਮੈਂਟ ਸੈਂਟਰ ਉਸਾਰੇ ਜਾ ਰਹੇ ਹਨ। ਇਨ੍ਹਾਂ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਸਾਲ 2016 ਦੇ ਅੰਤ ਤੱਕ ਹੋਣ ਦੀ ਆਸ ਹੈ। ਇਨ੍ਹਾਂ ਸਕਿਲ ਸੈਂਟਰਾਂ ਤੇ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਕਿਲ ਟ੍ਰੇਨਿੰਗ ਦਿੱਤੀ ਜਾਵੇਗੀ।

*ੲ) ਅਗੇਤੀ ਸਿਖਲਾਈ ਦੀ ਪਛਾਣ ( Recognition of prior learning) ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਦੀ ਨਿਗਰਾਨੀ ਅਧੀਨ ਬੋਰਡ ਵਲੋਂ ਉਸਾਰੀ ਕਿਰਤੀਆਂ ਦੀ ਉਸਾਰੀ ਦੀ ਜਗ੍ਹਾਂ ਤੇ ਹੀ ਉਨ੍ਹਾਂ ਦੀ ਕਾਰਜ ਕੁਸ਼ਲਤਾ ਵਧਾਣ ਲਈ ਸਕਿਲ ਟ੍ਰੇਨਿੰਗ ਦੇਣ ਦੀ ਸਕੀਮ ਬਣਾਈ ਗਈ ਹੈ। ਇਸ ਤਰੀਕੇ ਨਾਲ ਟ੍ਰੇਨਿੰਗ ਲੈਣ ਵਾਲੇ ਉਸਾਰੀ ਕਿਰਤੀਆਂ ਨੂੰ ਬੋਰਡ ਵਲੋਂ ਇਸ ਸਕੀਮ ਤਹਿਤ ਪ੍ਰਤੀ ਕਿਰਤੀ 35/- ਰੁਪਏ ਪ੍ਰਤੀ ਘੰਟਾ ਉਤਸ਼ਾਹ ਭੱਤਾ ਦਿੱਤਾ ਜਾਂਦਾ ਹੈ।

16. **ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ** : ਉਸਾਰੀ ਕਿਰਤੀਆਂ ਦੇ ਕੰਮ ਦੀ ਭਾਲ ਲਈ ਖੜ੍ਹੇ ਹੋਣ ਲਈ ਢੁੱਕਵੀਂ ਜਗ੍ਹਾ ਤੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਬਣਾਣ ਲਈ ਸਕੀਮ।
17. **ਪੈਨਸ਼ਨ ਸਕੀਮ** : ਬੋਰਡ ਦੇ ਲਾਭਪਾਤਰੀਆਂ ਲਈ 60 ਸਾਲ ਦੀ ਉਮਰ ਅਤੇ 3 ਸਾਲ ਦੀ ਮੈਂਬਰਸ਼ਿਪ ਪੂਰੀ ਕਰਨ ਉਪਰੰਤ 2000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਪ੍ਰਾਵਧਾਨ ਹੈ। ਬੋਰਡ ਵਲੋਂ 1000/- ਰੁਪਏ ਫੈਮਿਲੀ ਪੈਨਸ਼ਨ ਵੀ ਦਿੱਤੀ ਜਾਂਦੀ ਹੈ। ਉਸਾਰੀ ਕਿਰਤੀ ਵਲੋਂ ਬੋਰਡ ਪਾਸ ਰਜਿਸਟਰਡ ਹੋਣ ਤੇ ਤੁਰੰਤ ਮੈਂਬਰਸ਼ਿਪ ਸਰਟੀਫ਼ਿਕੇਟ ਜਾਰੀ ਕੀਤਾ ਜਾਂਦਾ ਹੈ।
18. **ਮੋਬਾਈਲ ਲੈਬ ਸਕੀਮ** : ਨਿਰਮਾਣ ਕਾਰਜਾਂ ਵਿਚ ਕੰਮ ਕਰਦੇ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਸਿਲੀਕਾਸਿਜ਼ ਅਤੇ ਹੋਰ ਬਿਮਾਰੀਆਂ ਦਾ ਪਤਾ ਲਗਾਉਣ ਲਈ ਮੋਬਾਇਲ ਲੈਬ ਸਕੀਮ ਅਤੇ ਜੇਕਰ ਇਹ ਪਤਾ ਲੱਗ ਜਾਂਦਾ ਹੈ ਕਿ ਲਾਭਪਾਤਰੀ ਜਾਂ ਉਸਦਾ ਪ੍ਰੀਵਾਰਕ ਮੈਂਬਰ ਸਿਲੀਕਾਸਜ਼ ਬਿਮਾਰੀ ਦਾ ਸ਼ਿਕਾਰ ਹੈ ਤਾਂ ਉਸ ਦੇ ਇਲਾਜ ਲਈ ਕਿਰਤੀ ਵਲੋਂ ਖਰਚ ਕੀਤੀ 1.50 ਲੱਖ ਰੁਪਏ ਦੀ ਰਾਸ਼ੀ ਦੀ ਬੋਰਡ ਵਲੋਂ ਪ੍ਰਤੀ ਪੂਰਤੀ ਕੀਤੀ ਜਾਵੇਗੀ।

**ਨੋਟ** : ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ 50,000/- ਰੁਪਏ ਦਾ ਲਾਭ ਖ਼ਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਖ਼ਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

19. **ਅਰਬਨ ਹੈਲਥ ਕਿਓਸਕ ਸਕੀਮ** : ਪੰਜਾਬ ਹੈਲਥ ਸੁਸਾਇਟੀ ਵਲੋਂ ਰਾਜ ’ਚ ਜਿਥੇ ਸਲਮ ਏਰੀਏ ਵਿਚ ਉਸਾਰੀ ਕਿਰਤੀਆਂ ਦੀ ਰਿਹਾਇਸ਼ ਜ਼ਿਆਦਾ ਹੁੰਦੀ ਹੈ ਉਥੇ ਸਿਹਤ ਵਿਭਾਗ ਦੀ ਮਦਦ ਨਾਲ 21 ਅਰਬਨ ਹੈਲਥ ਸੈਂਟਰਾਂ ਨੂੰ ਚਲਾਉਣ ਪ੍ਰਤੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।
20. **ਬਾਲੜੀ ਜਨਮ ਤੋਹਫ਼ਾ ਸਕੀਮ** : ਇਸ ਸਕੀਮ ਅਧੀਨ ਉਸਾਰੀ ਕਿਰਤੀ ਦੀ ਲੜਕੀ ਦੇ ਜਨਮ ਤੇ 51,000/- ਰੁਪਏ ਦੀ ਰਾਸ਼ੀ ਲੜਕੀ ਦੇ ਨਾਮ ਤੇ ਬੈਂਕ ਵਿਚ ਬਤੌਰ ਐਫ.ਡੀ.ਆਰ ਦੀ ਸ਼ਕਲ ਵਿਚ ਉਸ ਦੇ ਵਿਆਹ ਦੀ ਉਮਰ ਤੱਕ ਜਮ੍ਹਾਂ ਰਹੇਗੀ। ਇਹ ਸਹੂਲਤ ਕੇਵਲੀ ਦੋ ਲੜਕੀਆਂ ਦੇ ਜਨਮ ਤੱਕ ਸੀਮਤ ਹੈ।

ਇਸ ਬੋਰਡ ਦਾ ਮੁੱਖ ਮੰਤਵ ਪੰਜਾਬ ਰਾਜ ’ਚ ਉਸਾਰੀ ਦੇ ਕੰਮਾਂ ’ਚ ਲੱਗੇ ਕਿਰਤੀਆਂ ਨੂੰ ਰਜਿਸਟਰ ਕਰਨਾ ਹੈ ਅਤੇ ਉਨ੍ਹਾਂ ਨੂੰ ਸਮਾਜ ਭਲਾਈ ਸਕੀਮਾਂ ਦਾ ਲਾਭ ਦਿਵਾਉਣਾ ਹੈ। ਇਸ ਦੀ ਜਾਣਕਾਰੀ ਵਰਕਰਾਂ-ਕਰਮਚਾਰੀਆਂ ਨੂੰ ਹੋਣੀ ਚਾਹੀਦੀ ਹੈ।

**• ਐਡਵੋਕੇਟ ਨਵਦੀਪ ਸਿੰਘ**

# ਮੇਅਰ ਕੁੰਦਨ ਗੋਗੀਆ ਨੇ ਵਾਰਡ ਨੰਬਰ 31 ਤੋਂ 'ਤੀਰਥ ਯਾਤਰਾ ਯੋਜਨਾ' ਦੀ ਬੱਸ ਨੂੰ ਦਿਖਾਈ ਹਰੀ ਝੰਡੀ



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਲੋਕਾਂ ਦੀ ਧਾਰਮਿਕ ਆਸਥਾ ਅਤੇ ਸ਼ਰਧਾ ਦਾ ਸਨਮਾਨ ਕਰਦਿਆਂ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਅੱਜ ਪਟਿਆਲਾ ਦੇ ਵਾਰਡ ਨੰਬਰ 31 ਤੋਂ ਸ਼ਰਧਾਲੂਆਂ ਦੇ ਜਥੇ ਨੂੰ ਲੈ ਕੇ ਜਾਣ ਵਾਲੀ ਵਿਸ਼ੇਸ਼ ਬੱਸ ਨੂੰ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਬੱਸ ਰਵਾਨਾ ਹੋਣ ਸਮੇਂ ਪੂਰਾ ਇਲਾਕਾ ਧਾਰਮਿਕ ਜੈਕਾਰਿਆਂ ਅਤੇ ਖ਼ੁਸ਼ੀ ਦੇ ਮਾਹੌਲ ਨਾਲ ਗੂੰਜ ਉੱਠਿਆ।

ਇਸ ਮੌਕੇ ਵਾਰਡ ਨੰਬਰ 31 ਦੀ ਐੱਮ.ਸੀ. ਪਦਮਜੀਤ ਕੌਰ, ਹਰਪਾਲ ਸਿੰਘ (ਬਿੱਟੂ), ਹਰਪ੍ਰੀਤ ਸਿੰਘ, ਸਿੰਘ ਕੌਮ, ਜਗਜੀਤ ਸਿੰਘ, ਗੁਰਪ੍ਰੀਤ ਕੌਰ, ਪ੍ਰੀਤਮ ਸਿੰਘ, ਉਰਵਿੰਦਰ ਸਿੰਘ, ਰਾਮੇਸ਼ ਕੁਮਾਰ, ਕਵਲਜੀਤ ਕੌਰ ਅਤੇ ਤੇਜਿੰਦਰ ਕੌਰ ਸਮੇਤ ਹੋਰ ਸ਼ਹਿਰ ਦੇ ਪਤਵੰਤੇ ਸੱਜਣ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕ ਭਲਾਈ ਲਈ ਲਗਾਤਾਰ ਅਜਿਹੀਆਂ ਯੋਜਨਾਵਾਂ ਲਾਗੂ ਕਰ ਰਹੀ ਹੈ, ਜਿਨ੍ਹਾਂ ਦਾ ਸਿੱਧਾ ਲਾਭ ਆਮ ਲੋਕਾਂ ਨੂੰ ਘਰ-ਘਰ ਤੱਕ ਮਿਲ ਰਿਹਾ ਹੈ। ਗੋਗੀਆ ਨੇ ਕਿਹਾ ਕਿ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦਾ ਮੁੱਖ ਉਦੇਸ਼ ਹਰ ਵਰਗ ਦੇ ਲੋਕਾਂ ਨੂੰ ਬਿਨਾਂ ਕਿਸੇ ਆਰਥਿਕ ਬੋਝ ਦੇ ਪ੍ਰਮੁੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਰਾਹੀਂ ਅੱਜ ਹਜ਼ਾਰਾਂ ਸ਼ਰਧਾਲੂ ਲਾਭ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਉਹ ਯਾਤਰਾ ਦੌਰਾਨ ਅਨੁਸ਼ਾਸਨ ਅਤੇ ਸੁਰੱਖਿਆ ਦਾ ਪੂਰਾ ਧਿਆਨ ਰੱਖਣ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀਆਂ ਧਾਰਮਿਕ ਯਾਤਰਾਵਾਂ ਨਾਲ ਸਮਾਜ ਵਿੱਚ ਆਪਸੀ ਭਾਈਚਾਰੇ, ਸ਼ਾਂਤੀ ਅਤੇ ਸਦਭਾਵਨਾ ਦੀਆਂ ਤੰਦਾਂ ਹੋਰ ਮਜ਼ਬੂਤ ਹੁੰਦੀਆਂ ਹਨ।

ਇਸ ਦੌਰਾਨ ਵਾਰਡ ਨੰਬਰ 31 ਦੀ ਕੌਂਸਲਰ ਪਦਮਜੀਤ ਕੌਰ ਨੇ ਵੀ ਸ਼ਰਧਾਲੂਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਯੋਜਨਾ ਆਮ ਲੋਕਾਂ ਲਈ ਬਹੁਤ ਵੱਡਾ ਉਪਰਾਲਾ ਹੈ। ਇਸ ਨਾਲ ਬਜ਼ੁਰਗ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਲੋਕ ਵੀ ਬਿਨਾਂ ਕਿਸੇ ਖ਼ਰਚੇ ਦੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਸਕਦੇ ਹਨ। ਇਸ ਦੌਰਾਨ ਸਮੂਹ ਸ਼ਰਧਾਲੂਆਂ ਅਤੇ ਇਲਾਕਾ ਨਿਵਾਸੀਆਂ ਨੇ ਸਰਕਾਰ ਦੀ ਇਸ ਲੋਕ-ਹਿਤੈਸ਼ੀ ਯੋਜਨਾ ਦੀ ਸ਼ਲਾਘਾ ਕਰਦਿਆਂ ਮੇਅਰ ਕੁੰਦਨ ਗੋਗੀਆ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ।

# ਸਾਂਝੇ ਵਿਦਿਆਰਥੀ ਮੋਰਚੇ ਨੇ ਪੰਜਾਬੀ ਯੂਨੀਵਰਸਿਟੀ ਵੱਲੋਂ ਕੀਤੇ ਗਏ ਭਾਰੀ ਫੀਸ ਵਾਧੇ ਖਿਲਾਫ਼ ਕੀਤਾ ਗਿਆ ਡੀਨ ਅਕਾਦਮਿਕ ਦਫਤਰ ਦਾ ਘਿਰਾਓ



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸਾਂਝੇ ਵਿਦਿਆਰਥੀ ਮੋਰਚੇ ਵਿੱਚ ਸ਼ਾਮਲ ਵਿਦਿਆਰਥੀ ਜਥੇਬੰਦੀਆਂ(ਪੰਜਾਬ ਸਟੂਡੈਂਟਸ ਯੂਨੀਅਨ, ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ, ਪੰਜਾਬ ਸਟੂਡੈਂਟਸ ਫੈਡਰੇਸ਼ਨ) ਵੱਲੋਂ ਵਿਦਿਆਰਥੀ ਮੰਗਾਂ ਨੂੰ ਲੈ ਕੇ ਡੀਨ ਅਕਾਦਮਿਕ ਦਫਤਰ ਦੇ ਬਾਹਰ ਧਰਨਾ ਦਿੱਤਾ ਗਿਆ।

ਪੀ.ਐੱਸ.ਯੂ ਤੋਂ ਗੁਰਦਾਸ ਸਿੰਘ ਨੇ ਕਿਹਾ ਕਿ ਵਿੱਦਿਅਕ ਸੈਸ਼ਨ 2026-27 ਦੀ ਸ਼ੁਰੂਆਤ ਵਿੱਚ ਹੀ ਪੰਜਾਬੀ ਯੂਨੀਵਰਸਿਟੀ ਦੁਆਰਾ ਵਿਦਿਆਰਥੀਆਂ ਦੀਆਂ ਹੋਸਟਲ ਅਤੇ ਵਿਭਾਗੀ ਫੀਸਾਂ ਵਿੱਚ ਭਾਰੀ ਵਾਧੇ ਕੀਤੇ ਗਏ ਹਨ। ਹੋਸਟਲ ਫੀਸਾਂ ਵਿੱਚ ਲਗਭਗ 30 ਤੋਂ ਲੈ ਕੇ 42% ਤੱਕ ਵਾਧਾ ਕੀਤਾ ਗਿਆ ਹੈ ਅਤੇ ਵਿਭਾਗੀ ਫੀਸਾਂ ਵਿੱਚ 10 ਫੀਸਦੀ ਤੋਂ ਲੈ ਕੇ 657 ਫੀਸਦੀ ਤੱਕ ਵਾਧੇ ਕੀਤੇ ਗਏ ਹਨ। ਜਿਵੇਂ ਕਿ ਫਿਲਮ ਮੇਕਿੰਗ ਵਿਭਾਗ ਵਿੱਚ ਫੀਸ 16 ਹਜਾਰ ਤੋਂ ਵਧਾ ਕੇ 122000 ਕਰ ਦਿੱਤੀ ਗਈ ਹੈ। MBA (international business) 2 ਲੱਖ 63ਹਜਾਰ ਤੋਂ ਵਧਾ ਕੇ 2 ਲੱਖ 90 ਹਜ਼ਾਰ ਕਰ ਦਿੱਤੀ ਹੈ, MPT ਦੀ ਫੀਸ 148000, ਬੀ.ਟੈਕ ਦੀ ਫੀਸ 129000 ਕਰ ਦਿੱਤੀ ਗਈ ਹੈ। ਵਿਦਿਆਰਥੀ ਜਥੇਬੰਦੀਆਂ ਇਸ ਦੇ ਖਿਲਾਫ ਸੰਘਰਸ਼ ਕਰ ਰਹੀਆਂ ਹਨ। ਉਹਨਾਂ ਦਾ ਕਹਿਣਾ ਇਹ ਹੈ ਕਿ ਸਿੱਖਿਆ ਕੋਈ ਜਿਨਸ ਨਹੀਂ ਹੈ ਜਿਸ ਨੂੰ ਖਰੀਦਿਆ ਤੇ ਵੇਚਿਆ ਜਾਂਦਾ ਹੈ ਇਹ ਸਰਕਾਰ ਦੀ ਜਿੰਮੇਵਾਰੀ ਹੈ ਤੇ ਸਿੱਖਿਆ ਹਰ ਵਿਅਕਤੀ ਦੇ ਪਹੁੰਚ ਵਿੱਚ ਹੋਣੀ ਚਾਹੀਦੀ ਹੈ।

ਐੱਸ.ਐਫ.ਆਈ ਤੋਂ ਰਮਨਦੀਪ ਸਿੰਘ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦਾ ਇਸ ਸਾਲ ਦਾ ਕੁੱਲ ਬਜਟ 732 ਕਰੋੜ ਦਾ ਹੈ ਜਿਸ ਵਿੱਚ 397 ਕਰੋੜ ਸਰਕਾਰ ਦੀ ਗਰਾਂਟ ਹੈ ਅਤੇ ਲਗਭਗ 240 ਕਰੋੜ ਵਿਦਿਆਰਥੀਆਂ ਦੀਆਂ ਫੀਸਾਂ ਤੋਂ ਇਕੱਠਾ ਹੁੰਦਾ ਹੈ। ਇਸ ਦੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਸਿਰ 150 ਕਰੋੜ ਦਾ ਕਰਜ਼ਾ ਵੀ ਹੈ। ਜਿਸ ਦਾ ਯੂਨੀਵਰਸਿਟੀ ਹਰ ਸਾਲ 14 ਕਰੋੜ ਵਿਆਜ ਦਿੰਦੀ ਹੈ। ਮੁੱਖ ਮੰਤਰੀ ਦੇ ਐਲਾਨ ਤੋਂ ਬਾਅਦ ਵੀ ਇਹ ਕਰਜ਼ਾ ਹਜੇ ਤੱਕ ਮਾਫ਼ ਨਹੀਂ ਹੋਇਆ।

ਪੀ.ਐਸ.ਐਫ ਤੋਂ ਗਗਨਦੀਪ ਸਿੰਘ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਵਿੱਚ ਹੋਸਟਲਾਂ ਦੀ ਵੀ ਵੱਡੀ ਘਾਟ ਹੈ, ਸਿਰਫ਼ 30% ਕੁੜੀਆਂ ਨੂੰ ਹੋਸਟਲ ਅਲੋਟ ਹੁੰਦਾ ਹੈ ਅਤੇ ਕੁਝ ਵਿਦਿਆਰਥਣਾਂ ਨੂੰ ਹੋਸਟਲ ਅਜੈਸਟਮੈਂਟ ਤੌਰ ਤੇ ਮਿਲਦਾ ਹੈ ਲਗਭਗ ਅੱਧੀਆਂ ਵਿਦਿਆਰਥਣਾਂ ਹੋਸਟਲ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ।ਵਿਦਿਆਰਥੀਆਂ ਨੇ ਸੰਘਰਸ਼ ਸਦਕਾ 2014 ਵਿੱਚ ਸਰਕਾਰ ਤੋਂ ਇੱਕ ਲੜਕੀਆਂ ਦਾ 500 ਕਮਰੇ ਦਾ ਹੋਸਟਲ ਪਾਸ ਕਰਵਾਇਆ ਸੀ। ਬਾਅਦ ਦੇ ਵਿੱਚ ਉਸ ਦਾ ਨਾਂ ਮਾਤਾ ਤ੍ਰਿਪਤਾ ਹੋਸਟਲ ਰੱਖਿਆ ਗਿਆ ਇਸਦੀ ਗਰਾਂਟ ਪੰਜਾਬੀ ਯੂਨੀਵਰਸਿਟੀ ਦੇ ਬਜਟ ਵਿੱਚ ਕਈ ਵਾਰ ਆਈ ਹੈ।ਪਰ 12 ਸਾਲ ਹੋ ਚੁੱਕੇ ਹਨ ਇਸ ਦੀ ਇੱਕ ਇੱਟ ਵੀ ਨਹੀਂ ਲੱਗੀ। ਪਿਛਲੇ ਵਿੱਦਿਅਕ ਵਰ੍ਹੇ 2025-26 ਦੌਰਾਨ ਹੋਸਟਲ ਲਈ 10 ਕਰੋੜ ਦੀ ਗਰਾਂਟ ਆਈ ਸੀ । ਜੋ ਦੋ ਹੋਸਟਲ ਕੇਂਦਰ ਸਰਕਾਰ ਵੱਲੋਂ ਦਿੱਤੇ ਗਏ ਉਸ ਦੀ ਉਸਾਰੀ ਦਾ ਕੰਮ ਵੀ ਨਹੀਂ ਸ਼ੁਰੂ ਹੋਇਆ। ਹੋਸਟਲ ਨਾ ਹੋਣ ਕਰਕੇ ਕੁਝ ਵਿਦਿਆਰਥੀ ਆਪਣਾ ਦਾਖਲਾ ਛੱਡ ਦਿੰਦੇ ਹਨ ਅਤੇ ਕੁਝ ਨੂੰ ਬਾਹਰ ਪੀਜੀ ਲੈਣੇ ਪੈਂਦੇ ਹਨ ਜੋ ਕਿ ਬਹੁਤ ਮਹਿੰਗੇ ਹਨ। ਏ.ਆਈ.ਐਸ.ਐਫ ਦੇ ਆਗੂ ਰਾਹੁਲ ਨੇ ਕਿਹਾ ਕਿ ਮੌਜੂਦਾ ਹੋਸਟਲਾਂ ਦੀ ਹਾਲਤ ਵੀ ਖ਼ਸਤਾ ਹੋ ਚੁੱਕੀ ਹੈ ।ਹੋਸਟਲਾਂ ਦੀ ਸਮੇਂ ਤੇ ਮੁਰੰਮਤ ਨਾ ਹੋਣ ਕਰਕੇ ਛੱਤਾਂ ਗਲ਼ ਚੁੱਕੀਆਂ ਹਨ ਜਿਸ ਕਰਕੇ ਬਾਰਿਸ਼ ਦੌਰਾਨ ਸਾਰੀਆਂ ਛੱਤਾਂ ਵਿੱਚੋਂ ਪਾਣੀ ਸਿੰਮਦਾ ਹੈ । ਪਿਛਲੇ ਸਮੇਂ ਦੌਰਾਨ ਹੋਸਟਲ ਦੀ ਛੱਤਾ ਵਿੱਚੋਂ ਕੁਝ ਹਿੱਸੇ ਡਿੱਗਣ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਕਈ ਹੋਸਟਲ ਅਜਿਹੇ ਹਨ ਜਿਨਾਂ ਦੀ ਇਮਾਰਤ ਸੱਤ ਮੰਜ਼ਲੀ ਹੈ ਪਰ ਲਿਫਟਾਂ ਕਈ ਸਾਲਾਂ ਤੋਂ ਬੰਦ ਪਈਆਂ ਹਨ ਜਿਵੇਂ ਕਿ ਬੰਦਾ ਸਿੰਘ ਬਹਾਦਰ ਹੋਸਟਲ ,ਮਾਈ ਭਾਗੋ ਹੋਸਟਲ ਅਤੇ ਬੇਬੇ ਨਾਨਕੀ ਹੋਸਟਲ।

ਇਸ ਪ੍ਰਦਰਸ਼ਨ ਦੇ ਦੌਰਾਨ ਡੀਨ ਵਿਦਿਆਰਥੀ ਭਲਾਈ ਦਫਤਰ ਚੋਂ ਅਧਿਕਾਰੀ ਪਹੁੰਚੇ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਹੋਈ। ਯੂਨੀਵਰਸਿਟੀ ਪ੍ਰਸ਼ਾਸਨ ਕੋਲ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਦਾ ਕੋਈ ਹੱਲ ਨਾ ਹੋਣ ਕਰਕੇ ਸਾਂਝੇ ਵਿਦਿਆਰਥੀ ਮੋਰਚੇ ਵੱਲੋਂ ਭਵਿੱਖ ਵਿੱਚ ਤਿੱਖਾ ਸੰਘਰਸ਼ ਕਰਨ ਦਾ ਐਲਾਨ ਕੀਤਾ ਗਿਆ। ਮੋਰਚੇ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਹੋਸਟਲ ਫੀਸਾਂ ਅਤੇ ਵਿਭਾਗੀ ਫੀਸਾਂ ਵਿੱਚ ਕੀਤੇ ਗਏ ਭਾਰੀ ਵਾਧੇ ਖਿਲਾਫ਼ ਸਾਂਝਾ ਸੰਘਰਸ਼ ਲੜਿਆ ਜਾਵੇਗਾ। ਮੋਰਚੇ ਵੱਲੋਂ ਯੂਨੀਵਰਸਿਟੀ ਵਿੱਚ ਸੰਘਰਸ਼ੀਲ ਵਿਦਿਆਰਥੀ ਜਥੇਬੰਦੀਆਂ ਨੂੰ ਇਸ ਫਰੰਟ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਵੇਗਾ।

# ਮੇਅਰ ਕੁੰਦਨ ਗੋਗੀਆ ਦੀ ਨਿਵੇਕਲੀ ਪਹਿਲ ਦੀ ਹਰ ਪਾਸੇ ਸ਼ਲਾਘਾ, ਰਿਟਾਇਰਮੈਂਟ ਵਾਲੇ ਦਿਨ ਹੀ ਗ੍ਰੈਜੂਟੀ ਦੀ ਅਦਾਇਗੀ:



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਦੀ ਅਗਵਾਈ ਹੇਠ ਸੇਵਾਮੁਕਤ ਹੋਣ ਵਾਲੇ ਕਰਮਚਾਰੀਆਂ ਦੇ ਸਨਮਾਨ, ਹਿੱਤਾਂ ਅਤੇ ਭਲਾਈ ਨੂੰ ਸਮਰਪਿਤ ਇੱਕ ਬਹੁਤ ਹੀ ਸ਼ਲਾਘਾਯੋਗ ਅਤੇ ਨਿਵੇਕਲੀ ਪਹਿਲਕਦਮੀ ਕੀਤੀ ਗਈ ਹੈ। ਆਮ ਤੌਰ 'ਤੇ ਦੇਖਣ ਵਿੱਚ ਆਉਂਦਾ ਹੈ ਕਿ ਸਰਕਾਰੀ ਜਾਂ ਪ੍ਰਸ਼ਾਸਨਿਕ ਸੇਵਾਵਾਂ ਤੋਂ ਰਿਟਾਇਰ ਹੋਣ ਤੋਂ ਬਾਅਦ ਕਰਮਚਾਰੀਆਂ ਨੂੰ ਆਪਣੀ ਗ੍ਰੈਜੂਟੀ, ਫੰਡ ਅਤੇ ਹੋਰ ਬਕਾਇਆ ਰਕਮ ਪ੍ਰਾਪਤ ਕਰਨ ਲਈ ਮਹੀਨਿਆਂ ਤੱਕ ਦਫ਼ਤਰਾਂ ਦੇ ਚੱਕਰ ਕੱਟਣੇ ਪੈਂਦੇ ਹਨ। ਪਰ ਮੇਅਰ ਕੁੰਦਨ ਗੋਗੀਆ ਦੇ ਯਤਨਾਂ ਸਦਕਾ ਨਗਰ ਨਿਗਮ ਪਟਿਆਲਾ ਵਿੱਚ ਇਸ ਪੁਰਾਣੀ ਪ੍ਰਥਾ ਨੂੰ ਬਦਲ ਕੇ ਇੱਕ ਨਵੀਂ ਮਿਸਾਲ ਕਾਇਮ ਕੀਤੀ ਗਈ ਹੈ।

ਇਸੇ ਲੜੀ ਤਹਿਤ ਨਗਰ ਨਿਗਮ ਦੀ ਸੇਵਾਮੁਕਤ ਹੋਈ ਸਫ਼ਾਈ ਸੇਵਿਕਾ ਸ਼੍ਰੀਮਤੀ ਬਿਮਲਾ ਨੂੰ ਉਨ੍ਹਾਂ ਦੀ ਰਿਟਾਇਰਮੈਂਟ ਦੇ ਮੌਕੇ 'ਤੇ ਹੀ 19 ਲੱਖ 76 ਹਜਾਰ ਦੀ ਗ੍ਰੈਜੂਟੀ ਰਾਸ਼ੀ ਦਾ ਚੈੱਕ ਮੇਅਰ ਵੱਲੋਂ ਸੌਂਪਿਆ ਗਿਆ। ਸੇਵਾ ਦੇ ਆਖਰੀ ਦਿਨ ਹੀ ਆਪਣਾ ਬਣਦਾ ਹੱਕ ਪ੍ਰਾਪਤ ਹੋਣ 'ਤੇ ਕਰਮਚਾਰੀ ਅਤੇ ਉਨ੍ਹਾਂ ਦੇ ਪਰਿਵਾਰ ਨੇ ਅਥਾਹ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਨਗਰ ਨਿਗਮ ਪ੍ਰਸ਼ਾਸਨ ਦਾ ਵਿਸ਼ੇਸ਼ ਧੰਨਵਾਦ ਕੀਤਾ।

ਇਸ ਮੌਕੇ ਗੱਲਬਾਤ ਕਰਦਿਆਂ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਜਿਨ੍ਹਾਂ ਕਰਮਚਾਰੀਆਂ ਨੇ ਆਪਣੇ ਜੀਵਨ ਦੇ ਕੀਮਤੀ ਸਾਲ ਨਗਰ ਨਿਗਮ ਅਤੇ ਸ਼ਹਿਰ ਦੀ ਸੇਵਾ ਵਿੱਚ ਲਗਾਏ ਹਨ, ਉਨ੍ਹਾਂ ਨੂੰ ਰਿਟਾਇਰਮੈਂਟ ਮਗਰੋਂ ਆਪਣੇ ਹੀ ਹੱਕਾਂ ਲਈ ਦਫ਼ਤਰਾਂ ਵਿੱਚ ਭਟਕਣਾ ਨਾ ਪਵੇ। ਉਨ੍ਹਾਂ ਦੱਸਿਆ ਕਿ ਨਿਗਮ ਦਾ ਇਹ ਯਤਨ ਹੈ ਕਿ ਸਾਰੇ ਲੋੜੀਂਦੇ ਦਸਤਾਵੇਜ਼ ਰਿਟਾਇਰਮੈਂਟ ਤੋਂ ਪਹਿਲਾਂ ਹੀ ਪੂਰੇ ਕਰਵਾ ਲਏ ਜਾਣ, ਤਾਂ ਜੋ ਸੇਵਾਮੁਕਤੀ ਵਾਲੇ ਦਿਨ ਹੀ ਗ੍ਰੈਜੂਟੀ ਅਤੇ ਹੋਰ ਬਣਦੇ ਵਿੱਤੀ ਲਾਭ ਜਾਰੀ ਕੀਤੇ ਜਾ ਸਕਣ। ਇਸ ਨਾਲ ਸੇਵਾਮੁਕਤ ਕਰਮਚਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਆਰਥਿਕ ਜਾਂ ਪ੍ਰਸ਼ਾਸਕੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

# 70ਵੇਂ ਜ਼ਿਲ੍ਹਾ ਪੱਧਰੀ ਰਾਈਫਲ ਸ਼ੂਟਿੰਗ ਦੇ ਮੁਕਾਬਲਿਆਂ ਦਾ ਹੋਇਆ ਆਗਾਜ਼



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾਂ ਸਿੱਖਿਆ ਅਫਸਰ ਸ਼ਾਲੂ ਮਹਿਰਾ ਤੇ ਉਪ ਜਿਲ੍ਹਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ ਤੇ ਸਪੋਰਟਸ ਕੋਆਰਡੀਨੇਟਰ ਡਾ ਦਲਜੀਤ ਸਿੰਘ ਅਤੇ ਜਿਲਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਅੰਡਰ 14 ,ਅੰਡਰ 17 ਤੇ ਅੰਡਰ 19 (ਲੜਕੇ ਤੇ ਲੜਕੀਆਂ) ਦੇ ਰਾਈਫਲ ਸ਼ੂਟਿੰਗ ਦੇ ਮੁਕਾਬਲਿਆਂ ਦਾ ਆਗਾਜ਼ ਸੰਧੂ ਰਾਈਫਲ ਸ਼ੂਟਿੰਗ ਅਕੈਡਮੀ ਵਿਖੇ ਹੋਇਆ। ਪ੍ਰਿੰਸੀਪਲ ਜਸਪਾਲ ਸਿੰਘ ਮੰਡੋਰ ਸਟੇਟ ਅਵਾਰਡੀ ਨੇ ਉਚੇਚੇ ਤੌਰ ਤੇ ਪਹੁੰਚ ਕੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਜਿਲਾ ਸਪੋਰਟਸ ਕੋਆਰਡੀਨੇਟਰ ਡਾ ਦਲਜੀਤ ਸਿੰਘ ਤੇ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਲੜਕੇ ਤੇ ਲੜਕੀਆਂ ਦੇ ਜਿਲ੍ਹਾ ਪੱਧਰੀ ਰਾਈਫਲ ਸ਼ੂਟਿੰਗ ਮੁਕਾਬਲੇ ਸ਼ੁਰੂ ਕਰਵਾਏ। ਇਸ ਮੌਕੇ ਤੇ ਪਟਿ-2 ਦੇ ਜੋਨਲ ਸਕੱਤਰ ਬਲਵਿੰਦਰ ਸਿੰਘ ਜੱਸਲ,ਐਡਵੋਕੇਟ ਭੁਪਿੰਦਰ ਸਿੰਘ ਸੰਧੂ, ਲੈਕਚਰਾਰ ਗੁਰਨਾਮ ਸਿੰਘ,ਡੀਪੀਈ ਸੁੱਚਾ ਗੁਰਪ੍ਰੀਤ ਸਿੰਘ ਡਾਟਾ ਐਂਟਰੀ ਆਪਰੇਟਰ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜ਼ਰ ਸਨ।

# ਪੰਜਾਬ ਵਿੱਚ ਕਰਮਚਾਰੀਆਂ, ਕਿਸਾਨਾਂ ਅਤੇ ਨੌਜਵਾਨਾਂ ਨਾਲ ਵਾਅਦੇ ਪੂਰੇ ਕਰਨ ਵਿੱਚ ਸਰਕਾਰ ਨਾਕਾਮ : ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ



**ਲੁਧਿਆਣਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਗਾਇਆ ਕਿ ਸਰਕਾਰ ਆਪਣੇ ਚੋਣੀ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹੀ ਹੈ ਅਤੇ ਕਰਮਚਾਰੀਆਂ, ਕਿਸਾਨਾਂ, ਨੌਜਵਾਨਾਂ ਅਤੇ ਮਹਿਲਾਵਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰੀ, ਕਰਮਚਾਰੀਆਂ ਨੂੰ ਨਾ ਤਾਂ ਡੀ.ਏ. ਦਾ ਪੂਰਾ ਲਾਭ ਮਿਲਿਆ ਹੈ ਅਤੇ ਨਾ ਹੀ ਹੋਰ ਵਿੱਤੀ ਹੱਕ ਸਮੇਂ ਸਿਰ ਦਿੱਤੇ ਗਏ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਸੂਬੇ ਦੀ ਆਰਥਿਕ ਸਥਿਤੀ ਕਮਜ਼ੋਰ ਹੋ ਚੁੱਕੀ ਹੈ, ਕਰਜ਼ਾ ਲਗਾਤਾਰ ਵੱਧ ਰਿਹਾ ਹੈ ਅਤੇ ਸਰਕਾਰ ਕੋਲ ਸੁਚੱਜੇ ਪ੍ਰਸ਼ਾਸਨ ਅਤੇ ਵਿੱਤੀ ਪ੍ਰਬੰਧਨ ਦੀ ਘਾਟ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ, ਨੌਜਵਾਨ, ਮਹਿਲਾਵਾਂ ਅਤੇ ਹੋਰ ਵਰਗ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹਨ। ਭਾਜਪਾ ਆਗੂਆਂ ਨੇ ਦਾਅਵਾ ਕੀਤਾ ਕਿ ਮੌਜੂਦਾ ਸਰਕਾਰ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਦੇ ਹੱਲ ਦੀ ਬਜਾਏ ਸਰਕਾਰੀ ਸਰੋਤਾਂ ਦੀ ਗਲਤ ਵਰਤੋਂ ਕਰ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਕੋਲ ਭਾਜਪਾ ਇੱਕ ਮਜ਼ਬੂਤ ਵਿਕਲਪ ਵਜੋਂ ਮੌਜੂਦ ਹੈ। ਆਗੂਆਂ ਨੇ ਦਾਅਵਾ ਕੀਤਾ ਕਿ ਜਿਨ੍ਹਾਂ ਰਾਜਾਂ ਵਿੱਚ ਭਾਜਪਾ ਦੀ ਸਰਕਾਰ ਹੈ, ਉੱਥੇ ਲੋਕ-ਭਲਾਈ ਯੋਜਨਾਵਾਂ ਅਤੇ ਚੋਣੀ ਗਾਰੰਟੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਨੇ ਆਪਣੇ ਵਾਅਦੇ ਪੂਰੇ ਕਰਨ ਦਾ ਰਿਕਾਰਡ ਬਣਾਇਆ ਹੈ ਅਤੇ ਪੰਜਾਬ ਦੇ ਲੋਕ ਵੀ ਵਿਕਾਸ, ਸੁਸ਼ਾਸਨ ਅਤੇ ਮਜ਼ਬੂਤ ਪ੍ਰਸ਼ਾਸਨ ਲਈ ਆਉਣ ਵਾਲੀਆਂ ਚੋਣਾਂ ਵਿੱਚ ਭਾਜਪਾ ਨੂੰ ਸਮਰਥਨ ਦੇਣਗੇ। ਭਾਜਪਾ ਆਗੂਆਂ ਨੇ ਪੰਜਾਬ ਸਰਕਾਰ ਨੂੰ ਕਰਮਚਾਰੀਆਂ ਦੇ ਬਕਾਇਆ ਹੱਕਾਂ ਅਤੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਜਲਦ ਪੂਰਾ ਕਰਨ ਦੀ ਮੰਗ ਵੀ ਕੀਤੀ।

# ਸੰਤ ਬਾਬਾ ਸੁਚਾ ਸਿੰਘ ਜੀ ਦੀ 24ਵੀਂ ਸਲਾਨਾ ਬਰਸੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਜਾਵੇਗੀ : ਸੰਤ ਬਾਬਾ ਅਮੀਰ ਸਿੰਘ



**ਲੁਧਿਆਣਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ ਵਿਖੇ ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ ਸੱਚਖੰਡ ਵਾਸੀ ਸੰਤ ਬਾਬਾ ਸੁਚਾ ਸਿੰਘ ਜੀ ਦੀ 24ਵੀਂ ਸਲਾਨਾ ਬਰਸੀ ਸ਼ਰਧਾ ਅਤੇ ਸਤਿਕਾਰ ਨਾਲ 15 ਤੋਂ 27 ਅਗਸਤ ਤੱਕ ਮਨਾਈ ਜਾਵੇਗੀ। ਇਹ ਸਮਾਗਮ ਸੰਤ ਬਾਬਾ ਸੁਚਾ ਸਿੰਘ ਜੀ ਵੱਲੋਂ ਬਖ਼ਸ਼ੇ ਉੱਤਰਾਧਿਕਾਰੀ ਸੰਤ ਬਾਬਾ ਅਮੀਰ ਸਿੰਘ ਜੀ, ਮੁਖੀ ਜਵੱਦੀ ਟਕਸਾਲ ਦੀ ਅਗਵਾਈ ਹੇਠ ਕਰਵਾਏ ਜਾਣਗੇ।

ਸਮਾਗਮਾਂ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਬਾਬਾ ਅਮੀਰ ਸਿੰਘ ਜੀ ਨੇ ਦੱਸਿਆ ਕਿ 15 ਤੋਂ 21 ਅਗਸਤ ਤੱਕ ਹਰ ਰੋਜ਼ ਰਾਤ 8:00 ਵਜੇ ਤੋਂ 9:15 ਵਜੇ ਤੱਕ ਨਾਮ ਸਿਮਰਨ ਸਮਾਗਮ ਹੋਣਗੇ। 22 ਅਗਸਤ ਨੂੰ ਰੈਣ ਸਬਾਈ ਕੀਰਤਨ ਸਮਾਗਮ, 23 ਅਤੇ 24 ਅਗਸਤ ਨੂੰ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਜਾਣਗੇ, ਜਦਕਿ 25 ਤੋਂ 27 ਅਗਸਤ ਤੱਕ ਸਵੇਰ ਤੋਂ ਰਾਤ ਤੱਕ ਧਾਰਮਿਕ ਦੀਵਾਨ ਸਜਣਗੇ।

ਉਨ੍ਹਾਂ ਦੱਸਿਆ ਕਿ 27 ਅਗਸਤ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਵਿਸ਼ਾਲ ਸੰਤ ਸਮਾਗਮ ਹੋਵੇਗਾ, ਜਿਸ ਵਿੱਚ ਤਖ਼ਤ ਸਾਹਿਬਾਨਾਂ ਦੇ ਜਥੇਦਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ, ਵੱਖ-ਵੱਖ ਧਾਰਮਿਕ ਸੰਸਥਾਵਾਂ, ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਸਭਾ-ਸੁਸਾਇਟੀਆਂ ਅਤੇ ਨੌਜਵਾਨ ਤੇ ਵਿਦਿਆਰਥੀ ਜਥੇਬੰਦੀਆਂ ਦੇ ਮੁਖੀ ਅਤੇ ਪ੍ਰਤੀਨਿਧੀ ਸ਼ਮੂਲੀਅਤ ਕਰਨਗੇ।

ਉਨ੍ਹਾਂ ਕਿਹਾ ਕਿ ਪਰਮ ਸਤਿਕਾਰਯੋਗ ਸੰਤ ਬਾਬਾ ਸੁਚਾ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੀ ਬਹਾਲੀ ਲਈ ਸਮਰਪਿਤ ਕੀਤਾ। ਉਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਦੇਖਦਿਆਂ ਸ਼੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ਼੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ਼੍ਰੀ ਪਟਨਾ ਸਾਹਿਬ ਵੱਲੋਂ ਵੱਖ-ਵੱਖ ਉਪਾਧੀਆਂ ਨਾਲ ਸਨਮਾਨਿਤ ਕੀਤਾ ਗਿਆ ਸੀ।

ਸੰਤ ਬਾਬਾ ਅਮੀਰ ਸਿੰਘ ਜੀ ਨੇ ਦੱਸਿਆ ਕਿ ਬਰਸੀ ਸਮਾਗਮਾਂ ਦੌਰਾਨ 23 ਅਗਸਤ ਨੂੰ ਜਵੱਦੀ ਟਕਸਾਲ ਵਿਖੇ ਸੁੱਖ ਸਾਗਰ ਚੈਰੀਟੇਬਲ ਡਿਸਪੈਂਸਰੀ ਅਤੇ ਸਿਲਾਈ ਸੈਂਟਰ ਦਾ ਉਦਘਾਟਨ ਵੀ ਕੀਤਾ ਜਾਵੇਗਾ। ਇਸ ਤੋਂ ਇਲਾਵਾ 23 ਅਤੇ 24 ਅਗਸਤ ਨੂੰ ਅੱਖਾਂ ਅਤੇ ਦੰਦਾਂ ਦੇ ਮੁਫ਼ਤ ਮੈਡੀਕਲ ਕੈਂਪ ਲਗਾਏ ਜਾਣਗੇ, ਜਿਨ੍ਹਾਂ ਦਾ ਲਾਭ ਵੱਡੀ ਗਿਣਤੀ ਵਿੱਚ ਲੋਕ ਲੈ ਸਕਣਗੇ।

ਉਨ੍ਹਾਂ ਕਿਹਾ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਨਾਲ-ਨਾਲ ਵਿਦੇਸ਼ਾਂ ਤੋਂ ਵੀ ਵੱਡੀ ਗਿਣਤੀ ਵਿੱਚ ਸ਼ਰਧਾਲੂ ਸੰਗਤਾਂ ਬਰਸੀ ਸਮਾਗਮਾਂ ਵਿੱਚ ਸ਼ਮੂਲੀਅਤ ਲਈ ਪਹੁੰਚਣਗੀਆਂ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਮਹਾਂਪੁਰਸ਼ਾਂ ਦੀ ਪਵਿੱਤਰ ਯਾਦ ਨੂੰ ਸਮਰਪਿਤ ਇਨ੍ਹਾਂ ਧਾਰਮਿਕ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਹਾਜ਼ਰੀ ਭਰਨ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਘੱਗਾ ਦੀਆਂ ਝੁੱਗੀਆਂ ਵਿੱਚ ਰਹਿ ਰਹੇ ਮਜ਼ਦੂਰ ਪਰਿਵਾਰਾਂ ਦੀਆਂ ਮੰਗਾਂ ਨੂੰ ਲੈ ਕੇ ਪਾਤੜਾਂ-ਪਟਿਆਲਾ ਮੁੱਖ ਸੜਕ ਢਾਈ ਘੰਟੇ ਜਾਮ

**ਸਮਾਣਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਜਵਾਨ ਭਾਰਤ ਸਭਾ ਵੱਲੋਂ ਘੱਗਾ ਦੀਆਂ ਝੁੱਗੀਆਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਰਹਿ ਰਹੇ ਮਜ਼ਦੂਰ ਪਰਿਵਾਰਾਂ ਨੂੰ 5-5 ਮਰਲੇ ਦੇ ਪਲਾਟ ਅਤੇ ਘਰ ਬਣਾਉਣ ਦੇ ਲਈ ਯੋਗ ਮੁਆਵਜ਼ਾ ਦੇਣ ਦੀ ਮੰਗ ਨੂੰ ਲੈ ਕੇ ਅੱਜ ਪਾਤੜਾਂ-ਪਟਿਆਲਾ ਮੁੱਖ ਸੜਕ ਉੱਪਰ ਰੋਸ ਧਰਨਾ ਦੇ ਕੇ ਜਾਮ ਲਗਾਇਆ ਗਿਆ।



ਇਸ ਮੌਕੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਨੌਜਵਾਨ ਭਾਰਤ ਸਭਾ ਦੇ ਸੂਬਾ ਕਮੇਟੀ ਮੈਂਬਰ ਦਵਿੰਦਰ ਛਬੀਲਪੁਰ ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਆਗੂ ਖੁਸ਼ਵੰਤ ਹਨੀ ਅਤੇ ਰਾਹੁਲ ਘੱਗਾ ਨੇ ਕਿਹਾ ਕਿ ਇਸ ਰੋਸ ਪ੍ਰਦਰਸ਼ਨ ਅਤੇ ਰੋਡ ਜਾਮ ਵਿੱਚ ਮਜ਼ਦੂਰ ਪਰਿਵਾਰਾਂ ਅਤੇ ਇਲਾਕੇ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ। ਲਗਭਗ ਢਾਈ ਘੰਟੇ ਤੱਕ ਚੱਲੇ ਰੋਡ ਜਾਮ ਤੋਂ ਬਾਅਦ ਨਾਇਬ ਤਹਿਸੀਲਦਾਰ ਹਰਸਿਮਰਨ ਸਿੰਘ ਮੌਕੇ @ਤੇ ਪਹੁੰਚੇ ਅਤੇ ਉਨ੍ਹਾਂ ਵੱਲੋਂ ਲਿਖਤੀ ਭਰੋਸਾ ਦਿੱਤਾ ਗਿਆ ਕਿ ਪੰਜ ਦਿਨਾਂ ਦੇ ਅੰਦਰ-ਅੰਦਰ ਮਜ਼ਦੂਰ ਪਰਿਵਾਰਾਂ ਨੂੰ 5-5 ਮਰਲੇ ਦੇ ਪਲਾਟ ਦੇਣ ਸਬੰਧੀ ਮਤਾ ਪਾਸ ਕਰਵਾ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ। ਲਿਖਤੀ ਭਰੋਸਾ ਮਿਲਣ ਤੋਂ ਬਾਅਦ ਨੌਜਵਾਨ ਭਾਰਤ ਸਭਾ ਦੇ ਆਗੂਆਂ ਨੇ ਰੋਡ ਜਾਮ ਖੋਲ੍ਹ ਦਿੱਤਾ। ਇਸ ਮੌਕੇ ਨੌਜਵਾਨ ਆਗੂ ਗੁਰਦੀਪ ਆਜ਼ਾਦ ਤੇ ਗੌਰਵ ਸ਼ੁਤਰਾਣਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਪੰਜ ਦਿਨਾਂ ਦੇ ਅੰਦਰ ਪ੍ਰਸ਼ਾਸਨ ਆਪਣੇ ਲਿਖਤੀ ਵਾਅਦੇ ਨੂੰ ਪੂਰਾ ਨਹੀਂ ਕਰਦਾ ਅਤੇ ਮਤਾ ਪਾਸ ਕਰਕੇ ਅਗਲੀ ਕਾਰਵਾਈ ਸ਼ੁਰੂ ਨਹੀਂ ਕਰਦਾ, ਤਾਂ ਉਹ ਹੋਰ ਤਿੱਖਾ ਸੰਘਰਸ਼ ਉਲੀਕਣ ਲਈ ਮਜਬੂਰ ਹੋਣਗੇ, ਜਿਸ ਦੀ ਪੂਰੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਪ੍ਰਿਤਪਾਲ ਕਲਵਾਨੂੰ, ਪ੍ਰਦੀਪ ਸਿੰਘ ਨਾਨਕਪੁਰਾ,ਜਸਵੀਰ ਸਿੰਘ ,ਬਿੱਟੂ ਅਤੇ ਵੱਡੀ ਗਿਣਤੀ ਵਿੱਚ ਨੌਜ਼ਵਾਨ ਅਤੇ ਮਜ਼ਦੂਰ ਸ਼ਾਮਿਲ ਸਨ।

# ਏ ਡੀ ਸੀ ਅਨੁਪ੍ਰੀਤਾ ਜੋਹਲ ਨੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਭਲਾਈ ਸਕੀਮਾਂ ਦਾ ਜਾਇਜ਼ਾ ਲਿਆ



**ਪਟਿਆਲਾ, 10 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਦੇਸ਼ ਭਗਤਾਂ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਕੰਮ ਕਰ ਰਹੀ ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਰਜਿ 234 ਦੀ ਮੰਗ ਤੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰੀਤਾ ਜੋਹਲ ਅਤੇ ਸਹਾਇਕ ਕਮਿਸ਼ਨਰ ਜਨਰਲ ਹਰਜੋਤ ਕੋਰ ਮਾਵੀ ਨੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੀਆਂ ਸਨਮਾਨ ਸਹੂਲਤਾਂ ਨੂੰ ਜ਼ਮੀਨੀ ਪੱਧਰ ਤੇ ਲਾਗੂ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ। ਸੁਤੰਤਰਤਾ ਸੰਗਰਾਮੀ ਪਰਿਵਾਰਾਂ ਵਲੋਂ ਦਿੱਤਿਆਂ ਦਰਖਾਸਤਾਂ ਸਬੰਧੀ ਕਾਰਵਾਈ ਰਿਪੋਰਟ ਨੂੰ ਸਮਾਂਬੱਧ ਹੱਲ ਕਰਨ ਅਤੇ ਸਰਕਾਰੀ ਵਿਭਾਗਾਂ ਵਿੱਚ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੇ ਮਾਣ ਸਨਮਾਨ ਨੂੰ ਯਕੀਨੀ ਬਣਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ।

ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਰਜਿ 234 ਦੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ, ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਸਿੰਘ ਬੋਬੀ, ਸੂਬਾ ਆਗੂ ਮਨਜੀਤ ਸਿੰਘ ਵਿਰਕ ਨੇ ਮੀਟਿੰਗ ਦੌਰਾਨ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਆਜ਼ਾਦੀ ਘੁਲਾਟੀਆਂ ਦੀ ਚੋਥੀ ਪੀੜ੍ਹੀ ਨੂੰ ਕਾਨੂੰਨੀ ਮਾਨਤਾ ਦਿਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਜਲਦ ਮੀਟਿੰਗ ਕਰਵਾਈ ਜਾਵੇ। ਆਗੂਆਂ ਨੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵੱਖ ਵੱਖ ਸਰਕਾਰੀ ਸਕੂਲਾਂ, ਸੜਕਾਂ ਦੇ ਨਾਂਮ ਆਜ਼ਾਦੀ ਘੁਲਾਟੀਆਂ ਦੇ ਨਾਂਮ ਤੇ ਰੱਖਣ ਦੀ ਪ੍ਰਕਿਰਿਆ ਨੂੰ ਅਮਲੀ ਜਾਮਾ ਪਹਿਨਾਉਣ ਦੀ ਮੰਗ ਕੀਤੀ। ਜਥੇਬੰਦੀ ਵੱਲੋਂ ਜ਼ਿਲ੍ਹਾ ਪਟਿਆਲਾ ਅਧੀਨ ਆਉਂਦੇ ਸੁਤੰਤਰਤਾ ਸੰਗਰਾਮੀ ਸਕੂਲਾਂ, ਮਾਰਗਾਂ ਦੇ ਸੁੰਦਰੀਕਰਨ ਲਈ ਆਵਾਜ਼ ਬੁਲੰਦ ਕੀਤੀ। ਨਗਰ ਨਿਗਮ ਵਲੋਂ ਪਾਸ ਕੀਤੇ ਮਤੇ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਦਾ ਨਾਮ ਫਰੀਡਮ ਫਾਈਟਰ ਤੇਜ਼ਾ ਸਿੰਘ ਗਿੱਲ ਦੇ ਨਾਂਮ ਤੇ ਰੱਖਣ ਸਬੰਧੀ ਕਾਰਵਾਈ ਨੂੰ ਪੂਰਾ ਕਰਨ ਦੀ ਅਪੀਲ ਕੀਤੀ ਗਈ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਜ਼ਾਦੀ ਘੁਲਾਟੀਆਂ ਵਲੋਂ ਦੇਸ਼ ਦੀ ਅਜ਼ਾਦੀ ਲਈ ਪਾਏ ਯੋਗਦਾਨ ਸਦਕਾ ਹੀ ਅਸੀਂ ਸਾਰੇ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਕਿਹਾ ਕਿ 110 ਅਗਸਤ ਮੌਕੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਵਿਸ਼ੇਸ਼ ਸਨਮਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤਾ ਜਾਵੇਗਾ। ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੀ ਭਲਾਈ ਲਈ ਹਰ ਮਹੀਨੇ ਮੀਟਿੰਗ ਕਰਵਾਉਣ ਦਾ ਉਪਰਾਲਾ ਕੀਤਾ ਜਾਵੇਗਾ।

# ਸਾਗਰ ਸੂਦ ਦੀ 71ਵੀਂ ਪੁਸਤਕ 'ਆਖ਼ਰੀ ਇਬਾਦਤ' ਦਾ ਲੋਕ ਅਰਪਣ ਅਤੇ ਰਾਸ਼ਟਰੀ ਕਵੀ ਸੰਮੇਲਨ ਆਯੋਜਿਤ



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀ. ਕੇ. ਇੰਸਟੀਚਿਊਟ ਆਫ਼ ਕਾਮਰਸ, ਪਟਿਆਲਾ ਵਿਖੇ ਸਾਹਿਤਕ ਸੰਸਥਾ ਸਾਹਿਤ ਕਲਸ਼ ਪਰਿਵਾਰ ਅਤੇ ਪ੍ਰਕਾਸ਼ਨ ਦੇ ਤੱਤਵਾਧਾਨ ਹੇਠ ਇੱਕ ਭਵਿਆ ਰਾਸ਼ਟਰੀ ਕਵੀ ਸੰਮੇਲਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਲਗਭਗ 50 ਤੋਂ ਵੱਧ ਸਾਹਿਤਕਾਰਾਂ ਨੇ ਉਤਸ਼ਾਹ ਨਾਲ ਭਾਗ ਲਿਆ।

ਪ੍ਰੋਗਰਾਮ ਦਾ ਸਫਲ ਸੰਚਾਲਨ ਡੀ. ਕੇ. ਸੂਦ ਨੇ ਕੀਤਾ। ਉਨ੍ਹਾਂ ਨੇ ਸਮੂਹ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਰਬਸ਼ਕਤੀਮਾਨ ਪਰਮਾਤਮਾ ਦੀ ਅਰਦਾਸ ਅਤੇ ਵੰਦਨਾ ਨਾਲ ਸਮਾਗਮ ਦੀ ਸ਼ੁਰੂਆਤ ਕਰਵਾਈ।

ਸਮਾਰੋਹ ਵਿੱਚ ਸੰਸਥਾ ਦੇ ਡਾਇਰੈਕਟਰ ਡਾ. ਰਵੀ ਭੂਸ਼ਣ, ਪ੍ਰਿੰਸੀਪਲ ਮੰਜੂ ਅਤੇ ਪਵਨ ਗੋਇਲ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹੇ। ਕਾਵਿ ਗੋਸ਼ਟੀ ਦੌਰਾਨ ਅਨੇਕਾਂ ਨਵੇਂ ਅਤੇ ਸੀਨੀਅਰ ਕਵੀਆਂ ਅਤੇ ਗ਼ਜ਼ਲਕਾਰਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਾਹਿਤਕ ਮਾਹੌਲ ਨੂੰ ਭਾਵ-ਵਿਭੋਰ ਕਰ ਦਿੱਤਾ।

ਪ੍ਰੋਗਰਾਮ ਦਾ ਸਭ ਤੋਂ ਆਕਰਸ਼ਕ ਅਤੇ ਯਾਦਗਾਰ ਪਲ ਸਾਹਿਤ ਕਲਸ਼ ਦੇ ਸੰਸਥਾਪਕ, ਸੰਪਾਦਕ ਅਤੇ ਪ੍ਰਕਾਸ਼ਕ 'ਸਾਗਰ' ਸੂਦ ਸੰਜੇ ਦੇ 71ਵੇਂ ਕਾਵਿ-ਸੰਗ੍ਰਹਿ ਆਖ਼ਰੀ ਇਬਾਦਤ ਦਾ ਲੋਕ ਅਰਪਣ ਰਿਹਾ। ਸਾਗਰ ਸੂਦ ਗੀਤ, ਗ਼ਜ਼ਲ, ਭਜਨ, ਕਹਾਣੀ ਅਤੇ ਕਵਿਤਾ ਵਰਗੀਆਂ ਵੱਖ-ਵੱਖ ਸਾਹਿਤਕ ਵਿਧਾਵਾਂ ਵਿੱਚ ਨਿਰੰਤਰ ਲੇਖਨ ਅਤੇ ਮੰਚੀ ਪੇਸ਼ਕਾਰੀ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਬਹੁਤ ਹੀ ਸੰਵੇਦਨਸ਼ੀਲ ਅਤੇ ਸਹਿਜ ਢੰਗ ਨਾਲ ਪ੍ਰਗਟ ਕਰਦੀਆਂ ਹਨ।

ਪੁਸਤਕ ਬਾਰੇ ਆਪਣਾ ਸਮੀਖਿਆਤਮਕ ਲੇਖ ਪੇਸ਼ ਕਰਦਿਆਂ ਮਨੁ ਵੈਸ਼ਯ ਨੇ ਕਿਹਾ ਕਿ ਆਖ਼ਰੀ ਇਬਾਦਤ ਇੱਕ ਯਥਾਰਥਵਾਦੀ ਕਾਵਿ-ਸੰਗ੍ਰਹਿ ਹੈ, ਜੋ ਜੀਵਨ ਦੇ ਵੱਖ-ਵੱਖ ਰਿਸ਼ਤਿਆਂ ਦੀ ਸੱਚਾਈ ਨੂੰ ਬਹੁਤ ਹੀ ਸਹਿਜ ਅਤੇ ਮਾਰਮਿਕ ਢੰਗ ਨਾਲ ਪੇਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਪੁਸਤਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੀ ਸਰਲ ਭਾਸ਼ਾ ਹੈ, ਜਿਸ ਵਿੱਚ ਬਿਨਾਂ ਔਖੇ ਸ਼ਬਦਾਂ ਦੇ ਭਾਵਾਂ ਦੀ ਡੂੰਘਾਈ ਪਾਠਕਾਂ ਦੇ ਦਿਲ ਨੂੰ ਸਿੱਧਾ ਛੂਹ ਜਾਂਦੀ ਹੈ। ਤ੍ਰਿਲੋਕ ਸਿੰਘ ਢਿੱਲੋਂ ਨੇ ਪੁਸਤਕ ਦੀਆਂ ਕਈ ਕਵਿਤਾਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਵਿੱਚ ਨਿਹਿਤ ਸੱਚਾਈ ਅਤੇ ਜੀਵਨ-ਦਰਸ਼ਨ ਦੀ ਪ੍ਰਸ਼ੰਸਾ ਕੀਤੀ। ਰੂਪਨਗਰ ਤੋਂ ਆਈ ਕਵਿਤਰੀ ਡਾ. ਮੀਨੂ ਸੁਖਮਨ ਨੇ ਕਿਹਾ ਕਿ ਇਹ ਪੁਸਤਕ ਸੰਵੇਦਨਾਵਾਂ, ਅਨੁਭਵਾਂ ਅਤੇ ਜ਼ਮੀਰ ਦੀ ਰੂਹਾਨੀ ਪੁਕਾਰ ਹੈ। ਅੰਮ੍ਰਿਤਸਰ ਤੋਂ ਪਹੁੰਚੀ ਡਾ. ਅਨੀਸ਼ਾ ਅੰਗਰਾ ਅੰਗਿਰਾ ਨੇ ਵੀ ਪੁਸਤਕ ਦੀ ਵਿਸ਼ਾ-ਵਸਤੂ ਅਤੇ ਸੰਵੇਦਨਾਤਮਕ ਪੱਖ ਉੱਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਆਖ਼ਰੀ ਇਬਾਦਤ ਇੱਕ ਅਜਿਹਾ ਕਾਵਿ-ਸੰਗ੍ਰਹਿ ਹੈ, ਜਿਸ ਵਿੱਚ ਲੇਖਕ ਨੇ ਛੰਦਾਂ ਦੀਆਂ ਬੇੜੀਆਂ ਅਤੇ ਤੁਕਾਂ ਦੀ ਮਜ਼ਬੂਰੀ ਨੂੰ ਇੱਕ ਪਾਸੇ ਰੱਖ ਕੇ ਆਪਣੇ ਦਿਲ ਦੀ ਆਵਾਜ਼ ਸੁਣੀ ਹੈ ਅਤੇ ਦਿਲ ਵਿੱਚ ਉੱਠੀ ਹਰ ਭਾਵਨਾ ਨੂੰ ਬਿਨਾਂ ਕਿਸੇ ਝਿਝਕ ਦੇ ਸ਼ਬਦਾਂ ਦੇ ਮੋਤੀਆਂ ਵਿੱਚ ਪਰੋ ਦਿੱਤਾ ਹੈ। ਡਾ. ਨੀਰਜ ਭਾਰਦਵਾਜ ਨੇ ਪੁਸਤਕ ਦੀਆਂ ਕਵਿਤਾਵਾਂ ਦੀ ਸੁੰਦਰ ਅਭਿਵਿਅਕਤੀ ਅਤੇ ਭਾਵ-ਸੰਪੰਨਤਾ ਦੀ ਭਰਪੂਰ ਸਰਾਹਨਾ ਕੀਤੀ। ਸਾਗਰ ਸੂਦ ਨੇ ਵੀ ਆਪਣੀ ਸਾਹਿਤਕ ਯਾਤਰਾ ਬਾਰੇ ਚਾਨਣਾ ਪਾਇਆ ਅਤੇ ਆਖ਼ਰੀ ਇਬਾਦਤ ਵਿੱਚੋਂ ਕੁਝ ਖ਼ੂਬਸੂਰਤ ਕਵਿਤਾਵਾਂ ਸੁਣਾ ਕੇ ਸਮਾਗਮ ਨੂੰ ਇੰਦਰਧਨੁਸ਼ੀ ਰੰਗਾਂ ਨਾਲ ਰੰਗ ਦਿੱਤਾ।

ਗੋਸ਼ਟੀ ਵਿੱਚ ਸ਼ਾਮਲ ਹੋਏ ਸਾਹਿਤਕਾਰਾਂ ਵਿੱਚ ਡਾ. ਨਰੇਸ਼ ਰਾਜ਼, ਕੁਲਵਿੰਦਰ ਸਿੰਘ, ਅਨੂ ਭੱਟੀ, ਜਗਦੀਸ਼ ਜੱਗੀ, ਸੁਬੀਰ ਭਾਰਤੀ, ਬਲਜਿੰਦਰ ਸਰੋਏ, ਰਵੀ ਕਾਤਿਬ, ਪ੍ਰੀਤਮ ਲਾਲ ਸ਼ਰਮਾ, ਹਰੀ ਦੱਤ ਹਬੀਬ, ਜਸਵਿੰਦਰ ਕੌਰ, ਕ੍ਰਿਸ਼ਨ ਲਾਲ ਧੀਮਾਨ, ਗੁਰਪ੍ਰੀਤ ਸਿੰਘ ਢਿੱਲੋਂ, ਸ਼੍ਰਵਣ ਵਰਮਾ, ਬਜਿੰਦਰ ਠਾਕੁਰ, ਜੌਏ, ਗੀਤਿਨ ਵਤਰਾਣੇ, ਸਿਮਰਨ, ਰੋਹਿਤ ਰਿਸ਼ੀ, ਨਵਪ੍ਰੀਤ ਸਿੰਘ, ਨਰਗਿਸ ਤਨਹਾ, ਪਰਵਿੰਦਰ ਸ਼ੌਂਖ਼, ਅਮਰਪ੍ਰੀਤ ਕੌਰ, ਐੱਮ. ਐੱਸ. ਜੱਗੀ, ਕੁਲਦੀਪ ਕੌਰ ਧੰਜੂੰ, ਦੀਪਾਂਸ਼ੂ ਰਿਸ਼ੀ, ਸੰਜੇ ਦਰਦੀ ਚੋਪੜਾ, ਅੰਮ੍ਰਿਤਪਾਲ ਕਾਫ਼ੀ, ਡਾ. ਭੂਪਿੰਦਰ ਸਿੰਘ, ਪਰਵੀਨ ਵਰਮਾ, ਪੁਨੀਤ ਗੋਇਲ, ਸਤੀਸ਼ ਵਿਦਰੋਹੀ, ਸੰਜਨਾ, ਕੁਲਜੀਤ ਕੌਰ, ਨਵੀਨ, ਨੀਲਮ ਦੱਤ, ਤਰਸੇਮ ਚੰਦ, ਰਾਕੇਸ਼ ਜਲੋਤਰਾ, ਰਾਜੇਸ਼ਵਰ ਕੁਮਾਰ, ਜਸ਼ਨ, ਸ਼ਾਮ ਲਾਲ, ਇੰਦਰ ਪਾਲ ਸਿੰਘ, ਪ੍ਰੀਤਮ ਦੇਵੀ, ਵਿਜੈ ਕੁਮਾਰ, ਵੀਣਾ ਸੂਦ, ਰਾਜੇਸ਼ ਕੋਟੀਆ, ਸਰੋਜ ਅਤੇ ਮੁਕੇਸ਼ ਨੇ ਆਪਣੀਆਂ-ਆਪਣੀਆਂ ਰਚਨਾਵਾਂ ਰਾਹੀਂ ਮਾਂ ਸਰਸਵਤੀ ਦੇ ਚਰਨਾਂ ਵਿੱਚ ਹਾਜ਼ਰੀ ਲਗਵਾਈ ਅਤੇ ਸਾਗਰ ਸੂਦ ਨੂੰ ਉਨ੍ਹਾਂ ਦੇ 71ਵੇਂ ਕਾਵਿ-ਸੰਗ੍ਰਹਿ ਲਈ ਦਿਲੋਂ ਮੁਬਾਰਕਬਾਦ ਦਿੱਤੀ।

ਅੰਤ ਵਿੱਚ ਜੁਲਾਈ ਮਹੀਨੇ ਵਿੱਚ ਜਨਮੇ ਸਾਹਿਤ ਕਲਸ਼ ਪਰਿਵਾਰ ਦੇ ਮੈਂਬਰਾਂ ਦਾ ਜਨਮਦਿਨ ਕੇਕ ਕੱਟ ਕੇ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਾਗਰ ਸੂਦ ਨੇ ਸਮੂਹ ਮਹਿਮਾਨਾਂ, ਸਾਹਿਤਕਾਰਾਂ ਅਤੇ ਹਾਜ਼ਰ ਸਰੋਤਿਆਂ ਦਾ ਧੰਨਵਾਦ ਪ੍ਰਗਟ ਕਰਦਿਆਂ ਸਮਾਗਮ ਦੀ ਸਮਾਪਤੀ ਕੀਤੀ।

# ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਰਜਿੰਦਰਾ ਹਸਪਤਾਲ ਪਟਿਆਲਾ ਦਾ ਪੁਨਰਗਠਨ ਹੋਇਆ




**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਰਜਿਸਟਰਡ ਤੇ ਮਾਨਤਾ ਪ੍ਰਾਪਤ ਪੰਜਾਬ ਸਰਕਾਰ ਮੁੱਖ ਦਫਤਰ (1680) ਸੈਕਟਰ 22—ਬੀ, ਚੰਡੀਗੜ੍ਹ ਸਬ ਬ੍ਰਾਂਚ ਰਜਿੰਦਰਾ ਹਸਪਤਾਲ ਪਟਿਆਲਾ ਦਾ ਪੁਨਰਗਠਨ ਜਰਨਲ ਇਕੱਤਰਤਾ ਕਰਕੇ ਕੀਤਾ ਗਿਆ। ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਜੀ, ਸ਼ਹਿਰੀ ਪ੍ਰਧਾਨ ਰਾਮ ਪ੍ਰਸਾਦ ਸਹੋਤਾ, ਸੀਨੀਅਰ ਮੀਤ ਪ੍ਰਧਾਨਸ਼ਿਵ ਚਰਨ, ਇੰਦਰਪਾਲ ਵਾਲਿਆ, ਪ੍ਰਕਾਸ਼ ਸਿੰਘ ਲੁਬਾਣਾ ਆਦਿ ਆਗੂ ਸ਼ਾਮਲ ਸਨ। ਪੁਨਰਗਠਨ ਦੌਰਾਨ ਸ੍ਰੀ ਰਾਮ ਕਿਸ਼ਨ ਚੇਅਰਮੈਨ, ਪ੍ਰਧਾਨ ਰਾਜੇਸ਼ ਗੋਲੂ, ਸੀਨੀਅਰ ਮੀਤ ਪ੍ਰਧਾਨ ਅਜੇ ਕੁਮਾਰ ਸਿੱਪਾ, ਮੀਤ ਪ੍ਰਧਾਨ ਅਮਨ ਕੁਮਾਰ, ਸੁਖਦੇਵ ਸਿੰਘ,ਦਫਤਰ ਸਕੱਤਰ ਸਤਨਾਮ ਸਿੰਘ, ਸਕੱਤਰ ਦੇਸ਼ ਰਾਜ, ਕੈਸ਼ੀਅਰ ਸਰਬਜੀਤ ਸਿੰਘ, ਮੀਡੀਆ ਸਲਾਹਕਾਰ ਮਹਿੰਦਰ ਸਿੰਘ ਸਿੱਧੂ, ਪ੍ਰਚਾਰ ਸਕੱਤਰ ਗੌਰਵ, ਮੁੱਖ ਸਲਾਹਕਾਰ ਚਰਨ ਲਾਲ, ਸਲਾਹਕਾਰ ਮੁਕੇਸ਼ ਕੁਮਾਰ, ਮੈਂਬਰ ਰਾਮੂ, ਸਤਿਨਰਾਇਣ ਗੋਨੀ, ਰਜਿੰਦਰੀ, ਸ਼ੁਸ਼ਮਾ, ਗੀਤਾ, ਮੰਜੂ, ਸੰਜੇ ,ਦਿਨੇਸ਼ ਠਾਕੁਰ, ਆਦਿ। ਉਪਰੋਕਤ ਇਕੱਤਰਤਾ ਵਿੱਚ ਕਿਤੇ ਗਏ ਪੁਨਗਰਠਨ ਵਿੱਚ ਸ਼ਾਮਿਲ ਸਾਰੇ ਆਹੁਦੇਦਾਰਾਂ ਨੂੰ ਇਹ ਅਧਿਕਾਰ ਦਿੱਤੇ ਗਏ ਕਿ ਹੋਰ ਕੋਈ ਵੀ ਮੈਂਬਰ ਤੇ ਸਾਥੀ ਪੁਨਗਰਠਨ ਦੌਰਾਨ ਸਥਾਪਿਤ ਕੀਤੀ ਕਮੇਟੀ ਵਿੱਚ ਸ਼ਾਮਲ ਕਰਨ ਦਾ ਅਧਿਕਾਰ ਸਬੰਧਤ ਅਹੁਦੇਦਾਰਾਂ ਨੂੰ ਸੌਂਪੇ ਗਏ। ਇਕੱਤਰਤਾ ਵਿੱਚ ਫੈਸਲਾ ਕੀਤਾ ਗਿਆ ਕਿ ਮਿਤੀ 7—8—2026 ਨੂੰ ਮੁਲਾਜਮਾਂ ਅਤੇ ਪੈਨਸ਼ਨਰਾਂ ਦੀ ਸਾਂਝੀ ਰੈਨੀ ਚੰਡੀਗੜ੍ਹ ਵਿਖੇ ਹੋਵੇਗੀ ਇਸ ਰੈਲੀ ਵਿੱਚ ਸਾਥੀ ਰਾਜੇਸ਼ ਕੁਮਾਰ ਗੋਲੂ ਅਤੇ ਅਰੁਣ ਕੁਮਾਰ ਦੀ ਅਗਵਾਈ ਵਿੱਚ ਕੱਚੇ ਅਤੇ ਪੱਕੇ ਮੁਲਾਜਮ ਸ਼ਾਮਿਲ ਹੋਣਗੇ। ਇਸ ਤਰ੍ਹਾਂ ਕਲਾਸ ਫੋਰਥ ਇੰਪਲਾਈਜ਼ ਯੂਨੀਅਨ ਵੱਲੋਂ 14/110 ਅਗਸਤ ਨੂੰ ਕੀਤੀ ਜਾਣ ਵਾਲੀ ਭੁੱਖ ਹੜਤਾਲ ਅਤੇ ਝੰਡਾ ਮਾਰਚ ਵਿੱਚ ਸਿਹਤ ਵਿਭਾਗ ਵਿਚਲੇ ਚੌਥਾ ਦਰਜਾ ਕਰਮਚਾਰੀ, ਆਊਟ ਸੋਰਸ ਅਤੇ ਡੇਲੀਵੇਜਿਜ਼ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਇਹ ਭੁੱਖ ਹੜਤਾਲ ਪਟਿਆਲਾ ਸਿਵਲ ਸਰਜਨ ਦਫਤਰ ਅੱਗੇ ਕੀਤੀ ਜਾਣੀ ਹੈ। ਸੋ ਸਾਰੇ ਸਾਥੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਪਰੋਕਤ ਐਕਸ਼ਨ ਵਿੱਚ ਪੂਰੀ ਜਿੰਮੇਵਾਰੀ ਨਾਲ ਸ਼ਾਮਲ ਹੋਣਗੇ।

# ਕਾਮਨਵੈਲਥ ਖੇਡਾਂ ਵਿੱਚ ਭਾਰਤ ਦਾ ਚੌਥਾ ਸਥਾਨ ਪੂਰੇ ਦੇਸ਼ ਲਈ ਹੈ ਮਾਣ ਵਾਲੀ ਗੱਲ : ਖੇਡ ਰਾਜ ਮੰਤਰੀ ਗੌਰਵ ਗੌਤਮ

## ਪੰਚਕੂਲਾ ਵਿੱਚ ਪਹਿਲੀ ਸੰਤ ਗੁਰੂ ਰਵਿਦਾਸ ਨਾਰਥ ਜ਼ੋਨ ਗਰਲਜ਼ ਵਾਲੀਬਾਲ ਚੈਂਪੀਅਨਸ਼ਿਪ ਵਿੱਚ ਪੁੱਜੇ ਖੇਡ ਮੰਤਰੀ, ਖਿਡਾਰੀਆਂ ਨੂੰ ਦਿੱਤਾ ਮਿਹਨਤ ਅਤੇ ਖੇਡ ਭਾਵਨਾ ਦਾ ਸੰਦੇਸ਼

**ਪੰਚਕੂਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਡ, ਯੂਵਾ ਸਸ਼ਕਤੀਕਰਨ ਅਤੇ ਉੱਦਮਤਾ ਅਤੇ ਕਾਨੂੰਨ ਤੇ ਵਿਧਾਨਕ ਕਾਰਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਗਲਾਸਗੋ ਕਾਮਨਵੈਲਥ ਖੇਡਾਂ 2026 ਵਿੱਚ ਭਾਰਤ ਦਾ ਵਿਸ਼ਵ ਵਿੱਚ ਚੌਥਾ ਸਥਾਨ ਪ੍ਰਾਪਤ ਕਰਨਾ ਪੂਰੇ ਦੇਸ਼ ਲਈ ਮਾਣ ਅਤੇ ਸਨਮਾਨ ਦੀ ਗੱਲ ਹੈ। ਭਾਰਤੀ ਖਿਡਾਰੀਆਂ ਨੇ ਆਪਣੀ ਪ੍ਰਤਿਭਾ, ਅਨੁਸ਼ਾਸਨ ਅਤੇ ਅਥਕ ਮਿਹਨਤ ਦੇ ਦਮ 'ਤੇ ਦੁਨੀਆ ਵਿੱਚ ਭਾਰਤ ਦੀ ਨਵੀਂ ਪਛਾਣ ਬਣਾਈ ਹੈ। ਆਉਣ ਵਾਲੇ ਸਮੇਂ ਵਿੱਚ ਦੇਸ਼ ਦੇ ਯੁਵਾ ਖਿਡਾਰੀ ਇਸੇ ਪ੍ਰੇਰਨਾ ਨਾਲ ਕੌਮਾਂਤਰੀ ਮੰਚਾਂ 'ਤੇ ਹੋਰ ਵੱਧ ਸਫਲਤਾ ਹਾਸਲ ਕਰਨਗੇ।



ਖੇਡ ਮੰਤਰੀ ਅੱਜ ਪੰਚਕੂਲਾ ਵਿੱਚ ਆਯੋਜਿਤ ਪਹਿਲੀ ਸੰਤ ਗੁਰੂ ਰਵਿਦਾਸ ਨਾਰਥ ਜ਼ੋਨ ਗਰਲਜ਼ ਵਾਲੀਬਾਲ ਚੈਂਪੀਅਨਸ਼ਿਪ ਦੇ ਉਦਘਾਟਨੀ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਨ ਕਰ ਰਹੇ ਸਨ। ਮੁਕਾਬਲੇ ਵਿੱਚ ਉੱਤਰ ਭਾਰਤ ਦੇ ਵੱਖ-ਵੱਖ ਰਾਜਾਂ ਦੀਆਂ ਮਹਿਲਾ ਵਾਲੀਬਾਲ ਟੀਮਾਂ ਨੇ ਭਾਗ ਲਿਆ। ਪ੍ਰੋਗਰਾਮ ਵਿੱਚ ਖਿਡਾਰੀਆਂ, ਕੋਚਾਂ, ਖੇਡ ਅਧਿਕਾਰੀਆਂ ਅਤੇ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਵੀ ਹਾਜ਼ਰ ਸਨ। ਇਸ ਦੌਰਾਨ ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਖੇਡਾਂ ਸਿਰਫ਼ ਜਿੱਤ ਅਤੇ ਹਾਰ ਦਾ ਨਾਂ ਨਹੀਂ ਹਨ, ਸਗੋਂ ਇਹ ਅਨੁਸ਼ਾਸਨ, ਆਤਮ-ਵਿਸ਼ਵਾਸ, ਸੰਘਰਸ਼, ਲੀਡਰਸ਼ਿਪ ਸਮਰੱਥਾ ਅਤੇ ਟੀਮ ਭਾਵਨਾ ਦਾ ਸਭ ਤੋਂ ਵੱਡਾ ਸਕੂਲ ਹਨ। ਖੇਡਾਂ ਵਿਅਕਤੀ ਨੂੰ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਸਿਖਾਉਂਦੀਆਂ ਹਨ ਅਤੇ ਸਮਾਜ ਵਿੱਚ ਸਕਾਰਾਤਮਕ ਊਰਜਾ ਦਾ ਸੰਚਾਰ ਕਰਦੀਆਂ ਹਨ।

ਉਨ੍ਹਾਂ ਕਿਹਾ ਕਿ ਹਰੇਕ ਖਿਡਾਰੀ ਨੂੰ ਟੀਚਾ ਮਿਥ ਕੇ ਲਗਾਤਾਰ ਮਿਹਨਤ ਕਰਨੀ ਚਾਹੀਦੀ ਹੈ, ਕਿਉਂਕਿ ਸਫਲਤਾ ਦਾ ਕੋਈ ਸ਼ਾਰਟਕੱਟ ਨਹੀਂ ਹੁੰਦਾ।

ਉਨ੍ਹਾਂ ਕਿਹਾ ਕਿ ਹਰਿਆਣਾ ਨੇ ਲੰਮੇ ਸਮੇਂ ਤੋਂ ਦੇਸ਼ ਦੀ ਖੇਡ ਰਾਜਧਾਨੀ ਵਜੋਂ ਆਪਣੀ ਪਛਾਣ ਬਣਾਈ ਹੋਈ ਹੈ। ਓਲੰਪਿਕ, ਪੈਰਾਲੰਪਿਕ, ਏਸ਼ਿਆਈ ਖੇਡਾਂ, ਰਾਸ਼ਟਰਮੰਡਲ ਖੇਡਾਂ ਅਤੇ ਹੋਰ ਕੌਮਾਂਤਰੀ ਮੁਕਾਬਲਿਆਂ ਵਿੱਚ ਸੂਬੇ ਦੇ ਖਿਡਾਰੀਆਂ ਨੇ ਲਗਾਤਾਰ ਦੇਸ਼ ਦਾ ਮਾਣ ਵਧਾਇਆ ਹੈ। ਇਹ ਪ੍ਰਾਪਤੀਆਂ ਖਿਡਾਰੀਆਂ ਦੀ ਮਿਹਨਤ ਦੇ ਨਾਲ-ਨਾਲ ਪ੍ਰਦੇਸ਼ ਵਿੱਚ ਵਿਕਸਤ ਮਜ਼ਬੂਤ ਖੇਡ ਸੱਭਿਆਚਾਰ ਦਾ ਨਤੀਜਾ ਹਨ।

ਖੇਡ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਖਿਡਾਰੀਆਂ ਦੇ ਹਿੱਤਾਂ ਨੂੰ ਸਰਵਉੱਚ ਤਰਜੀਹ ਦੇ ਰਹੀ ਹੈ। ਸੂਬੇ ਵਿੱਚ ਆਧੁਨਿਕ ਖੇਡ ਬੁਨਿਆਦੀ ਵਿਕਸਤ ਕੀਤਾ ਜਾ ਰਿਹਾ ਹੈ, ਖੇਡ ਸਟੇਡੀਅਮਾਂ ਦਾ ਵਿਸਥਾਰ ਕੀਤਾ ਜਾ ਰਿਹਾ ਹੈ, ਖਿਡਾਰੀਆਂ ਨੂੰ ਉੱਚ ਪੱਧਰੀ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਆਧੁਨਿਕ ਖੇਡ ਉਪਕਰਣਾਂ ਦਾ ਪ੍ਰਬੰਧ ਯਕੀਨੀ ਬਣਾਇਆ ਜਾ ਰਿਹਾ ਹੈ। ਸਰਕਾਰ ਦਾ ਉਦੇਸ਼ ਹੈ ਕਿ ਪ੍ਰਦੇਸ਼ ਦਾ ਕੋਈ ਵੀ ਪ੍ਰਤਿਭਾਵਾਨ ਖਿਡਾਰੀ ਸਾਧਨਾਂ ਦੀ ਘਾਟ ਕਾਰਨ ਪਿੱਛੇ ਨਾ ਰਹਿ ਜਾਵੇ।

ਮਹਿਲਾ ਖਿਡਾਰੀਆਂ ਦਾ ਜ਼ਿਕਰ ਕਰਦਿਆਂ ਗੌਰਵ ਗੌਤਮ ਨੇ ਕਿਹਾ ਕਿ ਅੱਜ ਧੀਆਂ ਹਰ ਖੇਤਰ ਵਾਂਗ ਖੇਡਾਂ ਵਿੱਚ ਵੀ ਨਵੇਂ ਕੀਰਤੀਮਾਨ ਸਥਾਪਤ ਕਰ ਰਹੀਆਂ ਹਨ। ਹਰਿਆਣਾ ਦੀਆਂ ਧੀਆਂ ਨੇ ਕੌਮਾਂਤਰੀ ਮੰਚਾਂ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਪੂਰੇ ਦੇਸ਼ ਦਾ ਮਾਣ ਵਧਾਇਆ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਮੁਕਾਬਲੇ ਵਿੱਚ ਭਾਗ ਲੈਣ ਵਾਲੀਆਂ ਖਿਡਾਰੀ ਵੀ ਭਵਿੱਖ ਵਿੱਚ ਭਾਰਤੀ ਟੀਮ ਦੀ ਨੁਮਾਇੰਦਗੀ ਕਰਕੇ ਦੇਸ਼ ਲਈ ਤਮਗੇ ਜਿੱਤਣ ਦੀ ਸਮਰੱਥਾ ਰੱਖਦੀਆਂ ਹਨ। ਇਸ ਮੌਕੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ/ਸਾਬਕਾ ਸਪੀਕਰ ਸ੍ਰੀ ਗਿਆਨਚੰਦ ਗੁਪਤਾ ਅਤੇ ਕਾਲਕਾ ਤੋਂ ਸਾਬਕਾ ਵਿਧਾਇਕ ਲਤਿਕਾ ਸ਼ਰਮਾ ਤੇ ਹੋਰ ਪਤਵੰਤੇ ਲੋਕ ਮੌਜੂਦ ਸਨ।

# ਮਹੀਪਲ ਢਾਂਡਾ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਕੀਤੀ ਮੁਲਾਕਾਤ, ਜਨਹਿਤ ਅਤੇ ਸਿੱਖਿਆ ਸੁਧਾਰਾਂ ਉੱਤੇ ਲਿਆ ਮਾਰਗਦਰਸ਼ਨ

**ਨਵੀਂ ਦਿੱਲੀ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿੱਖਿਆ ਮੰਤਰੀ ਸ੍ਰੀ ਮਹੀਪਲ ਢਾਂਡਾ ਨੇ ਨਵੀਂ ਦਿੱਲੀ ਸਥਿਤ ਰੱਖਿਆ ਮੰਤਰੀ ਦੇ ਨਿਵਾਸ ਸਥਾਨ 'ਤੇ ਪਹੁੰਚ ਕੇ ਦੇਸ਼ ਦੇ ਰੱਖਿਆ ਮੰਤਰੀ ਸ੍ਰੀ ਰਾਜਨਾਥ ਸਿੰਘ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਦੌਰਾਨ ਸਿੱਖਿਆ ਮੰਤਰੀ ਨੇ ਦੇਸ਼ ਦੇ ਸੀਨੀਅਰ ਆਗੂ ਅਤੇ ਰੱਖਿਆ ਮੰਤਰੀ ਨਾਲ ਵੱਖ-ਵੱਖ ਸਮਕਾਲੀ, ਪ੍ਰਸੰਗਿਕ ਅਤੇ ਰਾਜ ਦੇ ਜਨਹਿਤ ਨਾਲ ਜੁੜੇ ਮਹੱਤਵਪੂਰਨ ਵਿਸ਼ਿਆਂ 'ਤੇ ਸਾਰਥਕ ਚਰਚਾ ਕੀਤੀ ਅਤੇ ਉਨ੍ਹਾਂ ਦਾ ਮਾਰਗਦਰਸ਼ਨ ਪ੍ਰਾਪਤ ਕੀਤਾ।



ਮੁਲਾਕਾਤ ਦੌਰਾਨ ਹਰਿਆਣਾ ਦੇ ਸਿੱਖਿਆ ਮੰਤਰੀ ਨੇ ਰੱਖਿਆ ਮੰਤਰੀ ਨੂੰ ਰਾਜ ਵਿੱਚ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਨਵੇਂ ਤਜ਼ਰਬਿਆਂ, ਢਾਂਚਾਗਤ ਸੁਧਾਰਾਂ ਅਤੇ 'ਰਾਸ਼ਟਰੀ ਸਿੱਖਿਆ ਨੀਤੀ-2020' (ਐੱਨ.ਈ.ਪੀ.) ਦੇ ਪ੍ਰਭਾਵੀ ਅਮਲ ਦੀ ਦਿਸ਼ਾ ਵਿੱਚ ਚੁੱਕੇ ਜਾ ਰਹੇ ਕਦਮਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਹਰਿਆਣਾ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਗੁਣਵੱਤਾ ਭਰਪੂਰ, ਰੁਜ਼ਗਾਰ ਮੁਖੀ ਅਤੇ ਸੰਸਕਾਰ ਯੁਕਤ ਸਿੱਖਿਆ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ।

ਸਿੱਖਿਆ ਮੰਤਰੀ ਸ੍ਰੀ ਮਹੀਪਲ ਢਾਂਡਾ ਨੇ ਕਿਹਾ ਕਿ ਦੇਸ਼ ਦੇ ਸੀਨੀਅਰ ਅਤੇ ਤਜ਼ਰਬੇਕਾਰ ਆਗੂਆਂ ਦਾ ਮਾਰਗਦਰਸ਼ਨ ਸਾਨੂੰ ਰਾਜ ਦੇ ਵਿਕਾਸ ਅਤੇ ਜਨ-ਸੇਵਾ ਦੇ ਸੰਕਲਪ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਣ ਦੀ ਪ੍ਰੇਰਨਾ ਦਿੰਦਾ ਹੈ। ਰੱਖਿਆ ਮੰਤਰੀ ਨਾਲ ਹੋਈ ਇਹ ਬੈਠਕ ਬੇਹੱਦ ਸਕਾਰਾਤਮਕ ਅਤੇ ਮਾਰਗਦਰਸ਼ਕ ਰਹੀ। ਉਨ੍ਹਾਂ ਵੱਲੋਂ ਦਿੱਤੇ ਗਏ ਅਨਮੋਲ ਸੁਝਾਵਾਂ ਨਾਲ ਸੂਬੇ ਵਿੱਚ ਜਨਹਿਤ ਦੀਆਂ ਯੋਜਨਾਵਾਂ ਅਤੇ ਵਿਦਿਅਕ ਨੀਤੀਆਂ ਨੂੰ ਵਧੇਰੇ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਵਿੱਚ ਮਦਦ ਮਿਲੇਗੀ।

ਮੀਟਿੰਗ ਦੌਰਾਨ ਰੱਖਿਆ ਮੰਤਰੀ ਸ੍ਰੀ ਰਾਜਨਾਥ ਸਿੰਘ ਨੇ ਹਰਿਆਣਾ ਸਰਕਾਰ ਵੱਲੋਂ ਨੌਜਵਾਨਾਂ ਦੇ ਉੱਜਵਲ ਭਵਿੱਖ, ਹੁਨਰ ਵਿਕਾਸ ਅਤੇ ਸਿੱਖਿਆ ਦੇ ਪੱਧਰ ਨੂੰ ਸੁਧਾਰਨ ਲਈ ਚੁੱਕੇ ਜਾ ਰਹੇ ਕਦਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਸਿੱਖਿਆ ਮੰਤਰੀ ਨੂੰ ਸਲਾਹ ਦਿੱਤੀ ਕਿ ਉਹ ਨੌਜਵਾਨਾਂ ਵਿੱਚ ਦੇਸ਼ ਭਗਤੀ, ਨੈਤਿਕ ਮੁੱਲਾਂ ਅਤੇ ਆਧੁਨਿਕ ਤਕਨੀਕੀ ਗਿਆਨ ਦਾ ਸਮਾਵੇਸ਼ ਕਰਨ ਵਾਲੀਆਂ ਨੀਤੀਆਂ 'ਤੇ ਵਿਸ਼ੇਸ਼ ਧਿਆਨ ਦੇਣ।

ਇਸ ਮੁਲਾਕਾਤ ਦੌਰਾਨ ਰਾਜ ਦੇ ਵਿਕਾਸ ਕਾਰਜਾਂ, ਨੌਜਵਾਨਾਂ ਦੇ ਉਥਾਨ ਅਤੇ ਸਮਾਜਿਕ ਸਮਰੱਸਤਾ ਵਰਗੇ ਕਈ ਅਹਿਮ ਬਿੰਦੂਆਂ 'ਤੇ ਵੀ ਸਕਾਰਾਤਮਕ ਵਿਚਾਰ-ਵਟਾਂਦਰਾ ਹੋਇਆ। ਸਿੱਖਿਆ ਮੰਤਰੀ ਨੇ ਵਿਸ਼ਵਾਸ ਦਿਵਾਇਆ ਕਿ ਉਹ ਕੇਂਦਰੀ ਲੀਡਰਸ਼ਿਪ ਦੇ ਮਾਰਗਦਰਸ਼ਨ ਵਿੱਚ ਹਰਿਆਣਾ ਨੂੰ ਸਿੱਖਿਆ ਅਤੇ ਜਨ-ਕਲਿਆਣ ਦੇ ਖੇਤਰ ਵਿੱਚ ਦੇਸ਼ ਦਾ ਮੋਹਰੀ ਰਾਜ ਬਣਾਉਣ ਲਈ ਵਚਨਬੱਧ ਹਨ।

# ਹਰਿਆਣਾ ਦੇ ਬਿਜਲੀ ਖਪਤਕਾਰਾਂ ਨੂੰ ਵੱਡੀ ਰਾਹਤ: ਅਣ-ਅਧਿਕਾਰਤ ਲੋਡ 'ਤੇ ਸਰਚਾਰਜ ਵਿੱਚ ਛੋਟ, ਲੋਡ ਘਟਾਉਣ-ਵਧਾਉਣ ਦੇ ਨਿਯਮ ਹੋਏ ਸੌਖੇ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਰਾਜ ਦੇ ਬਿਜਲੀ ਖਪਤਕਾਰਾਂ ਨੂੰ ਵੱਡੀ ਰਾਹਤ ਦਿੰਦਿਆਂ ਬਿਜਲੀ ਸਪਲਾਈ ਨਾਲ ਜੁੜੇ ਦੋ ਮਹੱਤਵਪੂਰਨ ਨਿਯਮਾਂ ਵਿੱਚ ਸੋਧ ਕੀਤੀ ਹੈ। ਇਹਨਾਂ ਸੋਧਾਂ ਤੋਂ ਬਾਅਦ ਹੁਣ ਮਨਜ਼ੂਰਸ਼ੁਦਾ ਕੰਟਰੈਕਟ ਡਿਮਾਂਡ ਤੋਂ 10 ਪ੍ਰਤੀਸ਼ਤ ਤੱਕ ਵੱਧ ਬਿਜਲੀ ਦੀ ਵਰਤੋਂ ਕਰਨ 'ਤੇ ਕੋਈ ਸਰਚਾਰਜ ਨਹੀਂ ਲੱਗੇਗਾ। ਪਹਿਲਾਂ ਮਨਜ਼ੂਰਸ਼ੁਦਾ ਲੋਡ ਤੋਂ 5 ਪ੍ਰਤੀਸ਼ਤ ਤੋਂ ਵੱਧ ਮੰਗ ਹੋਣ 'ਤੇ ਕੁੱਲ ਬਿਜਲੀ ਖਰਚੇ 'ਤੇ ਸਿੱਧਾ 25 ਪ੍ਰਤੀਸ਼ਤ ਸਰਚਾਰਜ ਲਗਾਇਆ ਜਾਂਦਾ ਸੀ।

ਇਸ ਦੇ ਨਾਲ ਹੀ ਉਦਯੋਗਿਕ, ਵਪਾਰਕ ਅਤੇ ਹੋਰ ਖਪਤਕਾਰਾਂ ਲਈ ਮਨਜ਼ੂਰਸ਼ੁਦਾ ਲੋਡ ਘਟਾਉਣ ਅਤੇ ਬਾਅਦ ਵਿੱਚ ਉਸ ਨੂੰ ਦੁਬਾਰਾ ਬਹਾਲ ਕਰਵਾਉਣ ਦੀ ਪ੍ਰਕਿਰਿਆ ਵੀ ਪਹਿਲਾਂ ਦੀ ਤੁਲਨਾ ਵਿੱਚ ਕਾਫ਼ੀ ਸਰਲ ਅਤੇ ਖਪਤਕਾਰ-ਪੱਖੀ ਬਣਾ ਦਿੱਤੀ ਗਈ ਹੈ।

HERC ਦੁਆਰਾ ਨੋਟੀਫਾਈ ਕੀਤੇ ਬਿਜਲੀ ਸਪਲਾਈ ਕੋਡ ਰੈਗੂਲੇਸ਼ਨ, 2014 (ਸੱਤਵੀਂ ਸੋਧ) ਰੈਗੂਲੇਸ਼ਨ, 2026 ਦੇ ਤਹਿਤ ਅਣ-ਅਧਿਕਾਰਤ ਲੋਡ 'ਤੇ ਲਾਗੂ ਸਰਚਾਰਜ ਵਿਵਸਥਾ ਨੂੰ ਵਧੇਰੇ ਤਰਕਸੰਗਤ ਬਣਾਇਆ ਗਿਆ ਹੈ। ਹੁਣ ਨਵੀਂ ਵਿਵਸਥਾ ਅਨੁਸਾਰ ਮਨਜ਼ੂਰਸ਼ੁਦਾ ਲੋਡ ਦੇ 110 ਪ੍ਰਤੀਸ਼ਤ ਤੱਕ ਵਰਤੋਂ 'ਤੇ ਕੋਈ ਸਰਚਾਰਜ ਨਹੀਂ ਲੱਗੇਗਾ। ਜੇਕਰ ਮੰਗ 110 ਤੋਂ 115 ਪ੍ਰਤੀਸ਼ਤ ਦੇ ਵਿਚਕਾਰ ਰਹਿੰਦੀ ਹੈ ਤਾਂ ਕੁੱਲ ਬਿਜਲੀ ਖਰਚੇ 'ਤੇ 20 ਪ੍ਰਤੀਸ਼ਤ ਸਰਚਾਰਜ ਲੱਗੇਗਾ, ਜਦੋਂ ਕਿ 115 ਪ੍ਰਤੀਸ਼ਤ ਤੋਂ ਵੱਧ ਮੰਗ ਹੋਣ 'ਤੇ ਪਹਿਲਾਂ ਵਾਂਗ 25 ਪ੍ਰਤੀਸ਼ਤ ਸਰਚਾਰਜ ਲਾਗੂ ਰਹੇਗਾ। ਕਮਿਸ਼ਨ ਦਾ ਮੰਨਣਾ ਹੈ ਕਿ ਇਹ ਸੋਧ ਵਿਸ਼ੇਸ਼ ਤੌਰ 'ਤੇ ਉਨ੍ਹਾਂ ਉਦਯੋਗਿਕ ਅਤੇ ਵਪਾਰਕ ਖਪਤਕਾਰਾਂ ਲਈ ਰਾਹਤ ਦੇਣ ਵਾਲੀ ਸਾਬਤ ਹੋਵੇਗੀ, ਜਿਨ੍ਹਾਂ ਦੇ ਇੱਥੇ ਮੌਸਮੀ, ਉਤਪਾਦਨ ਸੰਬੰਧੀ ਜਾਂ ਹੋਰ ਅਸਥਾਈ ਕਾਰਨਾਂ ਕਰਕੇ ਬਿਜਲੀ ਦੀ ਮੰਗ ਅਚਾਨਕ ਵਧ ਜਾਂਦੀ ਹੈ। ਇਸ ਨਾਲ ਉਨ੍ਹਾਂ ਨੂੰ ਬੇਲੋੜੇ ਵਿੱਤੀ ਬੋਝ ਤੋਂ ਰਾਹਤ ਮਿਲੇਗੀ ਅਤੇ ਉਤਪਾਦਨ ਗਤੀਵਿਧੀਆਂ ਵਿੱਚ ਵਧੇਰੇ ਲਚਕਤਾ ਮਿਲੇਗੀ।

ਇਸੇ ਨਾਲ ਕਮਿਸ਼ਨ ਨੇ 'ਡਿਊਟੀ ਟੂ ਸਪਲਾਈ ਆਫ਼ ਇਲੈਕਟ੍ਰੀਸਿਟੀ ਰੈਗੂਲੇਸ਼ਨ, 2016 (ਚੌਥੀ ਸੋਧ) ਰੈਗੂਲੇਸ਼ਨ, 2026' ਦੇ ਰਾਹੀਂ ਨਾਲ ਲੋਡ ਘਟਾਉਣ ਅਤੇ ਮੁੜ ਬਹਾਲੀ ਦੇ ਨਿਯਮਾਂ ਨੂੰ ਵੀ ਆਸਾਨ ਬਣਾ ਦਿੱਤਾ ਹੈ। ਹੁਣ ਜੇਕਰ ਕੋਈ ਖਪਤਕਾਰ ਬਿਨਾਂ ਵੋਲਟੇਜ ਲੈਵਲ ਬਦਲੇ ਆਪਣਾ ਲੋਡ ਘਟਾਉਂਦਾ ਹੈ ਤਾਂ ਉਸ ਨੂੰ ਸਿਰਫ਼ ਨਿਰਧਾਰਤ ਪ੍ਰੋਸੈਸਿੰਗ ਫੀਸ ਦੇਣੀ ਪਵੇਗੀ, ਜਿਸ ਦੀ ਵੱਧ ਤੋਂ ਵੱਧ ਸੀਮਾ 20,000 ਰੁਪਏ ਹੋਵੇਗੀ। ਜੇਕਰ ਵੋਲਟੇਜ ਲੈਵਲ (HT ਤੋਂ LT) ਵਿੱਚ ਬਦਲਾਅ ਹੁੰਦਾ ਹੈ ਤਾਂ ਸਰਵਿਸ ਕੁਨੈਕਸ਼ਨ ਫੀਸ ਸਿਰਫ਼ ਸੋਧੇ ਹੋਏ ਲੋਡ ਦੇ ਅਨੁਸਾਰ ਹੀ ਦੇਣੀ ਹੋਵੇਗੀ।

ਸੋਧੇ ਹੋਏ ਨਿਯਮਾਂ ਅਨੁਸਾਰ, ਲੋਡ ਘਟਾਉਣ ਵਾਲਾ ਖਪਤਕਾਰ ਤਿੰਨ ਸਾਲਾਂ ਦੇ ਅੰਦਰ ਆਪਣੇ ਅਸਲ ਮਨਜ਼ੂਰਸ਼ੁਦਾ ਲੋਡ ਨੂੰ ਬਿਨਾਂ ਨਵੀਂ ਸਰਵਿਸ ਕੁਨੈਕਸ਼ਨ ਫੀਸ ਦਿੱਤੇ ਦੁਬਾਰਾ ਬਹਾਲ ਕਰਵਾ ਸਕੇਗਾ। ਹਾਲਾਂਕਿ ਇਹ ਸਹੂਲਤ ਕੁਝ ਸ਼ਰਤਾਂ ਦੇ ਅਧੀਨ ਹੋਵੇਗੀ। ਲੋਡ ਘਟਾਉਣ ਜਾਂ ਮੁੜ ਬਹਾਲੀ ਤੋਂ ਬਾਅਦ ਛੇ ਮਹੀਨਿਆਂ ਦਾ ਲਾਕ-ਇਨ ਪੀਰੀਅਡ ਰਹੇਗਾ ਅਤੇ ਤਿੰਨ ਸਾਲਾਂ ਵਿੱਚ ਸਿਰਫ਼ ਇੱਕ ਵਾਰ ਲੋਡ ਘਟਾਉਣ ਅਤੇ ਇੱਕ ਵਾਰ ਮੁੜ ਬਹਾਲੀ ਦੀ ਇਜਾਜ਼ਤ ਹੋਵੇਗੀ।

# ਪਲਵਲ ਦੇ ਮੰਡਕੋਲਾ ਪ੍ਰਾਇਮਰੀ ਹੈਲਥ ਸੈਂਟਰ ਨੂੰ ਮਿਲਿਆ ਕਮਿਊਨਿਟੀ ਹੈਲਥ ਸੈਂਟਰ ਦਾ ਦਰਜਾ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸੂਬੇ ਵਿੱਚ ਸਿਹਤ ਸੇਵਾਵਾਂ ਦੇ ਮਜ਼ਬੂਤੀਕਰਨ ਅਤੇ ਪੇਂਡੂ ਖੇਤਰਾਂ ਵਿੱਚ ਬਿਹਤਰ ਮੈਡੀਕਲ ਸਹੂਲਤਾਵਾਂ ਪਹੁੰਚਾਉਣ ਦੀ ਦਿਸ਼ਾ ਵਿੱਚ ਇੱਕ ਵੱਡਾ ਅਤੇ ਮਹੱਤਵਪੂਰਨ ਫ਼ੈਸਲਾ ਲਿਆ ਹੈ। ਸਰਕਾਰ ਨੇ ਪਲਵਲ ਜ਼ਿਲ੍ਹੇ ਦੇ ਮੰਡਕੋਲਾ ਸਥਿਤ ਪ੍ਰਾਇਮਰੀ ਹੈਲਥ ਸੈਂਟਰ ਨੂੰ ਕਮਿਊਨਿਟੀ ਹੈਲਥ ਸੈਂਟਰ ਵਿੱਚ ਅਪਗ੍ਰੇਡ ਕਰਨ ਦੀ ਪ੍ਰਸ਼ਾਸਕੀ ਮਨਜ਼ੂਰੀ ਦਿੱਤੀ ਗਈ ਹੈ। ਸਰਕਾਰ ਦੇ ਇਸ ਦੂਰਗਾਮੀ ਫ਼ੈਸਲੇ ਨਾਲ ਮੰਡਕੋਲਾ ਪਿੰਡ ਸਮੇਤ ਆਸ-ਪਾਸ ਦੇ ਦਰਜਨਾਂ ਪਿੰਡਾਂ ਅਤੇ ਦੂਰ-ਦੁਰਾਡੇ ਦੇ ਪੇਂਡੂ ਇਲਾਕਿਆਂ ਵਿੱਚ ਰਹਿਣ ਵਾਲੀ ਇੱਕ ਵੱਡੀ ਆਬਾਦੀ ਨੂੰ ਸਿੱਧਾ ਲਾਭ ਮਿਲੇਗਾ ਅਤੇ ਲੋਕਾਂ ਨੂੰ ਉੱਚ ਪੱਧਰੀ ਸਿਹਤ ਸੇਵਾਵਾਂ ਉਨ੍ਹਾਂ ਦੇ ਘਰ ਦੇ ਨੇੜੇ ਮਿਲਣਗੀਆਂ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰਾਜ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਚਾਲੂ ਸਾਲ ਦੇ ਮਾਰਚ ਮਹੀਨੇ ਵਿੱਚ ਪੇਸ਼ ਕੀਤੇ ਗਏ ਬਜਟ ਵਿੱਚ ਮੰਡਕੋਲਾ ਪ੍ਰਾਇਮਰੀ ਹੈਲਥ ਸੈਂਟਰ ਨੂੰ ਅਪਗ੍ਰੇਡ ਕਰਕੇ ਕਮਿਊਨਿਟੀ ਹੈਲਥ ਸੈਂਟਰ ਬਣਾਉਣ ਦਾ ਵਾਅਦਾ ਕੀਤਾ ਸੀ। ਮੁੱਖ ਮੰਤਰੀ ਨੇ ਜਨਹਿਤ ਵਿੱਚ ਲਈ ਗਈ ਆਪਣੀ ਇਸ ਬਜਟ ਘੋਸ਼ਣਾ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਅਧਿਕਾਰਕ ਮਨਜ਼ੂਰੀ ਦੇ ਦਿੱਤੀ ਹੈ। ਸਿਹਤ ਮੰਤਰੀ ਨੇ ਕਿਹਾ ਕਿ ਮੌਜੂਦਾ ਸਰਕਾਰ ਆਮ ਜਨਤਾ ਨੂੰ ਦਿੱਤੀ ਗਈ ਹਰ ਗਾਰੰਟੀ ਅਤੇ ਬਜਟ ਐਲਾਨ ਨੂੰ ਸਮੇਂ ਸਿਰ ਪੂਰਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪ੍ਰਾਇਮਰੀ ਹੈਲਥ ਸੈਂਟਰ ਦੇ ਕਮਿਊਨਿਟੀ ਸਿਹਤ ਕੇਂਦਰ ਵਿੱਚ ਤਬਦੀਲ ਹੋਣ ਨਾਲ ਖੇਤਰ ਦੀ ਸਿਹਤ ਵਿਵਸਥਾ ਵਿੱਚ ਵਿਆਪਕ ਸੁਧਾਰ ਆਵੇਗਾ। ਹੁਣ ਸਥਾਨਕ ਨਿਵਾਸੀਆਂ ਨੂੰ ਆਮ ਇਲਾਜ ਦੇ ਨਾਲ-ਨਾਲ ਜਣੇਪਾ ਅਤੇ ਇਸਤਰੀ ਰੋਗ, ਬਾਲ ਰੋਗ ਅਤੇ ਆਮ ਸਰਜਰੀ ਵਰਗੇ ਵੱਖ-ਵੱਖ ਵਿਭਾਗਾਂ ਦੇ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਆਸਾਨੀ ਨਾਲ ਮਿਲ ਸਕਣਗੀਆਂ।

ਇਸ ਤੋਂ ਇਲਾਵਾ, ਕੇਂਦਰ ਵਿੱਚ 24 ਘੰਟੇ ਐਮਰਜੈਂਸੀ ਸੁਵਿਧਾਵਾਂ, ਬੈੱਡਾਂ ਦੀ ਗਿਣਤੀ ਵਿੱਚ ਵਾਧਾ, ਆਧੁਨਿਕ ਲੈਬ ਟੈਸਟ, ਐਕਸ-ਰੇ ਅਤੇ ਹੋਰ ਜਾਂਚ ਸੁਵਿਧਾਵਾਂ ਇੱਕ ਹੀ ਛੱਤ ਹੇਠ ਮਿਲਣ ਲੱਗਣਗੀਆਂ। ਇਸ ਨਾਲ ਮੰਡਕੋਲਾ ਅਤੇ ਇਸ ਦੇ ਗੁਆਂਢੀ ਪਿੰਡਾਂ ਦੇ ਹਜ਼ਾਰਾਂ ਲੋਕਾਂ ਨੂੰ ਹੁਣ ਛੋਟੀਆਂ-ਮੋਟੀਆਂ ਬਿਮਾਰੀਆਂ ਜਾਂ ਐਮਰਜੈਂਸੀ ਸਥਿਤੀ ਵਿੱਚ ਜ਼ਿਲ੍ਹਾ ਹਸਪਤਾਲ ਪਲਵਲ ਜਾਂ ਹੋਰ ਵੱਡੇ ਸ਼ਹਿਰਾਂ ਵੱਲ ਰੁਖ਼ ਨਹੀਂ ਕਰਨਾ ਪਵੇਗਾ, ਜਿਸ ਨਾਲ ਉਨ੍ਹਾਂ ਦੇ ਸਮੇਂ ਅਤੇ ਪੈਸੇ ਦੋਵਾਂ ਦੀ ਭਾਰੀ ਬੱਚਤ ਹੋਵੇਗੀ। ਖੇਤਰੀ ਨਿਵਾਸੀਆਂ ਨੇ ਸਰਕਾਰ ਦੇ ਇਸ ਜਨਹਿਤੈਸ਼ੀ ਕਦਮ ਦਾ ਜ਼ੋਰਦਾਰ ਸਵਾਗਤ ਕਰਦਿਆਂ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਅਤੇ ਸਿਹਤ ਮੰਤਰੀ ਆਰਤੀ ਸਿੰਘ ਰਾਓ ਦਾ ਧੰਨਵਾਦ ਪ੍ਰਗਟ ਕੀਤਾ ਹੈ।

# ਸੀਵਰ ਹਾਦਸਿਆਂ ਨੂੰ ਰੋਕਣ ਲਈ ਵੱਡਾ ਕਦਮ: ਮੰਤਰੀ ਰਣਬੀਰ ਗੰਗਵਾ ਦੇ ਨਿਰਦੇਸ਼ਾਂ 'ਤੇ ਵਿਭਾਗ ਨੇ ਬਣਾਈ ਉੱਚ ਪੱਧਰੀ ਨਿਗਰਾਨੀ ਕਮੇਟੀ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਜਨ ਸਿਹਤ ਇੰਜੀਨੀਅਰਿੰਗ ਅਤੇ ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਦੇ ਨਿਰਦੇਸ਼ਾਂ 'ਤੇ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਨੇ ਸੂਬੇ ਵਿੱਚ ਸੀਵਰ ਕੰਮਾਂ ਦੌਰਾਨ ਸੁਰੱਖਿਆ ਵਿਵਸਥਾ ਨੂੰ ਹੋਰ ਪ੍ਰਭਾਵੀ ਬਣਾਉਣ ਲਈ ਸੀਨੀਅਰ ਅਧਿਕਾਰੀਆਂ ਦੀ ਉੱਚ ਪੱਧਰੀ ਨਿਗਰਾਨੀ ਕਮੇਟੀ ਦਾ ਗਠਨ ਕੀਤਾ ਹੈ। ਕਮੇਟੀ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸੀਵਰ ਕੰਮਾਂ ਦੌਰਾਨ ਸਾਰੇ ਸੁਰੱਖਿਆ ਮਾਪਦੰਡਾਂ ਦੀ ਪੂਰੀ ਤਰ੍ਹਾਂ ਪਾਲਣਾ ਹੋਵੇ ਅਤੇ ਭਵਿੱਖ ਵਿੱਚ ਕਿਸੇ ਵੀ ਕਿਸਮ ਦੀ ਮੰਦਭਾਗੀ ਸੀਵਰ ਦੁਰਘਟਨਾ ਨਾ ਵਾਪਰੇ।

ਵਿਭਾਗ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ ਕਮੇਟੀ ਵਿੱਚ ਮੁੱਖ ਦਫ਼ਤਰ ਦੇ ਮੁੱਖ ਇੰਜੀਨੀਅਰ, ਸਬੰਧਤ ਜਨ ਸਿਹਤ ਇੰਜੀਨੀਅਰਿੰਗ ਸਰਕਲ ਦੇ ਨਿਗਰਾਨ ਇੰਜੀਨੀਅਰ ਅਤੇ ਸਬੰਧਤ ਡਿਵੀਜ਼ਨ ਦੇ ਕਾਰਜਕਾਰੀ ਇੰਜੀਨੀਅਰ ਸ਼ਾਮਲ ਹੋਣਗੇ। ਮੁੱਖ ਦਫ਼ਤਰ ਦੇ ਮੁੱਖ ਇੰਜੀਨੀਅਰ ਸ੍ਰੀ ਪ੍ਰਦੀਪ ਕੁਮਾਰ ਨੂੰ ਹਿਸਾਰ ਅਤੇ ਜੀਂਦ, ਸ੍ਰੀ ਰਾਜੀਵ ਬਟਿਸ਼ ਨੂੰ ਅੰ ਅਤੇ ਕੈਥਲ, ਸ੍ਰੀ ਰਾਜੇਸ਼ ਬਾਂਸਲ ਨੂੰ ਸਿਰਸਾ ਅਤੇ ਭਿਵਾਨੀ, ਸ੍ਰੀ ਸ਼ੈਲੇਂਦਰ ਸਿੰਘ ਨੂੰ ਝੱਜਰ ਅਤੇ ਨਾਰਨੌਲ, ਸ੍ਰੀ ਟੀ.ਆਰ. ਪੰਵਾਰ ਨੂੰ ਰੋਹਤਕ ਅਤੇ ਰੇਵਾੜੀ, ਸ੍ਰੀ ਡੀ.ਕੇ. ਸੈਣੀ ਨੂੰ ਕਰਨਾਲ ਅਤੇ ਸੋਨੀਪਤ ਅਤੇ ਸ੍ਰੀ ਜਸਵੰਤ ਸਿੰਘ ਨੂੰ ਪਲਵਲ ਅਤੇ ਗੁਰੂਗ੍ਰਾਮ ਜਨ ਸਿਹਤ ਇੰਜੀਨੀਅਰਿੰਗ ਸਰਕਲਾਂ ਦੇ ਨਿਰੀਖਣ ਅਤੇ ਨਿਗਰਾਨੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਕਮੇਟੀ ਆਪਣੇ-ਆਪਣੇ ਅਲਾਟ ਕੀਤੇ ਖੇਤਰਾਂ ਦਾ ਸਮੇਂ-ਸਮੇਂ 'ਤੇ ਦੌਰਾ ਕਰੇਗੀ ਅਤੇ ਮੌਕੇ 'ਤੇ ਜਾ ਕੇ ਇਹ ਯਕੀਨੀ ਬਣਾਵੇਗੀ ਕਿ ਸੀਵਰ ਕੰਮਾਂ ਦੌਰਾਨ ਸਾਰੇ ਸੁਰੱਖਿਆ ਮਾਪਦੰਡਾਂ, ਸੁਰੱਖਿਆ ਉਪਕਰਣਾਂ ਅਤੇ ਜ਼ਰੂਰੀ ਦਿਸ਼ਾ-ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਹੋ ਰਹੀ ਹੈ। ਨਿਰੀਖਣ ਦੌਰਾਨ ਜੇਕਰ ਕਿਸੇ ਕਿਸਮ ਦੀ ਕਮੀ ਜਾਂ ਲਾਪਰਵਾਹੀ ਸਾਹਮਣੇ ਆਉਂਦੀ ਹੈ ਤਾਂ ਉਸਨੂੰ ਤੁਰੰਤ ਦੂਰ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣਗੇ।

ਵਿਭਾਗ ਦੇ ਆਦੇਸ਼ਾਂ ਅਨੁਸਾਰ ਕਮੇਟੀ ਆਪਣੀ ਨਿਰੀਖਣ ਰਿਪੋਰਟ ਤੁਰੰਤ ਮੁੱਖ ਇੰਜੀਨੀਅਰ, ਹਰਿਆਣਾ ਨੂੰ ਸੌਂਪੇਗੀ। ਇਸ ਤੋਂ ਬਾਅਦ ਇਹ ਰਿਪੋਰਟ ਜਨ ਸਿਹਤ ਇੰਜੀਨੀਅਰਿੰਗ ਅਤੇ ਲੋਕ ਨਿਰਮਾਣ ਮੰਤਰੀ ਰਣਬੀਰ ਗੰਗਵਾ ਦੇ ਸਾਹਮਣੇ ਪੇਸ਼ ਕੀਤੀ ਜਾਵੇਗੀ, ਤਾਂ ਜੋ ਲੋੜ ਅਨੁਸਾਰ ਤੁਰੰਤ ਫ਼ੈਸਲਾ ਲੈ ਕੇ ਸੁਰੱਖਿਆ ਵਿਵਸਥਾ ਨੂੰ ਹੋਰ ਮਜ਼ਬੂਤ ਬਣਾਇਆ ਜਾ ਸਕੇ।

ਮੰਤਰੀ ਰਣਬੀਰ ਗੰਗਵਾ ਜਨ ਸਿਹਤ ਇੰਜੀਨੀਅਰਿੰਗ ਅਤੇ ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਸੀਵਰ ਕੰਮਾਂ ਦੌਰਾਨ ਕਰਮਚਾਰੀਆਂ ਦੀ ਸੁਰੱਖਿਆ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੀ ਸਰਵਉੱਚ ਤਰਜੀਹ ਹੈ। ਸੁਰੱਖਿਆ ਮਾਪਦੰਡਾਂ ਦੀ ਅਣਦੇਖੀ ਕਿਸੇ ਵੀ ਪੱਧਰ 'ਤੇ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਲਾਪਰਵਾਹੀ ਪਾਏ ਜਾਣ 'ਤੇ ਸਬੰਧਤ ਅਧਿਕਾਰੀਆਂ ਜਾਂ ਏਜੰਸੀਆਂ ਵਿਰੁੱਧ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਵਿਭਾਗ ਦਾ ਉਦੇਸ਼ ਸੂਬੇ ਵਿੱਚ ਸੀਵਰ ਕੰਮਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਬਣਾਉਣਾ ਅਤੇ ਭਵਿੱਖ ਵਿੱਚ ਕਿਸੇ ਵੀ ਕਿਸਮ ਦੀ ਜਾਨ ਹਾਨੀ ਨੂੰ ਰੋਕਣਾ ਹੈ। ਬਣਾਈ ਗਈ ਕਮੇਟੀ ਸਮੇਂ-ਸਮੇਂ 'ਤੇ ਅਚਨਚੇਤ ਨਿਰੀਖਣ ਕਰੇਗੀ ਅਤੇ ਆਪਣੀ ਰਿਪੋਰਟ ਸਬਮਿਟ ਕਰੇਗੀ।

# ਐਸ.ਆਈ.ਆਰ; ਜ਼ਿਲ੍ਹੇ ਚ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ 100 ਫੀਸਦੀ ਕਾਰਜ ਮੁਕੰਮਲ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਵੋਟਰ ਸੂਚੀਆਂ ਦੀ ਸ਼ੁਰੂ ਹੋਈ ਵਿਸ਼ੇਸ਼ ਡੂੰਘੀ ਸੁਧਾਈ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਸਮੂਹ ਬੂਥ ਲੈਵਲ ਅਫ਼ਸਰਾਂ ਵਲੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ ਦਾ ਕਾਰਜ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ 100 ਫੀਸਦੀ ਮੁਕੰਮਲ ਕਰ ਲਿਆ ਗਿਆ।



ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਬੂਥ ਲੈਵਲ ਅਫ਼ਸਰਾਂ ਵਲੋਂ ਜ਼ਿਲ੍ਹੇ ਵਿਚ ਕੁੱਲ 1268648 ਵੋਟਰਾਂ ਦੇ ਗਿਣਤੀ ਫਾਰਮ ਵੰਡਣ ਉਪਰੰਤ ਡਿਜੀਟਾਈਜ਼ੇਸ਼ਨ ਦਾ ਕੰਮ ਮੁਕੰਮਲ ਕੀਤਾ ਗਿਆ ਜਿਸ ਵਿਚੋਂ 1169930 (92.22 ਫੀਸਦੀ) ਵੋਟਰਾਂ ਦੇ ਫਾਰਮ ਦਸਤੀ ਅਤੇ 1487 (0.12 ਫੀਸਦੀ) ਆਨਲਾਈਨ ਭਰਨ ਉਪਰੰਤ ਪ੍ਰਾਪਤ ਕੀਤੇ ਗਏ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਵਿਸ਼ੇਸ਼ ਡੂੰਘੀ ਸੁਧਾਈ (ਐਸ.ਆਈ.ਆਰ.) ਦੌਰਾਨ ਜ਼ਿਲ੍ਹੇ ਵਿਚ 15265 ਵੋਟਰ ਗੈਰ-ਹਾਜ਼ਰ, 48512 ਪੱਕੇ ਤੌਰ 'ਤੇ ਸਥਾਨ ਛੱਡ ਚੁੱਕੇ, 28475 ਮ੍ਰਿਤਕ ਪਾਏ ਗਏ ਜਦਕਿ 306 ਹੋਰਨਾਂ ਦਾ ਡਾਟਾ ਇਕੱਤਰ ਨਹੀਂ ਹੋ ਸਕਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੀਆਂ ਸੂਚੀਆਂ ਬੂਥ ਲੈਵਲ ਅਫ਼ਸਰਾਂ ਵਲੋਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਵਲੋਂ ਨਿਯੁਕਤ ਕੀਤੇ ਬੂਥ ਲੈਵਲ ਏਜੰਟਾਂ ਨੂੰ ਜਾਣਕਾਰੀ ਲਈ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ।

ਡਰਾਫਟ ਵੋਟਰ ਸੂਚੀਆਂ ਬਾਰੇ ਡਿਪਟੀ ਕਮਿਸ਼ਨ ਆਸ਼ਿਕਾ ਜੈਨ ਨੇ ਦੱਸਿਆ ਕਿ ਮਿਤੀ 13 ਅਗਸਤ ਨੂੰ ਡਰਾਫਟ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਜਾਵੇਗੀ ਜਿਸ ਉਪਰੰਤ 12 ਸਤੰਬਰ ਤੱਕ ਜ਼ਿਲ੍ਹੇ ਦੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਵਲੋਂ ਦਾਅਵੇ ਅਤੇ ਇਤਰਾਜ ਪ੍ਰਾਪਤ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਵਲੋਂ ਦਾਅਵੇ ਅਤੇ ਇਤਰਾਜ ਪ੍ਰਾਪਤ ਕਰਨ ਉਪਰੰਤ ਮਿਤੀ 8 ਅਕਤੂਬਰ 2026 ਤੱਕ ਇਨ੍ਹਾਂ ਦਾ ਨਿਪਟਾਰਾ ਕੀਤਾ ਜਾਵੇਗਾ ਅਤੇ 12 ਅਕਤੂਬਰ 2026 ਨੂੰ ਵੋਟਰ ਸੂਚੀ ਦੀ ਅੰਮਿਤ ਪ੍ਰਕਾਸ਼ਨਾ ਕੀਤੀ ਜਾਵੇਗੀ।

ਉਨ੍ਹਾਂ ਨੇ ਸਮੂਹ ਬੀ.ਐਲ.ਓਜ਼., ਬੀ.ਐਲ.ਏਜ਼ ਅਤੇ ਜ਼ਿਲ੍ਹਾ ਵਾਸੀਆਂ ਦੀ ਐਸ.ਆਈ.ਆਰ. ਦਾ ਕੰਮ ਨਿਰਧਾਰਤ ਸਮੇਂ ਤੋਂ ਪਹਿਲਾਂ 100 ਫੀਸਦੀ ਮੁਕੰਮਲ ਕਰਨ ਲਈ ਸ਼ਲਾਘਾ ਕੀਤੀ।

# ਬਠਿੰਡਾ ਦਿਹਾਤੀ ਚ ਗੋਪਾਲ ਸਿੰਘ ਕੋਟਫੱਤਾ ਨੇ ਲੋਕ ਮਿਲਣੀ ਪ੍ਰੋਗਰਾਮ ਦੀ ਕੀਤੀ ਸ਼ੁਰੂਆਤ



**ਬਠਿੰਡਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਬਠਿੰਡਾ ਦਿਹਾਤੀ ਹਲਕੇ ਦੇ ਇੰਚਾਰਜ ਗੋਪਾਲ ਸਿੰਘ ਕੋਟਫੱਤਾ ਵੱਲੋਂ ਪਿੰਡ ਜੋਧਪੁਰ ਰੋਮਾਣਾ ਅਤੇ ਗੁਰੂਸਰ ਸੈਣੇਵਾਲਾ ਤੋਂ ਲੋਕ ਮਿਲਣੀ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਦੌਰਾਨ ਦੋਵੇਂ ਪਿੰਡਾਂ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਆਪਣੀਆਂ ਸਮੱਸਿਆਵਾਂ ਅਤੇ ਸੁਝਾਅ ਸਾਂਝੇ ਕੀਤੇ।

ਲੋਕਾਂ ਨੂੰ ਸੰਬੋਧਨ ਕਰਦਿਆਂ ਗੋਪਾਲ ਸਿੰਘ ਕੋਟਫੱਤਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿਹਤ ਅਤੇ ਸਿੱਖਿਆ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨੇ ਦੇਸ਼ ਭਰ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ, ਜਦਕਿ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਮਹਿਲਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਹਰ ਵਰਗ ਦੀਆਂ ਬਾਲਗ ਔਰਤਾਂ ਨੂੰ ਮਹੀਨਾਵਾਰ ਸਨਮਾਨ ਰਾਸ਼ੀ ਦੇਣ ਦਾ ਫ਼ੈਸਲਾ ਇਤਿਹਾਸਕ ਹੈ, ਜਿਸ ਦਾ ਸੂਬੇ ਭਰ ਦੀਆਂ ਮਹਿਲਾਵਾਂ ਵੱਲੋਂ ਭਰਪੂਰ ਸਵਾਗਤ ਕੀਤਾ ਜਾ ਰਿਹਾ ਹੈ।

ਗੋਪਾਲ ਸਿੰਘ ਕੋਟਫੱਤਾ ਨੇ ਪਿੰਡ ਵਾਸੀਆਂ ਅਤੇ ਪੰਚਾਇਤਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਕਈ ਮਸਲਿਆਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਵਾਇਆ।

ਉਨ੍ਹਾਂ ਭਰੋਸਾ ਦਿਵਾਇਆ ਕਿ ਹਲਕੇ ਦੇ ਹਰ ਪਿੰਡ ਦੇ ਵਿਕਾਸ ਲਈ ਲਗਾਤਾਰ ਯਤਨ ਜਾਰੀ ਰਹਿਣਗੇ ਅਤੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਹਰਦੀਪ ਸਿੰਘ ਸਰਾਂ, ਚੇਅਰਮੈਨ ਪਰਮਜੀਤ ਸਿੰਘ ਕੋਟਫੱਤਾ, ਚੇਅਰਮੈਨ ਲਖਵੀਰ ਸਿੰਘ ਮਾਨ, ਸਰਪੰਚ ਸੁਖਜਿੰਦਰ ਰੋਮਾਣਾ, ਸਰਪੰਚ ਗੁਰਦੀਪ ਸਿੰਘ (ਗੁਰੂਸਰ ਸੈਣੇਵਾਲਾ), ਕਿਸਾਨ ਆਗੂ ਸੰਦੀਪ ਸਿੰਘ ਢਿੱਲੋਂ, ਬਲਾਕ ਪ੍ਰਧਾਨ ਹਰਦੇਵ ਸਿੰਘ, ਜਸਕਰਨ ਸਿੰਘ ਸਿਵੀਆਂ, ਯੂਥ ਆਗੂ ਕੁਲਵਿੰਦਰ ਸਿੰਘ ਦਿਉਣ ਅਤੇ ਬਹਾਦਰ ਸਿੰਘ ਫੁੱਲੋ ਮਿੱਠੀ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।

# ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਪੰਜਾਬ ਵੱਲੋਂ ਰੋਪ ਨੌਟਿੰਗ ਟ੍ਰੇਨਿੰਗ ਕੈਂਪ, ਜ਼ਿਲ੍ਹੇ ਭਰ ਦੇ ਅਧਿਆਪਕਾਂ ਨੇ ਲਿਆ ਉਤਸ਼ਾਹ ਨਾਲ ਭਾਗ



**ਗੁਰਦਾਸਪੁਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਪੰਜਾਬ ਸਟੇਟ ਵੱਲੋਂ ਅੱਜ ਗੁਰਦਾਸਪੁਰ ਵਿਖੇ ਰੋਪ ਨੌਟਿੰਗ ਟ੍ਰੇਨਿੰਗ ਕੈਂਪ ਲਗਾਇਆ ਗਿਆ। ਇਸ ਟ੍ਰੇਨਿੰਗ ਕੈਂਪ ਦਾ ਉਦੇਸ਼ ਸਕਾਊਟਸ ਅਤੇ ਗਾਈਡਜ਼ ਨਾਲ ਜੁੜੇ ਅਧਿਆਪਕਾਂ ਨੂੰ ਰੋਪ ਨੌਟਿੰਗ ਦੀਆਂ ਵਿਹਾਰਕ ਤਕਨੀਕਾਂ, ਐਡਵੈਂਚਰ ਗਤੀਵਿਧੀਆਂ ਅਤੇ ਸਕਾਊਟਿੰਗ ਦੇ ਆਧੁਨਿਕ ਹੁਨਰਾਂ ਬਾਰੇ ਸਿਖਲਾਈ ਪ੍ਰਦਾਨ ਕਰਨਾ ਸੀ।

ਕੈਂਪ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ, ਸਰਕਾਰੀ ਹਾਈ ਸਕੂਲਾਂ ਅਤੇ ਸਰਕਾਰੀ ਮਿਡਲ ਸਕੂਲਾਂ ਤੋਂ ਵੱਡੀ ਗਿਣਤੀ ਵਿੱਚ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।

ਟ੍ਰੇਨਿੰਗ ਦੌਰਾਨ ਅਧਿਆਪਕਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਗੰਢਾਂ, ਉਨ੍ਹਾਂ ਦੀ ਵਰਤੋਂ, ਸੁਰੱਖਿਆ ਮਾਪਦੰਡਾਂ ਅਤੇ ਸਕਾਊਟਿੰਗ ਗਤੀਵਿਧੀਆਂ ਵਿੱਚ ਉਨ੍ਹਾਂ ਦੇ ਵਿਹਾਰਕ ਪ੍ਰਯੋਗ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਪੰਜਾਬ ਦੇ ਸਟੇਟ ਸਕੱਤਰ ਨਿਤਿਨ ਚੌਧਰੀ ਨੇ ਕਿਹਾ ਕਿ ਅਜਿਹੇ ਟ੍ਰੇਨਿੰਗ ਕੈਂਪ ਅਧਿਆਪਕਾਂ ਦੀ ਸਮਰੱਥਾ ਵਿੱਚ ਵਾਧਾ ਕਰਦੇ ਹਨ ਅਤੇ ਉਹ ਆਪਣੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਸਕਾਊਟਿੰਗ ਦੇ ਹੁਨਰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਸਿਖਾ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਸਕਾਊਟਿੰਗ ਗਤੀਵਿਧੀਆਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਲੀਡਰਸ਼ਿਪ, ਸੇਵਾ ਭਾਵਨਾ ਅਤੇ ਆਤਮ-ਵਿਸ਼ਵਾਸ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਇਸ ਮੌਕੇ ਹਰਦੀਪ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਭਰ ਵਿੱਚ ਸਕਾਊਟਿੰਗ ਨੂੰ ਹੋਰ ਮਜ਼ਬੂਤ ਕਰਨ ਲਈ ਇਸ ਤਰ੍ਹਾਂ ਦੇ ਟ੍ਰੇਨਿੰਗ ਪ੍ਰੋਗਰਾਮ ਨਿਰੰਤਰ ਕਰਵਾਏ ਜਾ ਰਹੇ ਹਨ। ਉਨ੍ਹਾਂ ਨੇ ਭਾਗ ਲੈਣ ਵਾਲੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਟ੍ਰੇਨਿੰਗ ਦੌਰਾਨ ਪ੍ਰਾਪਤ ਕੀਤੇ ਗਿਆਨ ਨੂੰ ਆਪਣੇ ਸਕੂਲਾਂ ਵਿੱਚ ਵਿਦਿਆਰਥੀਆਂ ਤੱਕ ਪਹੁੰਚਾਉਣ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਸਕਾਊਟਿੰਗ ਗਤੀਵਿਧੀਆਂ ਨਾਲ ਜੁੜ ਸਕਣ।

ਟ੍ਰੇਨਿੰਗ ਕੈਂਪ ਦੌਰਾਨ ਭਾਗ ਲੈਣ ਵਾਲੇ ਅਧਿਆਪਕਾਂ ਨੇ ਰੋਪ ਨੌਟਿੰਗ ਦੇ ਵਿਹਾਰਕ ਅਭਿਆਸ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਅਜਿਹੇ ਸਿਖਲਾਈ ਕੈਂਪਾਂ ਨੂੰ ਸਮੇਂ ਦੀ ਲੋੜ ਦੱਸਦਿਆਂ ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਪੰਜਾਬ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।ਇਸ ਮੌਕੇ ਇਹ ਵੀ ਵਿਸ਼ਵਾਸ ਪ੍ਰਗਟਾਇਆ ਗਿਆ ਕਿ ਭਵਿੱਖ ਵਿੱਚ ਵੀ ਅਜਿਹੇ ਸਿਖਲਾਈ ਪ੍ਰੋਗਰਾਮ ਨਿਰੰਤਰ ਆਯੋਜਿਤ ਕੀਤੇ ਜਾਂਦੇ ਰਹਿਣਗੇ, ਜਿਸ ਨਾਲ ਸਕੂਲਾਂ ਵਿੱਚ ਸਕਾਊਟਿੰਗ ਗਤੀਵਿਧੀਆਂ ਨੂੰ ਹੋਰ ਪ੍ਰੋਤਸ਼ਾਹਨ ਮਿਲੇਗਾ।

# ਸਵਨਾ ਵੱਲੋਂ ਕੇਜਰੀਵਾਲ ਨਾਲ ਮੁਲਾਕਾਤ ਦੌਰਾਨ ਹਲਕੇ ਦੇ ਵਿਕਾਸ ਅਤੇ ਰਾਜਨੀਤੀ ਬਾਰੇ ਹੋਈ ਵਿਚਾਰ ਚਰਚਾ



**ਫਾਜ਼ਿਲਕਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਅਤੇ ਉਨ੍ਹਾਂ ਦੀ ਧਰਮਪਤਨੀ ਖੁਸ਼ਬੂ ਸਾਵਨਸੁੱਖਾ ਸਵਨਾ ਨੇ ਅੱਜ ਦਿੱਲੀ ਵਿਖੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਦੱਸਿਆ ਕਿ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਦੌਰਾਨ ਫਾਜ਼ਿਲਕਾ ਹਲਕੇ ਦੇ ਵਿਕਾਸ ਬਾਰੇ ਚਰਚਾ ਕੀਤੀ ਗਈ।ਸਵਨਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਹੀ ਉਨ੍ਹਾਂ ਦੇ ਫਾਜ਼ਿਲਕਾ ਹਲਕੇ ਦਾ ਵਿਕਾਸ ਸ਼ੁਰੂ ਹੋਇਆ ਹੈ। ਇਸ ਦੌਰਾਨ ਸਵਨਾ ਨੇ ਦੱਸਿਆ ਕਿ ਪਾਰਟੀ ਨੂੰ ਜ਼ਿਲ੍ਹੇ ਵਿਚ ਹੋਰ ਮਜ਼ਬੂਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ।ਜਾਣਕਾਰੀ ਦਿੰਦਿਆਂ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਨੇ ਦੱਸਿਆ ਕਿ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਮਾਨ ਸਰਕਾਰ ਦੀਆਂ ਨੀਤੀਆਂ ਅਤੇ ਸੁਵਿਧਾਵਾਂ ਨੂੰ ਦਿਨ ਰਾਤ ਮਿਹਨਤ ਕਰਕੇ ਘਰ ਘਰ ਤੱਕ ਪਹੁੰਚਾਉਣ ਤੇ ਜ਼ੋਰ ਦਿੱਤਾ ਜਾਵੇ।ਤਾਂਕਿ ਮਾਨ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਤੋਂ ਕੋਈ ਵੀ ਵਾਂਝਾ ਨਾ ਰਹਿ ਸਕੇ।ਇਸ ਦੌਰਾਨ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਦੀ ਧਰਮਪਤਨੀ ਖੁਸ਼ਬੂ ਸਾਵਨਸੁੱਖਾ ਸਵਨਾ ਨੇ ਵੀ ਪੰਜਾਬ ਦੇ ਬਾਰਡਰ ਪੱਟੀ ਦੇ ਇਲਾਕੇ ਦੇ ਕਿਸਾਨਾਂ ਦੀਆਂ ਕੱਚੀਆਂ ਜਮੀਨਾਂ ਨੂੰ ਪੱਕਾ ਕਰਨ ਬਾਰੇ ਆਪ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਨਾਲ ਵਿਚਾਰ ਚਰਚਾ ਕੀਤੀ।

# 12 ਅਗਸਤ ਨੂੰ ਹੁਸ਼ਿਆਰਪੁਰ ਚ ਹੋਵੇਗਾ 'ਇੱਕ ਸ਼ਾਮ ਭਗਵਾਨ ਸ਼ਿਵ ਦੇ ਨਾਮ' ਪ੍ਰੋਗਰਾਮ, ਜਿੰਪਾ ਨੇ ਅਰਵਿੰਦ ਕੇਜਰੀਵਾਲ ਨਾਲ ਕੀਤੀ ਮੁਲਾਕਾਤ

**ਹੁਸ਼ਿਆਰਪੁਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਨਵੀਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕਰਕੇ 12 ਅਗਸਤ ਨੂੰ ਹੋਣ ਵਾਲੇ 'ਇੱਕ ਸ਼ਾਮ ਭਗਵਾਨ ਸ਼ਿਵ ਦੇ ਨਾਮ' ਅਤੇ ਵੱਖ-ਵੱਖ ਧਾਰਮਿਕ ਅਸਥਾਨਾਂ ਲਈ ਬੱਸਾਂ ਨੂੰ ਰਵਾਨਾ ਕਰਨ ਦੇ ਸਮਾਗਮ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਤੋਂ ਬਾਅਦ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 12 ਅਗਸਤ ਨੂੰ ਹੁਸ਼ਿਆਰਪੁਰ ਵਿੱਚ 'ਇੱਕ ਸ਼ਾਮ ਭਗਵਾਨ ਸ਼ਿਵ ਦੇ ਨਾਮ' ਪ੍ਰੋਗਰਾਮ ਕਰਵਾਇਆ ਜਾਵੇਗਾ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਸ਼ਰਧਾਲੂਆਂ ਵਜੋਂ ਸ਼ਮੂਲੀਅਤ ਕਰਨਗੇ। ਇਸੇ ਦਿਨ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਵ੍ਰਿੰਦਾਵਨ, ਮਥੁਰਾ, ਹਰਿਦੁਆਰ, ਸ੍ਰੀ ਸਾਲਾਸਰ ਬਾਲਾਜੀ ਅਤੇ ਹੋਰ ਪ੍ਰਮੁੱਖ ਧਾਰਮਿਕ ਅਸਥਾਨਾਂ ਲਈ ਬੱਸਾਂ ਨੂੰ ਹਰੀ ਝੰਡੀ ਵੀ ਦਿਖਾਈ ਜਾਵੇਗੀ, ਜਿਸ ਨਾਲ ਸ਼ਰਧਾਲੂ ਮੁਫ਼ਤ ਤੀਰਥ ਯਾਤਰਾ ਕਰ ਸਕਣਗੇ। ਜਿੰਪਾ ਨੇ ਦੱਸਿਆ ਕਿ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕਰਕੇ 12 ਅਗਸਤ ਨੂੰ ਹੋਣ ਵਾਲੇ ਇਸ ਵਿਸ਼ਾਲ ਧਾਰਮਿਕ ਸਮਾਗਮ ਦੀਆਂ ਤਿਆਰੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ 'ਇੱਕ ਸ਼ਾਮ ਭਗਵਾਨ ਸ਼ਿਵ ਦੇ ਨਾਮ' ਪ੍ਰੋਗਰਾਮ ਨੂੰ ਲੋਕਾਂ ਵੱਲੋਂ ਭਰਪੂਰ ਸਰਾਹਨਾ ਮਿਲ ਰਹੀ ਹੈ।ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸਰਕਾਰ ਦੀਆਂ ਸਭ ਤੋਂ ਸ਼ਲਾਘਾਯੋਗ ਪਹਿਲਕਦਮੀਆਂ ਵਿੱਚੋਂ ਇੱਕ ਬਣ ਚੁੱਕੀ ਹੈ, ਜਿਸ ਰਾਹੀਂ ਸ਼ਰਧਾਲੂ ਸਨਮਾਨ ਅਤੇ ਸਹੂਲਤ ਨਾਲ ਪਵਿੱਤਰ ਧਾਰਮਿਕ ਅਸਥਾਨਾਂ ਦੀ ਯਾਤਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨੇ ਉਨ੍ਹਾਂ ਲੋਕਾਂ ਦਾ ਸੁਪਨਾ ਸਾਕਾਰ ਕੀਤਾ ਹੈ ਜੋ ਆਰਥਿਕ ਕਾਰਨਾਂ ਕਰਕੇ ਤੀਰਥ ਯਾਤਰਾ ਨਹੀਂ ਕਰ ਸਕਦੇ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿੱਖਿਆ, ਸਿਹਤ, ਰੁਜ਼ਗਾਰ, ਮਹਿਲਾ ਭਲਾਈ ਅਤੇ ਸਮਾਜਿਕ ਸੁਰੱਖਿਆ ਨੂੰ ਤਰਜੀਹ ਦੇ ਕੇ ਸ਼ਾਸਨ ਪ੍ਰਣਾਲੀ ਵਿੱਚ ਵਿਆਪਕ ਬਦਲਾਅ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਪਾਰਦਰਸ਼ੀ, ਭ੍ਰਿਸ਼ਟਾਚਾਰ-ਮੁਕਤ ਅਤੇ ਲੋਕ-ਕੇਂਦਰਿਤ ਸ਼ਾਸਨ ਦਾ ਲਾਭ ਸਮਾਜ ਦੇ ਹਰ ਵਰਗ ਤੱਕ ਪਹੁੰਚ ਰਿਹਾ ਹੈ। ਜਿੰਪਾ ਨੇ ਵਿਸ਼ਵਾਸ ਪ੍ਰਗਟਾਇਆ ਕਿ 12 ਅਗਸਤ ਦੇ ਇਹ ਪ੍ਰੋਗਰਾਮ ਹੁਸ਼ਿਆਰਪੁਰ ਲਈ ਯਾਦਗਾਰ ਸਾਬਤ ਹੋਣਗੇ। ਉਨ੍ਹਾਂ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਇਸ ਧਾਰਮਿਕ ਸਮਾਗਮ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ।



# ਪੰਜਾਬ ਸਰਕਾਰ ਦੀ 'ਸਿੱਖਿਆ ਕ੍ਰਾਂਤੀ' 'ਤੇ ਉੱਠੇ ਸਵਾਲ, ਸਰਕਾਰੀ ਸਕੂਲਾਂ 'ਚੋਂ ਲਗਪਗ 6 ਲੱਖ ਵਿਦਿਆਰਥੀ ਘਟੇ : ਵਿਧਾਇਕ ਕਾਲਾ ਢਿੱਲੋਂ

ਕੌਮੀ ਪਤ੍ਰਿਕਾ

ਬਰਨਾਲਾ 10 ਅਗਸਤ। ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਦੌਰਾਨ ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ 'ਸਿੱਖਿਆ ਕ੍ਰਾਂਤੀ' ਦੇ ਦਾਅਵਿਆਂ ਦੀ ਹਵਾ ਕੱਢਦਿਆਂ ਸਰਕਾਰ ਨੂੰ ਤਿੱਖੇ ਸਵਾਲਾਂ ਦੇ ਘੇਰੇ ਵਿੱਚ ਲਿਆਂਦਾ ਹੈ। ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਪੰਜਾਬੀ ਨੂੰ ਜਾਗਰਣ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਉਚੇਰੀ ਸਿੱਖਿਆ ਲਈ ਖਾਲੀ ਪਈਆਂ 2400 ਤੋਂ ਵੱਧ ਅਸਾਮੀਆਂ ਭਰਨ ਅਤੇ ਬੇਰੋਜ਼ਗਾਰ ਨੌਜਵਾਨਾਂ ਦੇ ਰੋਜ਼ਗਾਰ ਬਾਰੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਜਵਾਬ ਮੰਗਿਆ, ਤਾਂ ਮੰਤਰੀ ਵੱਲੋਂ ਗੋਲ-ਮੋਲ ਜਵਾਬ ਦਿੱਤਾ ਗਿਆ। ਜਦੋਂ ਵਿਧਾਇਕ ਨੇ ਇਸ ਮੁੱਦੇ 'ਤੇ ਦੁਬਾਰਾ ਬਹਿਸ ਕਰਨੀ ਚਾਹੀ, ਤਾਂ ਸਪੀਕਰ ਦੇ ਹੁਕਮਾਂ ਨਾਲ ਉਨ੍ਹਾਂ ਦਾ ਮਾਈਕ ਬੰਦ ਕਰ ਦਿੱਤਾ ਗਿਆ। ਇਸ ਦੇ ਰੋਸ ਵਜੋਂ ਕਾਲਾ ਢਿੱਲੋਂ ਨੇ ਸੀਟ ਤੋਂ ਉੱਠ ਕੇ ਸਪੀਕਰ ਦੇ ਸਾਹਮਣੇ ਆ



ਕੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਵਿਧਾਨ ਸਭਾ ਚ ਜਦੋਂ ਕੈਬਨਟ ਮੰਤਰੀ ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਦਾ ਹਵਾਲਾ ਦੇ ਕੇ ਸਿਫਤਾਂ ਦੇ ਪੁਲ ਬੰਨ੍ਹ ਰਹੇ ਸਨ ਤਾਂ ਬਰਨਾਲਾ ਤੋਂ ਕਾਂਗਰਸ ਦੇ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋ ਨੇ ਖੜ੍ਹੇ ਹੋ ਕੇ ਇਸ ਦੇ ਸਹੀ ਤੱਥ ਵਿਧਾਨ ਸਭਾ ਚ ਹੀ ਪੇਸ਼ ਕੀਤੇ। ?ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਜਾਰੀ ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਾਂਗਰਸੀ ਵਿਧਾਇਕ ਨੇ ਖੁਲਾਸਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਦੌਰਾਨ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦਾ ਮੋਹ ਭੰਗ ਹੋਇਆ ਹੈ। ਢਿੱਲੋਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਪੂਰੀ ਤਰਹਾਂ ਫੇਲ ਹੈ। ਇਸ ਤੇ ਸਰਕਾਰ ਪ੍ਰਚਾਰ ਹੀ ਕਰ ਰਹੀ ਹੈ ਜਦਕਿ ਇਸ ਦੀ ਜਮੀਨੀ ਗੱਲ ਕੀਤੀ ਜਾਵੇ ਤਾਂ ਸਰਕਾਰੀ ਸਕੂਲਾਂ ਚੋਂ ਆਪ ਸਰਕਾਰ ਚ 6 ਲੱਖ ਦੇ ਕਰੀਬ ਵਿਦਿਆਰਥੀਆਂ ਦੀ ਗਿਣਤੀ ਘਟੀ ਹੈ। ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਸਿੱਖਿਆ ਕ੍ਰਾਂਤੀ ਦਾ ਸਰਕਾਰੀ ਸਕੂਲਾਂ ਦਾ ਸਰਕਾਰੀ ਅੰਕੜਾ ਲੈ ਕੇ ਹੈਰਾਨ ਹੀ ਨਹੀਂ ਕੀਤਾ। ਸਗੋਂ ਹਾਸੋਹੀਣੀ ਸਥਿਤੀ ਬਣਾ ਦਿੱਤੀ ਕਿ ਆਪ ਸਰਕਾਰ ਨੇ ਆਪਦੇ ਰਾਜ ਵਿੱਚ ਸਿਰਫ ਇੱਕ ਸਕੂਲ ਨਵਾਂ ਖੋਲਿਆ ਜਦਕਿ ਸੱਤ ਸਕੂਲ ਉਸ ਨੇ ਬੰਦ ਕੀਤੇ ਹਨ। ਜਿਸ ਦਾ ਹਵਾਲਾ ਵੀ ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਜਾਰੀ ਕੀਤੇ ਤੱਥਾਂ ਤੋਂ ਜੱਗ ਜਾਹਿਰ ਹੋਇਆ ਹੈ। ਜਿਸ ਵਿੱਚ ਲਿਖਤੀ ਰੂਪ ਚ ਦੱਸਿਆ ਗਿਆ ਹੈ ਕਿ 16 ਮਾਰਚ 2022 ਤੋਂ 28 ਜੁਲਾਈ 2026 ਤੱਕ ਪੰਜਾਬ ਚ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਤੇ ਸਿਰਫ਼ 1 ਪ੍ਰਾਇਮਰੀ ਸਕੂਲ ਖੋਲ੍ਹਿਆ ਗਿਆ, ਜਦਕਿ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਪੱਧਰ 'ਤੇ ਕੋਈ ਨਵਾਂ ਸਕੂਲ ਨਹੀਂ ਖੋਲ੍ਹਿਆ ਗਿਆ। ਇਸ ਸਮੇਂ ਦੌਰਾਨ 6 ਪ੍ਰਾਇਮਰੀ ਅਤੇ 1 ਮਿਡਲ ਸਕੂਲ ਬੰਦ ਕੀਤਾ ਗਿਆ। ਸਰਕਾਰ ਵੱਲੋਂ ਕੁੱਲ 5 ਹਾਈ ਸਕੂਲਾਂ ਨੂੰ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਪਗ੍ਰੇਡ ਕੀਤਾ ਗਿਆ। ?ਸਰਕਾਰੀ ਅੰਕੜੇ ਹੀ ਇਹ ਸਪੱਸ਼ਟ ਕਰਦੇ ਹਨ ਕਿ 'ਸਿੱਖਿਆ ਕ੍ਰਾਂਤੀ' ਦੇ ਦਾਅਵਿਆਂ ਦੇ ਬਾਵਜੂਦ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ।

# ਸਰਕਾਰੀ ਨੌਕਰੀਆਂ 'ਤੇ ਪਹਿਲਾ ਹੱਕ ਪੰਜਾਬੀਆਂ ਦਾ ਯਕੀਨੀ ਬਣਾਇਆ ਜਾਵੇ : ਮਨਪ੍ਰੀਤ ਸਿੰਘ ਇਯਾਲੀ

ਚੰਡੀਗੜ੍ਹ 10 ਅਗਸਤ। ਅਕਾਲੀ ਦਲ ਵਾਰਿਸ ਪੰਜਾਬ ਦੇ ਦੇ ਸੀਨੀਅਰ ਆਗੂ ਅਤੇ ਮੁੱਲਾਂਪੁਰ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਵਿਧਾਨ ਸਭਾ ਸੈਸ਼ਨ ਵਿੱਚ ਸਰਕਾਰੀ ਨੌਕਰੀਆਂ ਦੇ ਮਾਮਲੇ ਵਿੱਚ ਪੰਜਾਬੀ ਨੌਜਵਾਨਾਂ ਦੇ ਹੱਕ ਉਪਰ ਪੈ ਰਹੇ ਡਾਕੇ ਨੂੰ ਰੋਕਣ ਲਈ ਆਵਾਜ਼ ਬੁਲੰਦ ਕੀਤੀ। ਇਯਾਲੀ ਨੇ ਸਰਕਾਰੀ ਨੌਕਰੀਆਂ ਦੇ ਮੁੱਦੇ ਨੂੰ ਚੁੱਕਦੇ ਹੋਏ ਸਰਕਾਰ ਤੋਂ ਮੰਗ ਕੀਤੀ ਕਿ,ਸਰਕਾਰ ਜਾਣਕਾਰੀ ਮੁਹੱਈਆ ਕਰਵਾਏ, ਕਿ ਦੂਜੇ ਸੂਬਿਆਂ ਦੇ ਨੌਜਵਾਨਾਂ ਨੂੰ ਕਿੰਨੀਆਂ ਨੌਕਰੀਆਂ ਦਿੱਤੀਆਂ ਗਈਆਂ। ਇਯਾਲੀ ਨੇ ਸਪੱਸ਼ਟ ਕੀਤਾ ਕਿ, ਉਹ ਦੂਜੇ ਸੂਬਿਆਂ ਦੇ ਨੌਜਵਾਨਾਂ ਨੌਕਰੀ ਦੇਣ ਦਾ ਵਿਰੋਧ ਦਰਜ ਨਹੀਂ ਕਰਵਾ ਰਹੇ, ਪਰ ਇਹ ਯਕੀਨੀ ਬਣਾਇਆ ਜਾਵੇ ਕਿ ਇਹਨਾਂ ਨੌਕਰੀਆਂ ਉੱਪਰ ਪਹਿਲਾ ਹੱਕ ਪੰਜਾਬ ਦੇ ਨੌਜਵਾਨਾਂ ਲਈ ਰਾਖਵਾਂ ਹੋਵੇ। ਮਨਪ੍ਰੀਤ ਸਿੰਘ ਇਯਾਲੀ ਨੇ ਫ਼?ਕਰਮੰਦੀ ਪ੍ਰਗਟਾਉਂਦੇ ਹੋਏ ਕਿਹਾ ਕਿ, ਅੱਜ ਪੰਜਾਬ ਦਾ ਨੌਜਵਾਨ ਰੁਜ਼ਗਾਰ ਦੇ ਘੱਟ ਰਹੇ ਮੌਕਿਆਂ ਕਾਰਨ, ਵਿਦੇਸ਼ ਜਾਣ ਲਈ ਮਜਬੂਰ ਹੈ। ਵਿਦੇਸ਼ੀ ਧਰਤੀ 'ਤੇ ਪੰਜਾਬ ਦੇ ਨੌਜਵਾਨ ਨੂੰ ਮਜਬੂਰੀ ਵੱਸ ਜ਼ਿੰਦਗੀ ਕੱਟਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਜਿੱਥੇ ਇਸ ਦੁਖਾਂਤ ਉਪਰ ਸਰਦਾਰ ਇਯਾਲੀ ਨੇ ਚਿੰਤਾ ਪ੍ਰਗਟ ਕਰਦੇ ਹੋਏ ਸਭ ਦਾ ਇਸ ਗੰਭੀਰ ਮੁੱਦੇ ਉਪਰ ਧਿਆਨ ਦਿਵਾਇਆ ਉਥੇ ਹੀ ਸਰਕਾਰ ਤੋਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਕਿ,ਅੱਜ ਸਮੇਂ ਦੀ ਲੋੜ ਹੈ ਕਿ ਨੌਜਵਾਨਾਂ ਨੂੰ ਆਤਮ ਨਿਰਭਰ ਅਤੇ ਹੁਨਰਮੰਦ ਬਣਾਉਣ ਲਈ ਸਕਿਲ ਟ?ਰੇਨਿੰਗ ਜਰੀਏ ਕਾਮਯਾਬ ਕੀਤਾ ਜਾਵੇ। ਇਸ ਲਈ ਸਰਕਾਰ ਨੂੰ ਗੰਭੀਰਤਾ ਲਈ ਕੰਮ ਕਰਨਾ ਪਵੇਗਾ। ਨੌਜਵਾਨ ਵਰਗ ਦੀ ਕਾਬਲੀਅਤ ਨੂੰ ਪੇਸ਼ੇਵਰ ਕਿੱਤੇ ਨਾਲ ਜੋੜਨ ਦਾ ਉਦਮ ਕਰਨਾ ਪਵੇਗਾ। ਨੌਜਵਾਨਾਂ ਦੀ ਕਾਬਲੀਅਤ ਨੂੰ ਕਮਰਸ਼ੀਅਲ ਰੂਪ ਦੇਕੇ ਓਹਨਾਂ ਨੂੰ ਨਿੱਜੀ ਤੌਰ 'ਤੇ ਆਰਥਿਕ ਪੱਖ ਤੋਂ ਮਜ਼ਬੂਤ ਕਰਨ ਲਈ ਕਦਮ ਉਠਾਉਣ ਦੀ ਵੱਡੀ ਲੋੜ ਹੈ। ਇਸ ਦੇ ਨਾਲ ਹੀ ਇਯਾਲੀ ਨੇ ਜ਼ਿੰਦਗੀ ਬਸ਼ਰ ਕਰਨ ਲਈ ਲੰਮੇ ਤੋਂ ਡੀਸੀ ਰੇਟ ਨਾ ਵਧਾਏ ਜਾਣ ਤੇ ਚਿੰਤਾ ਪ੍ਰਗਟ ਕੀਤੀ। ਓਹਨਾਂ ਮੰਗ ਕੀਤੀ ਕਿ ਕਿਸੇ ਵੀ ਨੌਕਰੀ ਲਈ ਮਹੀਨਾ ਮਿਹਨਤਾਨੇ ਨੂੰ ਘੱਟੋ ਘੱਟ 30 ਹਜ਼ਾਰ ਰੁਪਏ ਕੀਤਾ ਜਾਵੇ। ਇਸ ਦੇ ਨਾਲ ਹੀ ਮਨਪ੍ਰੀਤ ਸਿੰਘ ਇਯਾਲੀ ਨੇ ਮੁਲਜ਼ਮ ਵਰਗ ਨਾਲ ਜੁੜੀਆਂ ਮੰਗਾਂ ਵੱਲ ਸਰਕਾਰ ਦਾ ਧਿਆਨ ਦਿਵਾਉਂਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਨੇ ਸਰਕਾਰ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮ ਵਰਗ ਨਾਲ ਵੱਡੇ ਵਾਅਦੇ ਕੀਤੇ ਸੀ ਪਰ ਅਫਸੋਸ ਹੈ ਕਿ ਸਰਕਾਰ ਵਿੱਚ ਆਉਣ ਤੋਂ ਬਾਅਦ ਸਰਕਾਰ ਨੇ ਇਹਨਾਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਮੁਲਾਜ਼ਮ ਵਰਗ ਨੂੰ ਆਪਣੇ ਡੀਏ ਦੇ ਬਕਾਏ ਲਈ ਕੋਰਟ ਦਾ ਰੁਖ਼ ਕਰਨਾ ਪਿਆ। ਸਰਦਾਰ ਇਯਾਲੀ ਨੇ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਰੂਪ ਵਿੱਚ ਮੁਲਾਜ਼ਮ ਵਰਗ ਨਾਲ ਜੁੜੇ ਮੁੱਦਿਆਂ ਅਤੇ ਮੰਗਾਂ ਨੂੰ ਸਰਕਾਰ ਪੂਰਾ ਕਰੇ। ਇਸ ਦੇ ਨਾਲ ਹੀ ਇਯਾਲੀ ਨੇ ਸਰਕਾਰ ਵਲੋਂ ਲਿਆਂਦੇ ਜਾਣ ਵਾਲੇ ਮਤਿਆਂ ਨੂੰ ਪੇਸ਼ ਕਰਨ ਦੇ ਸਮੇਂ ਉਪਰ ਸਰਕਾਰ ਨੂੰ ਘੇਰਿਆ। ਇਯਾਲੀ ਨੇ ਕਿਹਾ ਕਿ ਸਰਕਾਰ ਕਿਸੇ ਵੀ ਮਤੇ ਨੂੰ ਸਦਨ ਵਿੱਚ ਲਿਆਉਣ ਤੋਂ ਪਹਿਲਾਂ ਸਾਰੇ ਵਿਧਾਇਕ ਸਾਹਿਬਾਨ ਨੂੰ ਉਸ ਮਤੇ ਨਾਲ ਜੁੜੇ ਖਰੜੇ ਨੂੰ ਇੱਕ ਦਿਨ ਪਹਿਲਾਂ ਜ਼ਰੂਰ ਦੇਣ ਦੀ ਕਿਰਪਾਲਤਾ ਕਰੇ ਤਾਂ ਜੋ ਸਮਾਂ ਰਹਿੰਦੇ ਅਤੇ ਮਤੇ ਉਪਰ ਆਪਣੀ ਰਾਇ ਰੱਖਣ ਲਈ ਤਿਆਰੀ ਦਾ ਸਮਾਂ ਮਿਲ ਸਕੇ।

# ਪੰਜਾਬ 'ਚ ਭਾਜਪਾ ਦੀ ਸਰਕਾਰ ਬਣਨ 'ਤੇ ਕਰਮਚਾਰੀਆਂ ਨੂੰ ਮਿਲੇਗਾ ਉਨ੍ਹਾਂ ਦਾ ਪੂਰਾ ਹੱਕ : ਸ਼ਵੇਤ ਮਲਿਕ

ਜਲੰਧਰ 10 ਅਗਸਤ। ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਜਲੰਧਰ 'ਚ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਪੰਜਾਬ ਦੇ ਹਰ ਵਰਗ ਨਾਲ ਵਾਅਦਾਖਿਲਾਫ਼ੀ ਕੀਤੀ ਹੈ। ਸਰਕਾਰ ਨੇ ਜਿੱਥੇ ਉਦਯੋਗਪਤੀਆਂ, ਵਪਾਰੀਆਂ, ਔਰਤਾਂ, ਨੌਜਵਾਨਾਂ, ਕਿਸਾਨਾਂ ਅਤੇ ਵਿਦਿਆਰਥੀ ਵਰਗ ਨੂੰ ਧੋਖਾ ਦਿੱਤਾ, ਉਥੇ ਹੀ ਸਰਕਾਰੀ ਕਰਮਚਾਰੀਆਂ ਨੂੰ ਵੀ ਆਪਣੇ ਅਧਿਕਾਰਾਂ ਲਈ ਹਾਈਕੋਰਟ ਜਾਣਾ ਪਿਆ। ਮਲਿਕ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸੂਬੇ ਦੇ ਲਗਭਗ 6 ਲੱਖ ਕਰਮਚਾਰੀਆਂ ਅਤੇ ਪੈਨਸ਼ਨਧਾਰਕਾਂ ਦਾ ਬਕਾਇਆ ਮਹਿੰਗਾਈ ਭੱਤਾ ਅਤੇ ਮਹਿੰਗਾਈ ਰਾਹਤ 15 ਦਿਨ ਤੋਂ ਇਕ ਮਹੀਨੇ ਅੰਦਰ ਜਾਰੀ ਕਰਨ ਦਾ ਨਿਰਦੇਸ਼ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਜੇਕਰ ਤੈਅ ਸਮੇਂ ਵਿਚ ਭੁਗਤਾਨ ਨਾ ਹੋਇਆ ਤਾਂ ਬਕਾਇਆ ਰਾਸ਼ੀ 'ਤੇ 6 ਫੀਸਦੀ ਸਾਲਾਨਾ ਸਾਧਾਰਨ ਵਿਆਜ ਦੇਣਾ ਹੋਵੇਗਾ। ਕਰਮਚਾਰੀਆਂ ਦਾ ਪੈਸਾ ਮਿਲਣ ਤਕ ਗੈਰ-ਜ਼ਰੂਰੀ ਪ੍ਰਚਾਰ 'ਤੇ ਕੋਈ ਖਰਚ ਨਹੀਂ ਕੀਤਾ ਜਾਵੇਗਾ। ਪੰਜਾਬ ਦੇ ਮੁੱਖ ਸਕੱਤਰ ਨੂੰ 31 ਅਗਸਤ ਤਕ ਅਦਾਲਤ ਵਿਚ ਅਨੁਪਾਲਨ ਹਲਫਨਾਮਾ ਜਾਰੀ ਕਰਨ ਦਾ ਵੀ ਹੁਕਮ ?ਦੱਤਾ। ਮਲਿਕ ਨੇ ਕਿਹਾ ਕਿ ਚੋਣ ਮੈਨੀਫੈਸਟੋ ਵਿਚ ਕੀਤੇ ਗਏ ਵਾਅਦਿਆਂ ਦੇ ਪੂਰਾ ਨਾ ਹੋਣ 'ਤੇ ਸੂਬੇ ਦੇ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਲਗਾਤਾਰ ਸੜਕਾਂ 'ਤੇ ਉਤਰ ਰਹੇ ਹਨ। ਕਈ ਮੌਕਿਆਂ 'ਤੇ ਉਨ੍ਹਾਂ ਦੀ ਆਵਾਜ਼ ਦਬਾਉਣ ਲਈ ਉਨ੍ਹਾਂ 'ਤੇ ਲਾਠੀਚਾਰਜ ਕੀਤਾ ਜਾ ਰਿਹਾ ਹੈ। ਬਰਨਾਲਾ ਵਿਚ ਹੋਏ ਲਾਠੀਚਾਰਜ ਵਿਚ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਦੇ ਬਾਹਰ ਵੋਕੇਸ਼ਨਲ ਟੀਚਰਜ਼ ਫਰੰਟ ਦੇ ਅਧਿਆਪਕਾਂ 'ਤੇ ਪੁਲਸ ਨੇ ਵਾਟਰ ਕੈਨਨ ਦੀ ਵਰਤੋਂ ਕੀਤੀ ਅਤੇ ਕਈ ਅਧਿਆਪਕਾਂ ਨੂੰ ਹਿਰਾਸਤ ਵਿਚ ਲਿਆ ਗਿਆ। ਰੋਡਵੇਜ਼, ਬਿਜਲੀ ਵਿਭਾਗ ਅਤੇ ਆਮ ਆਦਮੀ ਕਲੀਨਿਕ ਦੇ ਕਰਮਚਾਰੀ ਲੰਮੇ ਸਮੇਂ ਤੋਂ ਰੈਗੂਲਰਾਈਜ਼ੇਸ਼ਨ ਦੀ ਮੰਗ ਨੂੰ ਲੈ ਕੇ ਹੜਤਾਲ 'ਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣਨ 'ਤੇ ਕਰਮਚਾਰੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਪਹਿਲ ਦੇ ਆਧਾਰ 'ਤੇ ਦਿੱਤਾ ਜਾਵੇਗਾ। ਭਾਜਪਾ ਦੀ ਸਰਕਾਰ ਇਹ ਯਕੀਨੀ ਕਰੇਗੀ ਕਿ ਕਿਸੇ ਵੀ ਕਰਮਚਾਰੀ ਅਤੇ ਮਜ਼ਦੂਰ ਦੀ ਤਨਖਾਹ ਇਕ ਦਿਨ ਵੀ ਲੇਟ ਨਾ ਹੋਵੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਸੱਤਾ ਵਿਚ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਸਰਕਾਰ ਨੂੰ ਦਿੱਲੀ ਦੇ ਨੇਤਾ ਰਿਮੋਟ ਕੰਟਰੋਲ ਨਾਲ ਚਲਾ ਰਹੇ ਹਨ। ਇਸ ਮੌਕੇ ਪੰਜਾਬ ਭਾਜਪਾ ਦੇ ਉਪ ਪ੍ਰਧਾਨ ਰਾਕੇਸ਼ ਰਾਠੌਰ, ਸੂਬਾ ਸਕੱਤਰ ਅਮਰਜੀਤ ਸਿੰਘ ਅਮਰੀ, ਕਰਮਜੀਤ ਸਿੰਘ ਚੌਧਰੀ, ਪ੍ਰਧਾਨ ਅਸ਼ੋਕ ਸਰੀਨ ਹਿੱਕੀ, ਸੁਸ਼ੀਲ ਸ਼ਰਮਾ, ਰਮਨ ਪੱਬੀ, ਰਾਜੇਸ਼ ਕਪੂਰ, ਮਨੀਸ਼ ਵਿਜ ਆਦਿ ਹਾਜ਼ਰ ਸਨ।

## ਸਿਹਤ ਵਿਭਾਗ ਦੀ ਟੀਮ ਵੱਲੋਂ ਲਾਰਵੇ ਦੀ ਜਾਂਚ

ਭੁੱਚੋ ਮੰਡੀ 10 ਅਗਸਤ। ਡੇਂਗੂ ਦੀ ਰੋਕਥਾਮ ਅਤੇ ਲੋਕਾਂ ਨੂੰ ਇਸ ਬਿਮਾਰੀ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਖੇਤਰੀ ਟੀਮ ਵੱਲੋਂ ਭੁੱਚੋ ਮੰਡੀ ਅਤੇ ਆਸ-ਪਾਸ ਦੇ ਇਲਾਕਿਆਂ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਟੀਮ ਵੱਲੋਂ ਫੀਲਡ ਵਿੱਚ ਚੱਲ ਰਹੇ ਡੇਂਗੂ ਸਰਵੇ ਦੀ ਜਾਂਚ ਕਰਨ ਦੇ ਨਾਲ-ਨਾਲ ਮੱਛਰਾਂ ਦੇ ਲਾਰਵੇ ਦੀ ਵੀ ਜਾਂਚ ਕੀਤੀ ਗਈ। ਸਿਹਤ ਵਿਭਾਗ ਦੇ ਕਰਮਚਾਰੀ ਰਾਜਵਿੰਦਰ ਸਿੰਘ ਰੰਗੀਲਾ ਨੇ ਦੱਸਿਆ ਕਿ ਚੰਡੀਗੜ੍ਹ ਤੋਂ ਪਹੁੰਚੀ ਟੀਮ ਵਿੱਚ ਡਾ. ਮਯੂਰ ਆਹਲੂਵਾਲੀਆ, ਮੈਡੀਕਲ ਅਫ਼ਸਰ, ਗੁਰਮੁੱਖ ਸਿੰਘ ਅਤੇ ਵਿਜੇ ਸੂਦ, ਲੈਬ ਅਟੈਂਡੈਂਟ ਸ਼ਾਮਲ ਸਨ। ਟੀਮ ਨੇ ਫੀਲਡ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਕੀਤੇ ਜਾ ਰਹੇ ਡੇਂਗੂ ਸਰਵੇ ਅਤੇ ਲਾਰਵੇ ਦੀ ਜਾਂਚ ਸਬੰਧੀ ਕਾਰਜਾਂ ਦਾ ਜਾਇਜ਼ਾ ਲਿਆ। ਇਸੇ ਦੌਰਾਨ ਟੀਮ ਵੱਲੋਂ ਲਹਿਰਾ ਬੇਗਾ ਸਥਿਤ ਸਵਾਮੀ ਦਯਾਨੰਦ ਕਾਲਜ ਵਿੱਚ ਪਹੁੰਚ ਕੇ ਵੱਖ-ਵੱਖ ਥਾਵਾਂ 'ਤੇ ਲਾਰਵੇ ਦੀ ਜਾਂਚ ਕੀਤੀ ਗਈ। ਇਸ ਮੌਕੇ ਸਿਹਤ ਵਿਭਾਗ ਨਥਾਣਾ ਦੀ ਟੀਮ ਵੱਲੋਂ ਕਾਲਜ ਦੇ ਵਿਦਿਆਰਥੀਆਂ ਨੂੰ ਡੇਂਗੂ ਬੁਖਾਰ ਦੇ ਕਾਰਨਾਂ, ਇਸ ਤੋਂ ਬਚਾਅ ਅਤੇ ਮੱਛਰਾਂ ਦੀ ਪੈਦਾਵਾਰ ਰੋਕਣ ਸਬੰਧੀ ਜਾਗਰੂਕ ਕੀਤਾ ਗਿਆ।ਸਿਹਤ ਸੁਪਰਵਾਈਜ਼ਰ ਸੁਰਜੀਤ ਸਿੰਘ ਨੇ ਬੱਚਿਆਂ ਨੂੰ ਅਪੀਲ ਕੀਤੀ

# ਸੰਜੀਵ ਅਰੋੜਾ ਦੀ ਵਿਗੜੀ ਸਿਹਤ, ਦਿਲ ਸਿਰ.ਫ 40% ਕਰ ਰਿਹਾ ਕੰਮ; ਹਾਈ ਕੋਰਟ ਨੇ ਸਪੈਸ਼ਲ ਕੋਰਟ ਜਾਣ ਦਾ ਦਿੱਤਾ ਨਿਰਦੇਸ਼

ਕੌਮੀ ਪਤ੍ਰਿਕਾ

ਚੰਡੀਗੜ੍ਹ 10 ਅਗਸਤ। ਪੰਜਾਬ ਦੇ ਸਾਬਕਾ ਮੰਤਰੀ ਸੰਜੀਵ ਅਰੋੜਾ, ਜੋ ਕਿ ਕਥਿਤ ਈਡੀ ਮਾਮਲੇ ਵਿੱਚ ਜੇਲ੍ਹ ਵਿੱਚ ਹਨ, ਨੇ ਖਰਾਬ ਸਿਹਤ ਦਾ ਹਵਾਲਾ ਦਿੰਦੇ ਹੋਏ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਜ਼ਮਾਨਤ ਮੰਗੀ ਹੈ। ਮਾਮਲੇ ਦੀ ਸੁਣਵਾਈ ਦੌਰਾਨ, ਉਨ੍ਹਾਂ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਜੇਲ੍ਹ ਵਿੱਚ ਉਨ੍ਹਾਂ ਨੂੰ ਲੋੜੀਂਦੀਆਂ ਸਿਹਤ ਸਹੂਲਤਾਂ ਉਪਲਬਧ ਨਹੀਂ ਹਨ ਅਤੇ ਉਨ੍ਹਾਂ ਦੀ ਹਾਲਤ ਲਗਾਤਾਰ ਵਿਗੜਦੀ ਜਾ ਰਹੀ ਹੈ। ਵਕੀਲ ਨੇ ਦਲੀਲ ਦਿੱਤੀ ਕਿ ਸੰਜੀਵ ਅਰੋੜਾ ਦਿਲ ਦੀ ਬਿਮਾਰੀ ਤੋਂ ਪੀੜਤ ਸਨ। ਉਨ੍ਹਾਂ ਦਾ ਦਿਲ ਸਿਰਫ਼ 40 ਪ੍ਰਤੀਸ਼ਤ ਸਮਰੱਥਾ 'ਤੇ ਕੰਮ ਕਰ ਰਿਹਾ ਹੈ, ਉਨ੍ਹਾਂ ਦੀਆਂ ਧਮਨੀਆਂ ਬੰਦ ਹਨ ਅਤੇ ਉਨ੍ਹਾਂ ਨੂੰ ਤੁਰੰਤ ਐਂਜੀਓਗ੍ਰਾਫੀ ਦੀ ਲੋੜ ਹੈ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਜੇਲ੍ਹ ਵਿੱਚ ਉਨ੍ਹਾਂ ਦਾ ਭਾਰ ਲਗਭਗ ਅੱਠ ਕਿਲੋਗ੍ਰਾਮ ਘੱਟ ਗਿਆ ਹੈ। ਅਜਿਹੇ ਵਿੱਚ, ਉਨ੍ਹਾਂ ਨੂੰ ਨਿਯਮਤ ਜ਼ਮਾਨਤ



ਦਿੱਤੀ ਜਾਣੀ ਚਾਹੀਦੀ ਹੈ ਜਾਂ ਘੱਟੋ-ਘੱਟ ਬਿਹਤਰ ਇਲਾਜ ਲਈ ਮੇਦਾਂਤਾ ਹਸਪਤਾਲ ਭੇਜਿਆ ਜਾਣਾ ਚਾਹੀਦਾ ਹੈ। ਵਕੀਲ ਨੇ ਕਿਹਾ ਕਿ ਜੇਕਰ ਅਦਾਲਤ ਠੀਕ ਸਮਝੇ ਤਾਂ ਹਿਰਾਸਤ ਵਿੱਚ ਰਹਿੰਦਿਆਂ ਵੀ ਉਨ੍ਹਾਂ ਨੂੰ ਵਿਸ਼ੇਸ਼ ਹਸਪਤਾਲ ਵਿੱਚ ਇਲਾਜ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਕਿਉਂਕਿ ਉਨ੍ਹਾਂ ਦੀ ਹਾਲਤ ਗੰਭੀਰ ਹੈ। ਸੁਣਵਾਈ ਦੌਰਾਨ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼ੁਰੂ ਵਿੱਚ ਸੰਜੀਵ ਅਰੋੜਾ ਨੂੰ ਗੁਰੂਗ੍ਰਾਮ ਵਿੱਚ ਈਡੀ ਦੀ ਵਿਸ਼ੇਸ਼ ਅਦਾਲਤ ਵਿੱਚ ਸਿਹਤ ਦੇ ਆਧਾਰ 'ਤੇ ਜ਼ਮਾਨਤ ਪਟੀਸ਼ਨ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਸੀ। ਹਾਲਾਂਕਿ, ਸੰਜੀਵ ਅਰੋੜਾ ਦੇ ਵਕੀਲ ਨੇ ਬਾਅਦ ਵਿੱਚ ਹਾਈ ਕੋਰਟ ਨੂੰ ਉਨ੍ਹਾਂ ਦੀ ਸਿਹਤ ਦੇ ਆਧਾਰ 'ਤੇ ਜ਼ਮਾਨਤ ਪਟੀਸ਼ਨ 'ਤੇ ਸਿੱਧੇ ਤੌਰ 'ਤੇ ਸੁਣਵਾਈ ਕਰਨ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਅਰੋੜਾ ਦੁਬਾਰਾ ਹੇਠਲੀ ਅਦਾਲਤ ਵਿੱਚ ਨਹੀਂ ਜਾਣਾ ਚਾਹੁੰਦੇ ਸਨ ਅਤੇ ਉਨ੍ਹਾਂ ਦੀ ਗੰਭੀਰ ਡਾਕਟਰੀ ਸਥਿਤੀ ਨੂੰ ਦੇਖਦੇ ਹੋਏ ਹਾਈ ਕੋਰਟ ਨੂੰ ਮਾਮਲੇ ਦੀ ਸੁਣਵਾਈ ਖੁਦ ਕਰਨੀ ਚਾਹੀਦੀ ਹੈ। ਹਾਈ ਕੋਰਟ ਨੇ ਬੇਨਤੀ ਸਵੀਕਾਰ ਕਰ ਲਈ। ਅਦਾਲਤ ਨੇ ਫੈਸਲਾ ਕੀਤਾ ਕਿ ਸਿਹਤ ਦੇ ਆਧਾਰ 'ਤੇ ਦਾਇਰ ਜ਼ਮਾਨਤ ਪਟੀਸ਼ਨ ਦੀ ਸੁਣਵਾਈ ਹੁਣ ਸਿੱਧੇ ਤੌਰ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਹੋਵੇਗੀ। ਮਾਮਲੇ ਦੀ ਅਗਲੀ ਸੁਣਵਾਈ 210 ਅਗਸਤ ਨੂੰ ਹੋਣੀ ਹੈ। ਹੁਣ 210 ਅਗਸਤ ਨੂੰ, ਹਾਈ ਕੋਰਟ ਸੰਜੀਵ ਅਰੋੜਾ ਦੀ ਡਾਕਟਰੀ ਸਥਿਤੀ, ਇਲਾਜ ਦੀ ਜ਼ਰੂਰਤ ਅਤੇ ਸਿਹਤ ਦੇ ਆਧਾਰ 'ਤੇ ਜ਼ਮਾਨਤ ਦੀ ਮੰਗ 'ਤੇ ਵਿਸਥਾਰ ਨਾਲ ਵਿਚਾਰ ਕਰੇਗਾ।

# ਭ੍ਰਿਸ਼ਟਾਚਾਰ ਦੇ ਮਾਮਲੇ 'ਚ ਮੁਅੱਤਲ ਡੀਆਈਜੀ ਭੁੱਲਰ ਦੀ ਜ਼ਮਾਨਤ 'ਤੇ ਫੈਸਲਾ ਰਾਖਵਾਂ, ਹਾਈ ਕੋਰਟ 'ਚ ਡੇਢ ਘੰਟਾ ਚੱਲੀ ਬਹਿਸ

ਕੌਮੀ ਪਤ੍ਰਿਕਾ

ਚੰਡੀਗੜ੍ਹ 10 ਅਗਸਤ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬੁੱਧਵਾਰ ਨੂੰ ਪੰਜਾਬ ਪੁਲਿਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਦੀ ਨਿਯਮਤ ਜ਼ਮਾਨਤ ਪਟੀਸ਼ਨ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਕਰੀਬ ਡੇਢ ਘੰਟੇ ਤੱਕ ਚੱਲੀ ਇਸ ਕੇਸ ਦੀ ਵਿਸਥਾਰਤ ਸੁਣਵਾਈ ਦੌਰਾਨ ਭੁੱਲਰ ਦੀ ਤਰਫੋਂ ਸੀਨੀਅਰ ਵਕੀਲਾਂ ਨੇ ਜ਼ਮਾਨਤ ਦੇ ਹੱਕ ਵਿੱਚ ਦਲੀਲਾਂ ਦਿੱਤੀਆਂ, ਜਦੋਂ ਕਿ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਇਸ ਦਾ ਵਿਰੋਧ ਕੀਤਾ। ਦੋਵਾਂ ਧਿਰਾਂ ਦੀਆਂ ਦਲੀਲਾਂ ਪੂਰੀਆਂ ਹੋਣ ਤੋਂ ਬਾਅਦ ਹਾਈ ਕੋਰਟ ਨੇ ਫੈਸਲਾ ਰਾਖਵਾਂ ਰੱਖ ਲਿਆ ਹੈ। ਭੁੱਲਰ ਭ੍ਰਿਸ਼ਟਾਚਾਰ ਦੇ ਇੱਕ ਕੇਸ ਵਿੱਚ ਗ੍ਰਿਫ਼ਤਾਰ ਹਨ ਅਤੇ ਇਸ ਤੋਂ ਪਹਿਲਾਂ ਵੀ ਹਾਈ ਕੋਰਟ ਵੱਲੋਂ ਉਨ੍ਹਾਂ ਦੀ ਨਿਯਮਤ ਜ਼ਮਾਨਤ ਪਟੀਸ਼ਨ ਰੱਦ ਕੀਤੀ ਜਾ ਚੁੱਕੀ ਹੈ। ਇਸ ਤੋਂ ਬਾਅਦ ਉਸ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ, ਪਰ ਉੱਥੇ ਵੀ ਉਸ ਨੂੰ ਰੈਗੂਲਰ ਜ਼ਮਾਨਤ ਨਹੀਂ ਮਿਲੀ। ਹਾਲਾਂਕਿ, 10 ਅਪ੍ਰੈਲ ਨੂੰ ਸੁਪਰੀਮ ਕੋਰਟ ਨੇ ਜ਼ਮਾਨਤ ਦੀ ਅਰਜ਼ੀ ਨੂੰ ਰੱਦ ਕਰਦੇ ਹੋਏ ਉਸ ਨੂੰ ਆਜ਼ਾਦੀ ਦਿੱਤੀ ਸੀ ਕਿ ਜੇਕਰ ਦੋ ਮਹੀਨਿਆਂ ਦੇ ਅੰਦਰ ਉਸ ਖਿਲਾਫ ਮੁਕੱਦਮਾ ਸ਼ੁਰੂ ਨਹੀਂ ਹੁੰਦਾ ਹੈ, ਤਾਂ ਉਹ ਮੁੜ ਸਮਰੱਥ ਅਦਾਲਤ ਵਿੱਚ ਨਿਯਮਤ ਜ਼ਮਾਨਤ ਲਈ ਅਰਜ਼ੀ ਦੇ ਸਕਦਾ ਹੈ। ਇਸ ਛੋਟ ਦੇ ਆਧਾਰ 'ਤੇ ਭੁੱਲਰ ਨੇ ਇਕ ਵਾਰ ਫਿਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਨਵੀਂ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਹੈ। ਭੁੱਲਰ ਵੱਲੋਂ ਦਾਇਰ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਮਾਮਲੇ ਦੀ ਜਾਂਚ ਮੁਕੰਮਲ ਹੋ ਚੁੱਕੀ ਹੈ ਅਤੇ




ਸੀਬੀਆਈ ਨੇ ਅਦਾਲਤ ਵਿੱਚ ਚਾਰਜਸ਼ੀਟ ਵੀ ਦਾਖ਼ਲ ਕਰ ਦਿੱਤੀ ਹੈ। ਪਟੀਸ਼ਨ 'ਚ ਇਹ ਵੀ ਕਿਹਾ ਗਿਆ ਸੀ ਕਿ ਜ਼ਿਆਦਾਤਰ ਗਵਾਹ ਸਰਕਾਰੀ ਅਧਿਕਾਰੀ ਹਨ ਅਤੇ ਪਟੀਸ਼ਨਕਰਤਾ ਖੁਦ ਮੁਅੱਤਲ ਹੈ। ਅਜਿਹੀ ਸਥਿਤੀ ਵਿੱਚ ਉਸ ਵੱਲੋਂ ਗਵਾਹਾਂ ਨੂੰ ਪ੍ਰਭਾਵਿਤ ਕਰਨ ਜਾਂ ਸਬੂਤਾਂ ਨਾਲ ਛੇੜਛਾੜ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ। ਇਨ੍ਹਾਂ ਹਾਲਾਤਾਂ ਨੂੰ ਦੇਖਦੇ ਹੋਏ ਉਸ ਨੂੰ ਰੈਗੂਲਰ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ। ਦੂਜੇ ਪਾਸੇ ਸੁਣਵਾਈ ਦੌਰਾਨ ਸੀਬੀਆਈ ਨੇ ਜ਼ਮਾਨਤ ਦਾ ਵਿਰੋਧ ਕਰਦਿਆਂ ਆਪਣਾ ਪੱਖ ਪੇਸ਼ ਕੀਤਾ। ਦੋਵਾਂ ਧਿਰਾਂ ਦੀਆਂ ਦਲੀਲਾਂ ਪੂਰੀਆਂ ਹੋਣ ਤੋਂ ਬਾਅਦ ਹਾਈਕੋਰਟ ਨੇ ਕੇਸ ਦਾ ਫੈਸਲਾ ਰਾਖਵਾਂ ਰੱਖ ਲਿਆ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਪੀੜਤਾ ਨੇ ਦੱਸਿਆ ਕਿ ਉਹ ਮੂਲ ਰੂਪ 'ਚ ਦਿੱਲੀ ਦੀ ਰਹਿਣ ਵਾਲੀ ਹੈ ਅਤੇ ਇਸ ਸਮੇਂ ਕੈਨੇਡਾ 'ਚ ਰਹਿੰਦੀ ਹੈ। ਉਹ ਆਪਣੀ ਮਾਂ ਅਤੇ ਭਰਾ ਨਾਲ ਆਪਣੇ ਭਰਾ ਲਈ ਵਿਸ਼ੇਸ਼ ਪੂਜਾ ਕਰਨ ਲਈ ਲੁਧਿਆਣਾ ਆਈ ਸੀ। ਪਰਿਵਾਰ ਨੇ ਹੋਟਲ ਰੈਡੀਸਨ ਬਲੂ 'ਚ ਕਮਰਾ ਬੁੱਕ ਕਰਵਾਇਆ ਸੀ। ਸ਼ਿਕਾਇਤ ਅਨੁਸਾਰ ਰਾਹੁਲ ਸੂਦ ਨੇ ਆਪਣੇ ਭਰਾ ਦੇ ਉੱਜਵਲ ਭਵਿੱਖ ਲਈ ਵਿਸ਼ੇਸ਼ ਪੂਜਾ ਦਾ ਆਯੋਜਨ ਕਰਨ ਦੀ ਗੱਲ ਕੀਤੀ ਅਤੇ ਹੋਟਲ ਪਹੁੰਚ ਗਿਆ।

# ਰਾਹ ਜਾਂਦੇ ਲੋਕਾਂ ਤੋਂ ਲੁੱਟਾਂ-ਖੋਹਾਂ ਕਰਨ ਵਾਲੇ ਚੜ੍ਹੇ ਪੁਲਸ ਅੜਿੱਕੇ

ਫ਼ਾਜ਼ਿਲਕਾ 10 ਅਗਸਤ। ਫਾਜ਼ਿਲਕਾ ਪੁਲਸ ਵੱਲੋਂ ਮਾੜੇ ਅਨਸਰਾਂ ਖ਼?ਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਮੁਹਿੰਮ ਦੇ ਤਹਿਤ ਥਾਣਾ ਵੈਰੋਕਾ ਪੁਲਸ ਵੱਲੋਂ ਇਕ ਮੋਟਰਸਾਈਕਲ ਸਵਾਰ (ਮਹਿਲਾ ਸਰਪੰਚ ਦੇ ਪਤੀ) ਤੋਂ ਨਕਦੀ ਖੋਹ ਕੇ ਫਰਾਰ ਹੋਏ ਤਿੰਨ ਨਕਾਬਪੋਸ਼ ਮੋਟਰਸਾਈਕਲ ਸਵਾਰਾਂ ਨੂੰ ਮੁਕੱਦਮਾ ਦਰਜ ਹੋਣ ਤੋਂ 24 ਘੰਟਿਆਂ ਦੇ ਅੰਦਰ ਅੰਦਰ ਟ?ਰੇਸ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਗਈ ਹੈ। ਮਦਨ ਲਾਲ ਵਾਸੀ ਪਿੰਡ ਛੱਪੜੀ ਵਾਲਾ ਨੇ ਥਾਣਾ ਵੈਰੋਕਾ ਵਿਖੇ ਇਤਲਾਹ ਦਿੱਤੀ ਕਿ ਉਹ ਮਿਤੀ 22 ਜੁਲਾਈ 2026 ਨੂੰ ਵਕਤ ਕਰੀਬ 3:30 ਵਜੇ ਬਾਅਦ ਦੁਪਹਿਰ ਉਹ ਆਪਣੇ ਮੋਟਰਸਾਇਕਲ ਤੇ ਸਵਾਰ ਹੋ ਕੇ ਜਲਾਲਾਬਾਦ ਤੋਂ ਆਪਣੇ ਪਿੰਡ ਜਾ ਰਿਹਾ ਸੀ ਤਾਂ ਪਿੰਡ ਜੈਮਲ ਵਾਲਾ ਨੇੜੇ ਤਿੰਨ ਅਣਪਛਾਤੇ ਵਿਅਕਤੀਆਂ ਨੇ ਉਸ ਤੇ ਹਮਲਾ ਕਰ ਦਿੱਤਾ ਅਤੇ ਉਸ ਤੋਂ 49,500/—ਰੁਪਏ ਦੀ ਨਕਦੀ ਖੋਹ ਕੇ ਲੈ ਗਏ। ਜੋ ਮੁਦਈ ਦੇ ਬਿਆਨ ਮੁਤਾਬਿਕ ਮੁਕੱਦਮਾ ਨੰਬਰ 112 ਮਿਤੀ 22—7—2026 ਜੁਰਮ 304,112 ਬੀ.ਐਨ.ਐਸ ਥਾਣਾ ਵੈਰੋਕਾ ਨਾਮਾਲੂਮ ਦੋਸ਼ੀਆਂ ਖਿਲਾਫ ਦਰਜ ਰਜਿਸਟਰ ਕਰਕੇ ਕਾਰਵਾਈ ਅਮਲ ਵਿਚ ਲਿਆਂਦੀ ਗਈ। ਲਵਦੀਪ ਸਿੰਘ ਗਿੱਲ ਡੀ.ਐੱਸ.ਪੀ (ਸਥਾਨਿਕ) ਫਾਜਿਲਕਾ, ਵਾਧੂ ਚਾਰਜ ਡੀ.ਐੱਸ.ਪੀ ਸਬ ਡਵੀਜਨ ਜਲਾਲਾਬਾਦ ਦੀ ਅਗਵਾਈ ਹੇਠ ਅਤੇ ਐੱਸ.ਆਈ ਪਰਗਟ ਸਿੰਘ ਮੁੱਖ ਅਫਸਰ ਥਾਣਾ ਵੈਰੋਕਾ ਜਲਾਲਾਬਾਦ ਦੀ ਨਿਗਰਾਨੀ ਹੇਠ ਦੋਸ਼ੀਆਂ ਨੂੰ ਟ?ਰੇਸ ਕਰਨ ਲਈ ਵੱਖ ਵੱਖ ਟੀਮਾਂ ਬਣਾਈਆਂ ਗਈਆਂ। ਇਹਨਾਂ ਟੀਮਾਂ ਵੱਲੋਂ ਘਟਨਾ ਦੇ ਆਸ ਪਾਸ ਅਤੇ ਲਾਗਲੇ ਪਿੰਡਾਂ ਵਿੱਚ ਲੱਗੇ ਸੀ.ਸੀ.ਟੀ.ਵੀ ਕੈਮਰੇ ਖੰਗਾਲੇ ਗਏ। ਮੁਕੱਦਮਾ ਦਰਜ ਹੋਣ ਤੋਂ 24 ਘੰਟੇ ਦੇ ਅੰਦਰ ਅੰਦਰ ਨੂੰ ਘਟਨਾ ਨੂੰ ਅੰਜਾਮ ਦੇਣ ਵਾਲੇ ਤਿੰਨੋ ਦੋਸ਼ੀਆਂ 1. ਕਰਨ ਸਿੰਘ ਪੁੱਤਰ ਰੁਲੀਆ ਸਿੰਘ 2. ਪ੍ਰਿੰਸ ਪੁੱਤਰ ਸੁਖਵਿੰਦਰ ਸਿੰਘ ਵਾਸੀਆਨ ਗੋਬਿੰਦ ਨਗਰੀ ਜਲਾਲਾਬਾਦ ਅਤੇ 3. ਰਾਹੁਲ ਪੁੱਤਰ ਮਾਂਗੀ ਲਾਲ ਵਾਸੀ ਟਿੱਬੇ ਵਾਲੀ ਬਸਤੀ ਗੁਰੂ ਹਰਸਹਾਏ (ਜਿਲਾ ਫਿਰੋਜਪੁਰ) ਨੂੰ ਟ?ਰੇਸ ਕਰ ਲਿਆ ਗਿਆ। ਜਿਨ੍ਹਾਂ ਨੂੰ ਗ੍ਰਿਫਤਾਰ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਦੋਸ਼ੀਆਂ ਦੀ ਮੁੱਢਲੀ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਦੋਸ਼ੀ ਗੁਰੂ ਹਰਸਹਾਏ, ਗੋਲੂਕਾ, ਜਲਾਲਾਬਾਦ, ਬਾਹਮਣੀ ਵਾਲਾ, ਲਾਧੂਕਾ ਅਤੇ ਹੋਰ ਆਸਪਾਸ ਦੇ ਇਲਾਕਿਆਂ ਵਿੱਚ ਮੋਟਰਸਾਈਕਲਾਂ ਤੇ ਘੁੰਮਦੇ ਰਹਿੰਦੇ ਸਨ ਅਤੇ ਸੁੰਨਸਾਨ ਥਾਵਾਂ ਤੇ ਰਾਹ ਜਾਦੇ ਮੋਟਰ ਸਾਈਕਲ ਸਵਾਰਾਂ ਨੂੰ ਹਥਿਆਰਾਂ ਦਾ ਡਰ ਦੇ ਕੇ ਆਪਣਾ ਨਿਸ਼ਾਨਾ ਬਣਾ ਕੇ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਜਿਨ੍ਹਾਂ ਵੱਲੋਂ ਜਿਆਦਾਤਰ ਨਕਦੀ, ਮੋਬਾਇਲ ਫੋਨ ਅਤੇ ਪਰਸ ਖੋਹੇ ਜਾਂਦੇ ਸਨ। ਦੋਸ਼ੀ ਕਰਨ ਅਤੇ ਪ੍ਰਿੰਸ ਦੇ ਖਿਲਾਫ ਪਹਿਲਾਂ ਵੀ ਚੋਰੀ ਅਤੇ ਲੁੱਟਾਂ ਖੋਹਾਂ ਕਰਨ ਦੇ ਮੁਕੱਦਮੇ ਦਰਜ।

## 30 ਸਾਲ ਛੋਟੀ ਭਤੀਜੀ ਨੂੰ ਭਜਾ ਕੇ ਲੈ ਗਿਆ ਫੁੱਫੜ, ਵਿਆਹ ਕਰਵਾ ਕੇ ਦੋਵਾਂ ਨੇ ਖਾ ਲਿਆ ਜ਼ਹਿਰ

ਖੰਡਵਾ 10 ਅਗਸਤ। ਮੱਧ ਪ੍ਰਦੇਸ਼ ਦੇ ਖੰਡਵਾ ਤੋਂ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇੱਥੇ 15 ਸਾਲਾ ਕੁੜੀ ਨੂੰ ਉਸ ਦਾ ਫੁੱਫੜ ਘਰੋਂ ਦੌੜਾ ਕੇ ਲੈ ਗਿਆ। ਪਰਿਵਾਰ ਨੂੰ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੇ ਫੁੱਫੜ ਨਾਲ ਸੰਪਰਕ ਕਰ ਕੇ ਘਰ ਬੁਲਾਇਆ। ਘਰ ਆਉਂਦੇ ਸਮੇਂ ਦੋਵਾਂ ਨੇ ਜ਼ਹਿਰ ਖਾ ਲਿਆ। ਦੋਵਾਂ ਨੂੰ ਜ਼ਿਲ੍ਹਾ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਇਲਾਜ ਦੌਰਾਨ ਨਾਬਾਲਗ ਕੁੜੀ ਨੇ ਦਮ ਤੋੜ ਦਿੱਤਾ। ਉੱਥੇ ਹੀ ਫੁੱਫੜ ਦੀ ਹਾਲਤ ਗੰਭੀਰ ਹੈ। ਦੂਜੇ ਪਾਸੇ ਪੋਸਟਮਾਰਟਮ ਦੌਰਾਨ ਮ੍ਰਿਤਕਾ ਦੀ ਮਾਂਗ 'ਚ ਸਿੰਦੂਰ ਅਤੇ ਗਲੇ 'ਚ ਮੰਗਲਸੂਤਰ ਸੀ। ਇਸ ਤੋਂ ਸਪੱਸ਼ਟ ਹੋਇਆ ਕਿ 45 ਸਾਲਾ ਫੁੱਫੜ ਨੇ ਨਾਬਾਲਗ ਕੁੜੀ ਨਾਲ ਵਿਆਹ ਕਰ ਲਿਆ ਸੀ। ਦੋਵਾਂ ਦੀ ਉਮਰ 'ਚ ਫਾਸਲੇ ਦਾ ਅੰਦਾਜਾ ਇਸ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਫੁੱਫੜ ਦੇ ਬੱਚਿਆਂ ਦਾ ਵੀ ਵਿਆਹ ਹੋ ਚੁੱਕਿਆ ਹੈ। ਸ਼ੁਰੂਆਤੀ ਜਾਂਚ 'ਚ ਸਾਹਮਣੇ ਆਇਆ ਕਿ 19 ਜੂਨ ਭਤੀਜੀ ਨੂੰ ਘਰੋਂ ਦੌੜਾ ਕੇ ਫੁੱਫੜ ਪਿੰਡ ਲੈ ਗਿਆ। 20 ਜੂਨ ਨੂੰ ਉਸ ਦੇ ਸਹੁਰੇ ਪਰਿਵਾਰ ਨਾਲ ਚਰਚਾ ਹੋਈ। ਫੁੱਫੜ ਨੂੰ ਲੱਗ ਰਿਹਾ ਸੀ ਕਿ ਕੁੜੀ ਬਾਲਗ ਹੈ ਅਤੇ ਕਰੀਬ 20 ਸਾਲ ਦੀ ਹੈ। ਬਾਅਦ 'ਚ ਸਹੁਰੇ ਪਰਿਵਾਰ ਨੇ ਦੱਸਿਆ ਕਿ ਧੀ ਨਾਬਾਲਗ ਹੈ। ਉਸ ਦੀ ਉਮਰ ਸਿਰਫ਼ 15 ਸਾਲ 8 ਮਹੀਨੇ ਹੈ। ਇਸ ਤੋਂ ਫੁੱਫੜ ਡਰ ਗਿਆ। ਉਸ ਨੂੰ ਲੱਗਾ ਕਿ ਪੁਲਸ 'ਚ ਸ਼ਿਕਾਇਤ ਹੋਵੇਗੀ ਅਤੇ ਉਸ 'ਤੇ ਕਾਰਵਾਈ ਵੀ ਹੋ ਸਕਦੀ ਹੈ। ਇਸ ਲਈ ਉਸ ਨੇ ਭਤੀਜੀ ਨਾਲ ਜਾਨ ਦੇਣ ਦਾ ਫੈਸਲਾ ਕੀਤਾ। ਐਤਵਾਰ ਨੂੰ ਪਿੰਡ ਤੋਂ ਸਹੁਰੇ ਆਉਂਦੇ ਸਮੇਂ ਪੰਧਾਨਾ ਤੋਂ ਪਹਿਲੇ ਦੀਵਾਲ ਪਿੰਡ ਕੋਲ ਉਸ ਨੇ ਬਾਈਕ ਰੋਕੀ ਅਤੇ ਨਾਬਾਲਗ ਨਾਲ ਜ਼ਹਿਰ ਖਾ ਲਿਆ। ਰਾਹਗੀਰਾਂ ਨੇ ਐਂਬੂਲੈਂਸ ਨੂੰ ਸੂਚਨਾ ਦਿੱਤੀ। ਦੋਵਾਂ ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ। ਉੱਥੋਂ ਡਾਕਟਰਾਂ ਨੇ ਖੰਡਵਾ ਰੈਫਰ ਕਰ ਦਿੱਤਾ। ਜ਼ਿਲ੍ਹਾ ਹਸਪਤਾਲ 'ਚ ਇਲਾਜ ਦੌਰਾਨ ਭਤੀਜੀ ਨੇ ਦਮ ਤੋੜ ਦਿੱਤਾ। ਉੱਥੇ ਹੀ ਫੁੱਫੜ ਦੀ ਹਾਲਤ ਗੰਭੀਰ ਹੈ। ਪੋਸਟਮਾਰਟਮ ਰਿਪੋਰਟ ਦੇ ਆਧਾਰ 'ਤੇ ਫੁੱਫੜ ਖ਼?ਲਾਫ਼ ਮਾਮਲਾ ਦਰਜ ਕੀਤਾ ਜਾਵੇਗਾ। ਪਰਿਵਾਰ ਨੇ ਫੁੱਫੜ 'ਤੇ ਕੁੜੀ ਦੇ ਕਤਲ ਦਾ ਦੋਸ਼ ਲਗਾਇਆ ਹੈ।

# ਆਖਿਰ ਕਿਉਂ ਪੰਜਾਬ 'ਚ ਵਧ ਰਿਹਾ ਨਾਰਮਲ ਡਿਲੀਵਰੀ ਦੀ ਜਗਹਾ ਸੀਜ਼ੇਰੀਅਨ ਦਾ ਰੁਝਾਨ ? ਸਿਹਤ ਮੰਤਰੀ ਨੇ ਦੱਸੇ ਇਹ ਵੱਡੇ ਕਾਰਨ

ਕੌਮੀ ਪਤ੍ਰਿਕਾ

ਚੰਡੀਗੜ੍ਹ 10 ਅਗਸਤ। ਪੰਜਾਬ ਦੇ ਕੁਝ ਨਿੱਜੀ ਹਸਪਤਾਲਾਂ 'ਚ ਨਾਰਮਲ ਦੀ ਜਗ?ਹਾ ਸੀਜ਼ੇਅਰਨ ਰਾਹੀਂ ਜਣੇਪੇ ਕਰਨ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਖਡੂਰ ਸਾਹਿਬ ਤੋਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਇਹ ਸਵਾਲ ਵਿਧਾਨ ਸਭਾ 'ਚ ਉਠਾਇਆ। ਉਨ੍ਹਾਂ ਸਰਕਾਰ ਤੋਂ ਪੁੱਛਿਆ ਕਿ ਪ੍ਰਾਈਵੇਟ ਹਸਪਤਾਲਾਂ 'ਚ ਨਾਰਮਲ ਡਿਲੀਵਰੀ ਦੀ ਬਜਾਏ ਆਪਰੇਸ਼ਨ ਕਰਵਾਉਣ ਦਾ ਰੁਝਾਨ ਜ਼ਿਆਦਾ ਕਿਉਂ ਹੈ ਤੇ ਕੀ ਇਸ ਸਬੰਧੀ ਸਰਕਾਰ ਵੱਲੋਂ ਕੋਈ ਨਿਯਮ ਜਾਂ ਫੀਸ ਦੀ ਵੱਧ ਤੋਂ ਵੱਧ ਸੀਮਾ ਤੈਅ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਦੇ ਜਵਾਬ 'ਚ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੰਨਿਆ ਕਿ ਪੰਜਾਬ ਦੇ ਨਿੱਜੀ ਹਸਪਤਾਲਾਂ 'ਚ ਸੀਜ਼ੇਰੀਅਨ ਸੈਕਸ਼ਨ ਦੀ ਦਰ ਉੱਚੀ ਹੈ, ਪਰ ਇਹ ਕਈ ਹੋਰ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲੋਂ ਘੱਟ ਹੈ। NFHS-6 ਦੇ ਹਵਾਲੇ ਨਾਲ ਮੰਤਰੀ ਨੇ ਦੱਸਿਆ ਕਿ ਨਿੱਜੀ ਸਿਹਤ ਸੰਸਥਾਵਾਂ 'ਚ 3-Section ਦੀ ਦਰ ਜੰਮੂ-ਕਸ਼ਮੀਰ 'ਚ 90 ਫ਼ੀਸਦੀ, ਪੱਛਮੀ ਬੰਗਾਲ 'ਚ 87.7 ਫ਼ੀਸਦੀ ਤੇ ਤੇਲੰਗਾਨਾ'ਚ 83.9 ਫ਼ੀਸਦੀ ਦਰਜ ਕੀਤੀ ਗਈ ਹੈ। ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ 'ਚ C-Section ਦੀ ਵੱਧ ਰਹੀ ਦਰ ਨੂੰ ਸਮਾਜਿਕ ਤੇ ਪ੍ਰਜਣਨ ਸਬੰਧੀ ਬਦਲਾਵਾਂ ਦੇ ਸੰਦਰਭ 'ਚ ਦੇਖਣ ਦੀ ਲੋੜ ਹੈ। ਉੱਚ ਸਿੱਖਿਆ, ਕਰੀਅਰ ਪ੍ਰਤੀ ਵਧ ਰਹੀ ਰੁਚੀ ਤੇ ਦੇਰੀ ਨਾਲ ਵਿਆਹ ਹੋਣ ਕਾਰਨ ਪਹਿਲੀ ਪ੍ਰੈਗਨੈਂਸੀ ਦੀ ਉਮਰ 'ਚ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਛੋਟੇ ਪਰਿਵਾਰ ਦੀ ਧਾਰਨਾ ਕਾਰਨ ਜੋੜੇ ਆਪਣੀ ਯੋਜਨਾਬੱਧ ਪ੍ਰੈਗਨੈਂਸੀ 'ਚ ਵਧੇਰੇ



ਸੁਰੱਖਿਅਤ ਮੰਨੇ ਜਾਣ ਵਾਲੇ ਜਨਮ ਦੇ ਢੰਗ ਨੂੰ ਤਰਜੀਹ ਦਿੰਦੇ ਹਨ। ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਡਾਕਟਰੀ ਲੋੜ ਅਨੁਸਾਰ ਕੀਤੇ ਜਾਣ ਵਾਲੇ C-Section ਸਮੇਤ ਜਣੇਪਾ ਸੇਵਾਵਾਂ ਮੁਫ਼ਤ ਤੇ ਕੈਸ਼ਲੈੱਸ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਇਸ ਦਾ ਮਕਸਦ ਲਾਭਪਾਤਰੀਆਂ ਨੂੰ ਬਿਨਾਂ ਵਿੱਤੀ ਬੋਝ ਦੇ ਸਮੇਂ ਸਿਰ ਐਮਰਜੈਂਸੀ ਜਣੇਪਾ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਜਣੇਪੇ ਸੰਬੰਧੀ ਡਾਕਟਰੀ ਸੰਕੇਤਾਂ ਅਨੁਸਾਰ ਸੀਜ਼ੇਰੀਅਨ ਸੈਕਸ਼ਨ ਦਾ ਢੁਕਵਾਂ ਇਸਤੇਮਾਲ ਸੂਬੇ 'ਚ ਮਾਵਾਂ ਤੇ ਨਵਜੰਮੇ ਬੱਚਿਆਂ ਦੇ ਸਿਹਤ ਨਤੀਜਿਆਂ 'ਚ ਸੁਧਾਰ ਲਿਆਉਣ 'ਚ ਸਹਾਇਕ ਸਾਬਿਤ ਹੋਇਆ ਹੈ। ਪੰਜਾਬ ਨੇ ਆਪਣੀ ਮਾਤਾ ਮੌਤ ਦਰ ਨੂੰ ਪ੍ਰਤੀ 1,00,000 ਪਿੱਛੇ 90 ਤੋਂ ਘਟਾ ਕੇ 77 ਤਕ ਲਿਆਂਦਾ ਹੈ। ਇਸੇ ਤਰ੍ਹਾਂ, ਰਾਜ ਵਿਚ ਸ਼ਿਸ਼ੂ ਮੌਤ ਦਰ ਪ੍ਰਤੀ 1,000 ਪਿੱਛੇ 16 ਤੇ ਨਵਜੰਮੇ ਬੱਚਿਆਂ ਦੀ ਮੌਤ ਦਰ ਪ੍ਰਤੀ 1,000 ਪਿੱਛੇ 11 ਦਰਜ ਕੀਤੀ ਗਈ ਹੈ। ਇਹ ਉਪਲਬਧੀਆਂ ਰਾਜ 'ਚ ਮਾਤਾ ਤੇ ਨਵਜੰਮੇ ਬੱਚਿਆਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਗੁਣਵੱਤਾ, ਪਹੁੰਚਯੋਗਤਾ ਤੇ ਸਮੇਂ ਸਿਰ ਉਪਲਬਧਤਾ ਵਿੱਚ ਹੋਏ ਲਗਾਤਾਰ ਸੁਧਾਰ ਨੂੰ ਦਰਸਾਉਂਦੀਆਂ ਹਨ। ਸਰਕਾਰ ਵੱਲੋਂ ਨਾਰਮਲ ਵੈਜਾਈਨਲ ਡਿਲੀਵਰੀ ਨੂੰ ਉਤਸ਼ਾਹਿਤ ਕਰਨ ਤੇ ਅਣ-ਲੋੜੀਂਦੇ C-Section ਨੂੰ ਘਟਾਉਣ ਲਈ ਮਿਡਵਾਈਫਰੀ ਅਧਾਰਿਤ ਸੇਵਾਵਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਤਹਿਤ ਪਟਿਆਲਾ 'ਚ ਇਕ ਨੈਸ਼ਨਲ ਮਿਡਵਾਈਫਰੀ ਟ?ਰੇਨਿੰਗ ਇੰਸਟੀਚਿਊਟ ਤੇ ਗੁਰਦਾਸਪੁਰ, ਜਲੰਧਰ ਅਤੇ ਰੂਪਨਗਰ 'ਚ ਤਿੰਨ ਸਟੇਟ ਮਿਡਵਾਈਫਰੀ ਟ?ਰੇਨਿੰਗ ਇੰਸਟੀਚਿਊਟ ਸਥਾਪਿਤ ਕੀਤੇ ਗਏ ਹਨ। ਇਸ ਤੋਂ ਇਲਾਵਾ ਸਰਕਾਰੀ ਸਿਹਤ ਅਦਾਰਿਆਂ 'ਚ ਕੀਤੇ ਜਾਣ ਵਾਲੇ C-Section ਦੀ ਨਿਯਮਤ ਆਡਿਟ ਤੇ ਸਮੀਖਿਆ ਕਰਨ ਲਈ ਸਮੇਂ-ਸਮੇਂ 'ਤੇ ਸਾਰੇ ਜ਼ਿਲ੍ਹਾ ਸਿਹਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ।